ISSN 2394-8507
ਭੇਟਾ : ₹ ੫/-

ਮਾਸਿਕ


# ਗੁਰਮਤਿ ਪ੍ਰਕਾਸ਼

ਜਿਲਦ : ੬੯ ਮੱਘਰ-ਪੋਹ ਸੰਮਤ ਨਾਨਕਸ਼ਾਹੀ ੫੫੭ ਦਸੰਬਰ ੨੦੨੫ ਅੰਕ : ੯
Vol. : 69 December 2025 Issue : 9

ਵਿਸ਼ੇਸ਼ ਅੰਕ

## ਗੁਰਦੁਆਰਾ ਰਕਾਬ ਗੰਜ ਸਾਹਿਬ, ਦਿੱਲੀ
## (ਸਸਕਾਰ ਅਸਥਾਨ ਪਾ: ਨੌਵੀਂ)






ਗੁਰਦੁਆਰਾ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ,
ਬਾਬਾ ਬਕਾਲਾ ਸਾਹਿਬ



ਗੁਰਦੁਆਰਾ ਨਾਨਕਸਰ ਸਾਹਿਬ
ਪਾਤਸ਼ਾਹੀ ਨੌਵੀਂ, ਹਕੀਮਪੁਰ
(ਸ਼ਹੀਦ ਭਗਤ ਸਿੰਘ ਨਗਰ)



ਗੁਰਦੁਆਰਾ ਸ੍ਰੀ ਥੜ੍ਹਾ ਸਾਹਿਬ ਪਾਤਸ਼ਾਹੀ ਨੌਵੀਂ,
ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।



ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਨੌਵੀਂ,
ਸ੍ਰੀ ਅੰਮ੍ਰਿਤਸਰ ਸਾਹਿਬ।

੧ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮੱਘਰ-ਪੋਹ, ਸੰਮਤ ਨਾਨਕਸ਼ਾਹੀ ੫੫੭ ਦਸੰਬਰ 2025

ਜਿਲਦ ੬੯ (Vol. 69) ਅੰਕ ੦੯ (Issue 09)



ਸੰਪਾਦਕ
ਸਤਵਿੰਦਰ ਸਿੰਘ

ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com
gyan_gurmat@yahoo.com


ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫ਼ਲਸਫ਼ਾ | -ਡਾ. ਦਲਵਿੰਦਰ ਸਿੰਘ | ੮ |
| ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੧੫ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਦਾਰਸ਼ਨਿਕ ਅਧਿਐਨ | -ਡਾ. ਗੁੰਜਨਜੋਤ ਕੌਰ | ੧੭ |
| ਦਸੰਬਰ ੨੦੨੫ ਅਤੇ ਜਨਵਰੀ ੨੦੨੬ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੨੪ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਸਿਮਰਨ... | -ਡਾ. ਸੁਰਿੰਦਰ ਸਿੰਘ ਕੈਥਲ | ੨੫ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਸੁਚੱਜੀ ਜੀਵਨ-ਜਾਚ ਨਾਲ ਸੰਬੰਧਿਤ ਅਹਿਮ ਪਹਿਲੂ | -ਡਾ. ਅਜੈਪਾਲ ਸਿੰਘ | ੩੧ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਅਜੋਕੇ ਯੁੱਗ ਵਿਚ ਪ੍ਰਸੰਗਿਕਤਾ | -ਪ੍ਰਿੰ. ਇੰਦਰਜੀਤ ਸਿੰਘ ਵਾਸੂ | ੩੬ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਆਲਮੀ ਦ੍ਰਿਸ਼ਟੀਕੋਣ | -ਡਾ. ਰਾਜਿੰਦਰ ਸਿੰਘ ਕੁਰਾਲੀ | ੪੭ |
| ਅਧਿਆਤਮਿਕਤਾ ਅਤੇ ਸੰਸਾਰਕ ਸੰਘਰਸ਼ ਦਾ ਸੰਤੁਲਨ... | -ਡਾ. ਗਗਨਦੀਪ ਸਿੰਘ | ੫੨ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਸਕਾਰ ਦੀ ਵਾਰਤਾ | -ਡਾ. ਅਮਨ ਸਿੰਘ ਕਤਲੌਰ | ੫੯ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | -ਡਾ. ਮਨਿੰਦਰ ਕੌਰ | ੬੬ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਆਏ ਦ੍ਰਿਸ਼ਟਾਂਤ | -ਡਾ. ਹਰਪ੍ਰੀਤ ਸਿੰਘ ਨਾਜ਼ | ੭੧ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਪ੍ਰਚਾਰ ਯਾਤਰਾਵਾਂ | -ਡਾ. ਆਤਮਾ ਸਿੰਘ | ੭੭ |
| 'ਕੁਰਬਾਨੀ ਦਾ ਸ਼ਹਿਨਸ਼ਾਹ': ਇਕ ਨਵੀਂ ਲੱਭਤ | -ਡਾ. ਧਰਮ ਸਿੰਘ | ੮੨ |
| ਗੁਰਮਤਿ ਦੇ ਅਨਮੋਲ ਵਿਚਾਰ | -ਭਾਈ ਰੇਸ਼ਮ ਸਿੰਘ | ੮੬ |
| ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ (ਕਵਿਤਾ) | -ਕਵੀਸ਼ਰ ਮਲਕੀਤ ਸਿੰਘ ਵਰਪਾਲ | ੮੯ |
| ਮਾਨਵਤਾ ਦੇ ਗੁਰੂ: ਸ੍ਰੀ ਗੁਰੂ ਗੋਬਿੰਦ ਸਿੰਘ ਜੀ | -ਡਾ. ਰੂਪ ਸਿੰਘ | ੯੧ |
| ਰਾਗੁ ਸੋਰਠਿ | -ਮਾ. ਬਲਬੀਰ ਸਿੰਘ ਹੰਸਪਾਲ | ੯੮ |
| ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ | -ਡਾ. ਜਗਜੀਤ ਸਿੰਘ | ੧੦੦ |
| ਧਰਮ ਦੀ ਚਾਦਰ (ਕਵਿਤਾ) | -ਡਾ. ਹਰਦੇਵ ਸਿੰਘ | ੧੦੭ |
| ਖ਼ਬਰਨਾਮਾ | | ੧੦੮ |

# ਗੁਰਬਾਣੀ ਵਿਚਾਰ

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੇ ਮਾਧਿਅਮ ਦੁਆਰਾ ਜੀਵ ਨੂੰ ਸਮਝਾਉਂਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਪਤੀ ਰੂਪੀ ਪ੍ਰਭੂ ਦੇ ਨਾਮ ਨਾਲ ਸਾਂਝ ਪਾਈ ਹੈ ਅਰਥਾਤ ਜਿਸ ਨੇ ਆਪਣਾ ਮਨ ਪ੍ਰਭੂ ਦੀ ਸਿਫਤ-ਸਾਲਾਹ ਵਿਚ ਜੋੜਿਆ ਹੈ, ਵਿਕਾਰਾਂ ਰੂਪੀ ਠੰਡ ਉਸ ਦਾ ਕੁਝ ਨਹੀਂ ਵਿਗਾੜ ਸਕਦੀ। ਉਸ ਦਾ ਚਿੱਤ/ਮਨ ਅਰਥਾਤ ਉਸ ਦਾ ਇੱਕ-ਇੱਕ ਸਾਹ ਹਮੇਸ਼ਾਂ ਹੀ ਪ੍ਰਭੂ ਦੇ ਦੀਦਾਰਾਂ ਦੀ ਚਾਹ ਵਿਚ ਜੁੜਿਆ ਰਹਿੰਦਾ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਜਗਤ ਦੇ ਮਾਲਕ ਅਤੇ ਪਾਲਣਹਾਰ ਪ੍ਰਭੂ ਦਾ ਆਸਰਾ ਲਿਆ ਹੈ, ਉਸ ਨੇ ਹੀ ਪ੍ਰਭੂ-ਪਤੀ ਦੀ ਸੇਵਾ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਸ ਨੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤੀ ਹੈ, ਉਸ ਨੂੰ ਮਾਇਆ ਰੂਪੀ ਹਨੇਰਾ ਛੋਹ ਵੀ ਨਹੀਂ ਸਕਦਾ। ਅਜਿਹੀ ਜੀਵ ਇਸਤਰੀ ਹਮੇਸ਼ਾਂ ਉਸ ਪਰਮਾਤਮਾ ਦੀ ਹੀ ਸਿਫਤ-ਸਾਲਾਹ ਵਿਚ ਜੁੜੀ ਰਹਿੰਦੀ ਹੈ ਅਰਥਾਤ ਉਸ ਦੀ ਲਿਵ ਪ੍ਰਭੂ ਦੀ ਹੀ ਪ੍ਰੀਤ ਵਿਚ ਲੀਨ ਰਹਿੰਦੀ ਹੈ ਜਿਸ ਤੋਂ ਉਸ ਨੇ ਜਨਮ ਲਿਆ ਹੈ। ਅਸਲ ਵਿਚ ਪਰਮਾਤਮਾ ਨੇ ਹੀ ਅਜਿਹੀ ਜੀਵ ਇਸਤਰੀ ਨੂੰ ਹੱਥ ਫੜ ਕੇ ਆਪਣੇ ਨਾਲ ਜੋੜਿਆ ਹੁੰਦਾ ਹੈ ਅਤੇ ਉਹ ਕਦੀ ਵੀ ਉਸ ਤੋਂ ਵਿਛੜਦੀ ਨਹੀਂ। ਗੁਰੂ ਸਾਹਿਬ ਦੱਸਦੇ ਹਨ ਕਿ ਅਜਿਹਾ ਸੱਜਣ ਰੂਪੀ ਪਰਮਾਤਮਾ ਅਪਹੁੰਚ ਹੈ। ਉਸ ਦੇ ਗੁਣਾਂ ਦੀ ਡੂੰਘਾਈ ਤਕ ਨਹੀਂ ਪਹੁੰਚਿਆ ਜਾ ਸਕਦਾ। ਮੈਂ ਅਜਿਹੇ ਪਰਮਾਤਮਾ ਤੋਂ ਲੱਖ ਵਾਰ ਕੁਰਬਾਨ ਜਾਂਦਾ ਹਾਂ ਜੋ ਦਰ ਆਇਆਂ/ਸਰਣ ਪਿਆਂ ਦੀ ਲਾਜ ਰੱਖਦਾ ਹੈ। ਪਰਮਾਤਮਾ ਬਹੁਤ ਹੀ ਨਰਮ-ਦਿਲ ਵਾਲਾ ਦਿਆਲੂ ਹੈ। ਉਸ ਨੂੰ ਆਪਣੇ ਸਰਣ ਪਏ ਭਗਤਾਂ ਦੀ ਲਾਜ ਰੱਖਣੀ ਹੀ ਪੈਂਦੀ ਹੈ। ਗੁਰੂ ਸਾਹਿਬ ਅੰਤ ਵਿਚ ਫੁਰਮਾਨ ਕਰਦੇ ਹਨ ਕਿ ਹੇ ਨਾਨਕ! ਜਿਸ ਜੀਵ ਉੱਤੇ ਬੇਪਰਵਾਹ ਦਿਆਲੂ ਪਰਮਾਤਮਾ ਮਿਹਰ ਦੀ ਨਿਗਾਹ ਪਾਉਂਦਾ ਹੈ, ਉਸ ਨੂੰ ਸਾਰੇ ਹੀ ਸੁੱਖ ਮਿਲ ਜਾਂਦੇ ਹਨ ਫਿਰ ਉਸ ਨੂੰ ਪੋਹ ਦੀ ਕਕਰੀਲੀ ਠੰਡ ਵਾਲਾ ਮਹੀਨਾ ਵੀ ਨਿੱਘਾ ਅਤੇ ਸੁਹਾਵਣਾ ਲੱਗਦਾ ਹੈ। ■

ਸੰਪਾਦਕੀ...

# ਧਰਮ ਰੱਖਿਅਕ ਸਤਿਗੁਰ

*ਨਾਨਕ ਨਿਰਮਲ ਪੰਥ ਦੇ ਰੂਹਾਨੀ ਮਿਸ਼ਨ ਨੂੰ ਸਿਖ਼ਰ ਵੱਲ ਲਿਜਾਣ ਲਈ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ ਉੱਪਰ 'ਗੁਰੂ ਕੇ ਮਹਿਲ' ਵਿਖੇ ਪ੍ਰਕਾਸ਼ ਧਾਰਿਆ। ਬਾਬਾ ਬਕਾਲਾ ਸਾਹਿਬ ਦੀ ਧਰਤੀ ਉੱਪਰ ਗੁਰੂ ਜੀ ਲੰਮਾ ਸਮਾਂ ਅਕਾਲ ਪੁਰਖ ਦੇ ਸਿਮਰਨ ਵਿਚ ਲੀਨ ਰਹੇ। ਇਹ ਭਗਤੀ ਖਲਕਤ ਦੀ ਹੋਣੀ ਨੂੰ ਬਦਲਣ ਲਈ ਵੱਡੇ ਮਿਸ਼ਨ ਦੀ ਤਿਆਰੀ ਸੀ। ਆਪ ਜੀ ਦੇ ਮਹਿਲ ਮਾਤਾ ਗੁਜਰੀ ਜੀ ਵੀ ਭਜਨ-ਬੰਦਗੀ ਵਾਲੀ ਸ਼ਖ਼ਸੀਅਤ ਸਨ। ਮਹਾਂਬਲੀ, ਮਰਦ-ਅਗੰਮੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਾਤ-ਲੋਕ ਵਿਚ ਪ੍ਰਕਾਸ਼ ਧਾਰਨਾ ਇਸੇ ਭਗਤੀ ਦਾ ਫਲ ਸੀ।*

*ਸੰਤ-ਸਿਪਾਹੀ ਸ਼ਖ਼ਸੀਅਤ ਦੇ ਮਾਲਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰਾਖੀ ਲਈ ਸ਼ਹਾਦਤ ਦੇ ਕੇ ਮਨੁੱਖਤਾ ਉੱਪਰ ਜੋ ਉਪਕਾਰ ਕੀਤਾ ਉਹ ਜਗਤ ਅੰਦਰ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ :*

*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥ (ਬਚਿਤ੍ਰ ਨਾਟਕ)*

*ਗੁਰੂ ਜੀ ਨੇ ਜਗਤ ਨੂੰ ਅਨੰਦਮਈ ਬਣਾਉਣ ਲਈ ਮਾਖੋਵਾਲ ਦੀ ਧਰਤੀ ਨੂੰ ਭਾਗ ਲਾ ਕੇ ਇੱਥੇ ਅਨੰਦਾਂ ਦੀ ਪੁਰੀ, ਸ੍ਰੀ ਅਨੰਦਪੁਰ ਸਾਹਿਬ ਨਗਰ ਵਸਾਇਆ। ਮਨੁੱਖਤਾ ਨੂੰ **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ** ਦਾ ਰੂਹਾਨੀ ਉਪਦੇਸ਼ ਦ੍ਰਿੜ੍ਹ ਕਰਵਾਉਣ ਲਈ ਲੰਮੀਆਂ ਪ੍ਰਚਾਰ ਯਾਤਰਾਵਾਂ ਕੀਤੀਆਂ। ਗੁਰੂ ਜੀ ਨੇ ਪੰਜਾਬ ਵਿਚ ਮਾਝਾ, ਮਾਲਵਾ ਅਤੇ ਦੁਆਬਾ ਦੇ ਤਕਰੀਬਨ ੧੧੭ ਸ਼ਹਿਰਾਂ, ਕਸਬਿਆਂ, ਨਗਰਾਂ ਤੇ ਪਿੰਡਾਂ ਆਦਿ ਵਿਚ ਚਰਨ ਪਾਏ ਅਤੇ ਧਰਮ ਦਾ ਉਪਦੇਸ਼ ਦਿੱਤਾ। ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਅਤੇ ਹਰਿਆਣਾ ਦੇ ੨੮ ਦੇ ਕਰੀਬ ਸਥਾਨਾਂ ਪੁਰ ਜਾ ਕੇ ਸੰਗਤ ਨੂੰ ਤਾਰਿਆ। ਇੰਨਾ ਹੀ ਨਹੀਂ ਬਲਕਿ ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਅਤੇ ਅਸਾਮ ਤਕ ਜਾ ਕੇ ਸਰਬ-ਲੋਕਾਈ ਨੂੰ ਸੱਚ ਦੇ ਮਾਰਗ ਉੱਪਰ ਤੁਰਨ ਦਾ ਉਪਦੇਸ਼ ਦਿੱਤਾ। ਇਨ੍ਹਾਂ ਸੂਬਿਆਂ ਦੀ ਪ੍ਰਚਾਰ ਯਾਤਰਾ ਸਮੇਂ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਤੋਂ ਪਰਵਾਰ ਅਤੇ ਮੁਖੀ ਸਿੱਖਾਂ ਸਮੇਤ ਪੰਜਾਬ ਅਤੇ ਹਰਿਆਣਾ ਦੇ ਸਥਾਨਾਂ ਉੱਪਰ ਪ੍ਰਚਾਰ ਕਰਦੇ ਹੋਏ ਦਿੱਲੀ, ਹਰਿਦੁਆਰ, ਗੜ੍ਹ ਮੁਕਤੇਸ਼ਵਰ, ਮਥੁਰਾ, ਆਗਰਾ, ਇਟਾਵਾ, ਕਾਨ੍ਹਪੁਰ, ਕੜਾ ਮਾਨਕਪੁਰ, ਅਯੁੱਧਿਆ, ਨਿਜਾਮਾਬਾਦ (ਆਜ਼ਮਗੜ੍ਹ) ਜੋਨਪੁਰ, ਅਲਾਹਬਾਦ, ਅਰੋਰਾ, ਮਿਰਜਾਪੁਰ, ਵਾਰਾਣਸੀ, ਸਸਰਾਮ, ਗਯਾ ਹੁੰਦੇ ਹੋਏ ਪਟਨਾ ਸਾਹਿਬ (ਬਿਹਾਰ) ਪਹੁੰਚੇ। ਪਰਵਾਰ ਨੂੰ ਪਟਨਾ ਸਾਹਿਬ ਵਿਖੇ ਛੱਡ ਕੇ ਗੁਰੂ ਜੀ ਧਰਮ ਦਾ ਪ੍ਰਚਾਰ ਕਰਦੇ ਹੋਏ ਬਾਢਗਾਂਵ, ਮੁੰਗੇਰ, ਕੰਤਨਗਰ, ਭਾਗਲਪੁਰ, ਸਾਹਿਬ ਜੰਗ, ਰਾਜ ਮਹਿਲ, ਮਾਲਦਾ, ਮੁਰਸ਼ਦਾਬਾਦ*

*(ਮਕਸੂਦਾਬਾਦ), ਢਾਕਾ, ਧੂਬੜੀ ਆਦਿ ਗਏ। ਇਨ੍ਹਾਂ ਧਰਮ ਪ੍ਰਚਾਰ ਯਾਤਰਾਵਾਂ ਦੌਰਾਨ ਗੁਰੂ ਜੀ ਨੇ ਮਨੁੱਖਾਂ ਨੂੰ ਵੈਰ-ਵਿਰੋਧ, ਨਫਰਤ, ਝਗੜਿਆਂ ਦਾ ਤਿਆਗ ਕਰ ਕੇ ਆਪਸੀ ਪ੍ਰੇਮ-ਪਿਆਰ ਨਾਲ ਰਹਿਣ, ਇਕ ਅਕਾਲ ਪੁਰਖ ਦੀ ਭਗਤੀ ਕਰਨ, ਗ਼ਰੀਬਾਂ ਤੇ ਮਜਲੂਮਾਂ ਦੀ ਸਹਾਇਤਾ ਕਰਨ ਅਤੇ ਜਬਰ-ਜ਼ੁਲਮ ਦਾ ਮੁਕਾਬਲਾ ਕਰਦਿਆਂ ਅਣਖ ਨਾਲ ਜੀਵਨ ਜੀਉਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਲੋਕਾਈ ਨੂੰ ਜਗਤ ਦੀ ਝੂਠੀ ਪ੍ਰੀਤ ਵੱਲੋਂ ਹੋੜ ਕੇ ਸੱਚ ਦੇ ਲੜ ਲੱਗਣ ਦਾ ਉਪਦੇਸ਼ ਕੀਤਾ। ਸੱਚ ਦੇ ਢੂੰਡਾਊ ਜਿਨ੍ਹਾਂ ਨੂੰ 'ਸੱਚ' ਦੀ ਤਲਾਸ਼ ਸੀ, ਉਹ ਸਾਰੇ ਗੁਰੂ ਜੀ ਦੇ ਮੁਰੀਦ ਬਣਦੇ ਗਏ। ਇਨ੍ਹਾਂ ਅਸਥਾਨਾਂ ਉੱਪਰ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਲੰਮੀਆਂ ਧਰਮ ਪ੍ਰਚਾਰ ਯਾਤਰਾਵਾਂ ਕਰ ਚੁੱਕੇ ਸਨ, ਇਸ ਲਈ ਬਹੁਤੇ ਲੋਕ ਪਹਿਲਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਵਡਿਆਈ ਤੋਂ ਜਾਣੂ ਸਨ। ਮਨੁੱਖਤਾ ਦੇ ਉੱਧਾਰ ਲਈ ਜਿੱਥੇ-ਜਿੱਥੇ ਵੀ ਗੁਰੂ ਜੀ ਗਏ ਆਪ ਜੀ ਦੇ ਰੂਹਾਨੀ ਉਪਦੇਸ਼ ਸੁਣ ਕੇ ਸਧਾਰਨ ਮਨੁੱਖ, ਧਾਰਮਿਕ ਆਗੂ ਅਤੇ ਰਾਜੇ ਆਪ ਜੀ ਦੇ ਸ਼ਰਧਾਲੂ ਸਿੱਖ ਤੇ ਸਨੇਹੀ ਬਣ ਕੇ ਆਪਣੇ ਵੱਡੇ ਭਾਗ ਸਮਝਦੇ। ਇਸ ਤਰ੍ਹਾਂ ਗੁਰੂ ਜੀ ਦੇ ਪ੍ਰਚਾਰ ਅਸਥਾਨਾਂ ਉੱਪਰ ਸੰਗਤਾਂ ਕਾਇਮ ਹੁੰਦੀਆਂ ਗਈਆਂ।*

*ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਦਾ ਇਤਿਹਾਸ ਇੰਨਾ ਵੱਡਾ ਹੈ ਕਿ ਇਸ ਨੂੰ ਕੁਝ ਕੁ ਸੰਕੋਚਵੇਂ ਸ਼ਬਦਾਂ ਵਿਚ ਪ੍ਰਸਤੁਤ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਦੀ ਵਿਚਾਰਧਾਰਾ ਨੂੰ ਸਮਝਣ ਵਾਸਤੇ ਸਾਨੂੰ ਉਨ੍ਹਾਂ ਦੀ ਬਾਣੀ ਨੂੰ ਪੜ੍ਹ-ਸੁਣ ਕੇ ਉਸ 'ਤੇ ਅਮਲ ਕਰਨਾ ਚਾਹੀਦਾ ਹੈ, ਤਾਂ ਹੀਂ ਅਸੀਂ ਉਨ੍ਹਾਂ ਦੁਆਰਾ ਦਰਸਾਏ ਆਦਰਸ਼ਾਂ 'ਤੇ ਤੁਰਨ ਦੇ ਸਮਰੱਥ ਹੋ ਸਕਦੇ ਹਾਂ। ਗੁਰੂ ਜੀ ਦੀ ਸ਼ਹੀਦੀ ਸਮੁੱਚੀ ਮਨੁੱਖਤਾ ਦੀ ਭਲਾਈ ਅਤੇ ਬਹੁਪੱਖੀ ਅਜ਼ਾਦੀ ਦੀ ਜ਼ਾਮਨ ਹੈ। ਗੁਰੂ ਜੀ ਦੀ ਸ਼ਹਾਦਤ ਨਾਲ ਇਕ ਗੱਲ ਪੱਕੀ ਹੋ ਗਈ ਸੀ ਕਿ ਧਰਮ ਕਿਸੇ 'ਤੇ ਜਬਰੀ ਨਹੀਂ ਥੋਪਿਆ ਜਾ ਸਕਦਾ ਬਲਕਿ ਇਹ ਤਾਂ ਪ੍ਰੇਮ ਦੀ ਖੇਡ ਵਿੱਚੋਂ ਉਪਜਿਆ ਇਕ ਅਜਿਹਾ ਚਾਅ ਹੈ ਜਿਸ ਨਾਲ ਮਨੁੱਖੀ ਆਤਮਾ ਪਰਮਾਤਮਾ ਵਿਚ ਲੀਨ ਹੋ ਕੇ ਸਮੁੱਚੇ ਜਗਤ ਦਾ ਉੱਧਾਰ ਕਰ ਸਕਦੀ ਹੈ। ਨੌਵੇਂ ਗੁਰੂ ਜੀ ਦੇ ਜੀਵਨ ਤੋਂ ਸਿੱਖਿਆ ਹਾਸਲ ਕਰ ਕੇ ਅਸੀਂ ਸਾਰੇ **ਇਹ ਲੋਕ ਸੁਖੀਏ ਪਰਲੋਕ ਸੁਹੇਲੇ** ਬਣ ਸਕਦੇ ਹਾਂ। ਇਹੀ ਨੌਵੇਂ ਪਾਤਸ਼ਾਹ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।*

*ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦-ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਅਸੀਂ ਗੁਰਮਤਿ ਪ੍ਰਕਾਸ਼ ਦਾ ਹਥਲਾ ਦੂਜਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰ ਰਹੇ ਹਾਂ। ਇਸ ਵਿਚ ਵੱਖ-ਵੱਖ ਵਿਦਵਾਨਾਂ ਦੇ ਜਾਣਕਾਰੀ ਭਰਪੂਰ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਆਸ ਹੈ ਕਿ ਇਹ ਵਿਸ਼ੇਸ਼ ਅੰਕ ਪਾਠਕਾਂ ਲਈ ਲਾਹੇਵੰਦ ਹੋਵੇਗਾ।*

■

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫ਼ਲਸਫ਼ਾ

*-ਡਾ. ਦਲਵਿੰਦਰ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਫ਼ਲਸਫ਼ੇ ਨੂੰ ਜਾਣਨ ਲਈ ਸਾਡੇ ਲਈ ਸਿੱਖ ਧਰਮ ਦੇ ਮੂਲ ਫ਼ਲਸਫ਼ੇ ਬਾਰੇ ਜਾਣ ਲੈਣਾ ਜ਼ਰੂਰੀ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸਦੀਵ ਕਾਲੀ ਮਹੱਤਵਪੂਰਨ ਪ੍ਰਸੰਗਿਕਤਾ ਰੱਖਦੀਆਂ ਹਨ। ਸਮਾਨਤਾ, ਸਮਾਜਿਕ ਨਿਆਂ ਅਤੇ ਅਧਿਆਤਮਿਕ ਭਗਤੀ 'ਤੇ ਉਨ੍ਹਾਂ ਦਾ ਜ਼ੋਰ ਸਮੇਂ ਅਤੇ ਸੱਭਿਆਚਾਰ ਤੋਂ ਪਰੇ ਹੈ, ਜੋ ਆਧੁਨਿਕ ਸੰਸਾਰ ਨੂੰ ਦਰਪੇਸ਼ ਬਹੁਤ ਸਾਰੀਆਂ ਚੁਣੌਤੀਆਂ ਦਾ ਹੱਲ ਪੇਸ਼ ਕਰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਫ਼ਲਸਫ਼ੇ ਦੀ ਸਥਾਈ ਵਿਰਾਸਤ ਵੀ ਇਸੇ ਤੱਥ ਵਿਚ ਹੈ ਕਿ ਕਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਪਰਮਾਤਮਾ ਦੀ ਏਕਤਾ' (ੴ) ਦੇ ਸੰਦੇਸ਼ ਦੀ ਨਿਰੰਤਰਤਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖਤਾ ਨੂੰ ਸਾਰੇ ਡਰ (ਨਿਰਭਉ) ਅਤੇ ਹਰ ਤਰ੍ਹਾਂ ਦੇ ਵੈਰ (ਨਿਰਵੈਰ) ਤੋਂ ਮੁਕਤ ਰਹਿਣ ਲਈ ਪ੍ਰੇਰਿਤ ਕਰਦੇ ਹਨ। ਇਸੇ ਫ਼ਲਸਫ਼ੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਿਵੇਂ ਆਪਣੀ ਬਾਣੀ ਅਤੇ ਜੀਵਨ ਗਤੀਵਿਧੀਆਂ ਰਾਹੀਂ ਅੱਗੇ ਵਧਾਇਆ ਇਸ ਲਈ ਉਸ ਸਮੇਂ ਦੇ ਸੰਦਰਭ ਵੀ ਜਾਣ ਲੈਣੇ ਜ਼ਰੂਰੀ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇੱਕ ਨਿਡਰ ਅਤੇ ਨਵੀਂ ਸੇਧ ਦੇਣ ਵਾਲੇ ਗੁਰੂ ਸਨ ਜਿਨ੍ਹਾਂ ਨੇ ਪਹਿਲੇ ਗੁਰੂ ਸਾਹਿਬਾਨ ਦੇ ਦੱਸੇ ਹੋਏ ਆਸ਼ਿਆਂ ਅਨੁਸਾਰ ਬਦਲੇ ਹੋਏ ਹਾਲਾਤਾਂ ਵਿਚ ਨਵੀਆਂ ਕਦਰਾਂ-ਕੀਮਤਾਂ ਸਮਾਜ ਅੱਗੇ ਰੱਖੀਆਂ। ਉਸ ਸਮੇਂ ਭਾਰਤ ਉਤੇ ਔਰੰਗਜ਼ੇਬ ਦਾ ਰਾਜ ਸੀ ਜੋ ਕੱਟੜ ਧਾਰਮਿਕ ਮੁਸਲਮਾਨ ਸੀ ਤੇ ਹਿੰਦੂਆਂ ਅਤੇ ਦੂਜੇ ਧਰਮ ਵਾਲਿਆਂ ਨੂੰ ਮੁਸਲਮਾਨ ਬਣਾਉਣ ਉੱਤੇ ਤੁਲਿਆ ਹੋਇਆ ਸੀ। ਉਹ ਚਾਹੁੰਦਾ ਸੀ ਕਿ ਜੇ ਸਾਰਾ ਹਿੰਦੁਸਤਾਨ ਮੁਸਲਮਾਨ ਬਣ ਜਾਵੇ ਤਾਂ ਉਸ ਦਾ ਸਾਰੇ ਦੇਸ਼ ਉਤੇ ਸ਼ਾਸਨ ਵੀ ਹੋਰ ਪੱਕਾ ਹੋ ਜਾਵੇਗਾ ਅਤੇ ਉਹ ਧਰਮ ਦਾ ਵੀ ਵੱਡਾ ਖ਼ਿਦਮਤਗਾਰ ਬਣ ਜਾਵੇਗਾ। ਉਹ ਧਰਮ ਪਰਿਵਰਤਨ ਅਪਣੀ ਹਕੂਮਤ ਦਾ ਡਰ ਦੇ ਕੇ ਜਬਰਨ ਕਰਵਾ ਰਿਹਾ ਸੀ। ਪ੍ਰੰਤੂ ਇਸ ਜਬਰੀ ਧਰਮ ਬਦਲੀ ਨੇ ਹਿੰਦੂ ਧਰਮ ਵਿਚ ਚਿੰਤਾ ਤੇ ਖਲਬਲੀ ਪੈਦਾ ਕਰ ਦਿੱਤੀ ਸੀ ਤੇ ਉਹ ਆਪਣੇ ਆਪ ਨੂੰ ਅਸਹਾਇ ਮਹਿਸੂਸ ਕਰਨ ਲੱਗ ਗਏ। ਜਿਸ ਤਰ੍ਹਾਂ ਰੋਜ਼ਾਨਾ ਲੱਖਾਂ ਜੰਞੂ ਉਤਾਰੇ ਜਾਂਦੇ ਤੇ ਧਰਮ ਬਦਲੇ ਜਾਂਦੇ ਉਹ ਸਾਰੀ ਹਿੰਦੂ ਕੌਮ ਲਈ ਬੜਾ ਚਿੰਤਾ ਦਾ ਵਿਸ਼ਾ ਸੀ ਜਿਸ ਲਈ ਹਿੰਦੂ ਸਮਾਜ ਨੂੰ ਕੋਈ ਰਾਹ ਨਹੀਂ ਸੀ ਦਿਸ ਰਿਹਾ। ਇਸ ਸਮੇਂ ਔਰੰਗਜ਼ੇਬ ਜਦ ਉੱਤਰ ਭਾਰਤ ਵਿਚ ਸੀ ਤਾਂ ਉਸ ਨੇ ਕਸ਼ਮੀਰ ਦੇ ਨਵਾਬ ਇਫਤਿਖਾਰ ਖਾਨ ਨੂੰ ਇਸ ਧਰਮ ਬਦਲੀ ਮੁਹਿੰਮ ਵਿਚ ਜ਼ੋਰ

**#੧੯੨੫, ਬਸੰਤ ਐਵੀਨਿਊ, ਲੁਧਿਆਣਾ-੧੪੧੦੧੩; ਮੋ. +੯੧੯੮੧੫੩-੬੬੭੨੬*

ਦੇਣ ਲਈ ਕਿਹਾ। ਆਦੇਸ਼ ਪਾਲਦਿਆਂ ਹੀ ਇਫਤਿਖਾਰ ਖਾਨ ਨੇ ਜਦ ਕਸ਼ਮੀਰ ਦੇ ਹਿੰਦੂਆਂ ਨੂੰ ਧਰਮ ਬਦਲੀ ਕਰਨ ਦੇ ਆਦੇਸ਼ ਦਿੱਤੇ ਤਾਂ ਉਨ੍ਹਾਂ ਨੇ ਕੁਝ ਸਮਾਂ ਮੰਗਿਆ।

ਇਸ ਮੁਸੀਬਤ ਦਾ ਹੱਲ ਲੱਭਣ ਲਈ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਅਨੰਦਪੁਰ ਸਾਹਿਬ ਆਏ ਅਤੇ ਉਨ੍ਹਾਂ ਨੇ ਆਪਣਾ ਕਸ਼ਟ ਗੁਰੂ ਸਾਹਿਬ ਅੱਗੇ ਬਿਆਨ ਕੀਤਾ। ਗੁਰੂ ਸਾਹਿਬ ਜਾਣਦੇ ਸਨ ਕਿ ਇਸ ਲਈ ਕਿਸੇ ਮਹਾਨ ਪੁਰਸ਼ ਨੂੰ ਸ਼ਹੀਦੀ ਦੇਣੀ ਪਵੇਗੀ ਜੋ ਆਮ ਲੋਕਾਂ ਵਿਚ ਜ਼ੁਲਮ ਅਗੇ ਡਟਣ ਦੀ ਭਾਵਨਾ ਅਤੇ ਨਿਡਰਤਾ ਪੈਦਾ ਕਰ ਸਕੇ। ਜਦ ਗੁਰੂ ਜੀ ਨੇ ਇਹ ਹੱਲ ਪੰਡਤਾਂ ਅੱਗੇ ਰੱਖਿਆ ਤਾਂ ਉਸ ਸਮੇਂ ਪਾਸ ਖੜੇ ਬਾਲ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਕਿਹਾ ਕਿ, "ਤੁਹਾਡੇ ਬਿਨਾਂ ਸ਼ਹੀਦੀ ਹੋਰ ਕੌਣ ਦੇ ਸਕਦਾ ਹੈ, ਜੋ ਹਿੰਦੂਆਂ ਦਾ ਧਰਮ ਪਰਿਵਰਤਨ ਹੋਣ ਤੋਂ ਰੋਕ ਸਕੇ।"

ਗੁਰੂ ਸਾਹਿਬ ਨੇ ਬਾਲ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਇਸ ਵਿਚਾਰਧਾਰਾ ਨੂੰ ਸਹੀ ਜਾਣ ਕੇ ਕਸ਼ਮੀਰੀ ਪੰਡਤਾਂ ਨੂੰ ਭਰੋਸਾ ਦਿੱਤਾ ਕਿ ਉਹ ਦਿੱਲੀ ਜਾਣਗੇ ਅਤੇ ਆਪਣੇ ਆਪ ਨੂੰ ਸ਼ਹਾਦਤ ਲਈ ਭੇਟ ਕਰਨਗੇ ਕਿ ਜੇ ਉਹ ਧਰਮ ਬਦਲੀ ਨਹੀਂ ਮੰਨਦੇ ਤਾਂ ਕਸ਼ਮੀਰੀ ਪੰਡਤਾਂ ਨੂੰ ਵੀ ਜਬਰੀ ਧਰਮ ਨਾ ਕਰਵਾਇਆ ਜਾਏ। ਕਸ਼ਮੀਰੀ ਪੰਡਿਤਾਂ ਨੇ ਇਫਤਿਖਾਰ ਖਾਨ ਨੂੰ ਗੁਰੂ ਜੀ ਦਾ ਸੁਨੇਹਾ ਦੇ ਦਿੱਤਾ। ਉਸ ਨੇ ਅੱਗਿਓਂ ਔਰੰਗਜ਼ੇਬ ਨੂੰ ਸਭ ਕਹਿ ਸੁਣਾਇਆ। ਗੁਰੂ ਜੀ ਵਾਅਦੇ ਮੁਤਾਬਿਕ ਦਿੱਲੀ ਵੱਲ ਚੱਲ ਪਏ ਪਰ ਰਾਹ ਵਿਚ ਹੀ ਸ਼ਾਹੀ ਆਦੇਸ਼ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਪਹੁੰਚਾਇਆ ਗਿਆ ਜਿੱਥੇ ਉਨ੍ਹਾਂ ਨੂੰ ਧਰਮ ਬਦਲੀ ਲਈ ਮਨਾਉਣ ਖਾਤਰ ਜੇਲ੍ਹ ਵਿਚ ਰੱਖ ਕੇ ਬੜੇ ਤਸੀਹੇ ਦਿੱਤੇ ਗਏ।

ਜਦ ਗੁਰੂ ਜੀ ਨਾ ਝੁਕੇ ਤਾਂ ਗੁਰੂ ਜੀ ਦੇ ਸਾਥੀਆਂ ਨੂੰ ਬੜੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ, ਜਿਸ ਵਿਚ ਭਾਈ ਦਿਆਲਾ ਜੀ ਨੂੰ ਦੇਗੇ ਵਿਚ ਉਬਾਲਿਆ ਗਿਆ; ਭਾਈ ਮਤੀ ਦਾਸ ਜੀ ਨੂੰ ਆਰੇ ਦੇ ਨਾਲ ਚਿਰਾਇਆ ਗਿਆ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਜਿਊਂਦੇ ਸਾੜਿਆ ਗਿਆ। ਇਹ ਸਭ ਗੁਰੂ ਜੀ ਦੀਆਂ ਨਜ਼ਰਾਂ ਦੇ ਸਾਹਮਣੇ ਹੀ ਇਹ ਦਿਖਾਉਣ ਲਈ ਕੀਤਾ ਗਿਆ ਕਿ ਜੇ ਉਹ ਧਰਮ ਬਦਲਣ ਲਈ ਤਿਆਰ ਨਾ ਹੋਏ ਤਾਂ ਉਨ੍ਹਾਂ ਨੂੰ ਵੀ ਇਹੋ ਜਿਹੀ ਬੁਰੀ ਮੌਤ ਦਿੱਤੀ ਜਾਏਗੀ। ਪਰ ਗੁਰੂ ਜੀ ਅਡਿੱਗ ਰਹੇ ਤੇ ਆਖਰ ਸ਼ਹਾਦਤ ਪ੍ਰਵਾਨ ਕੀਤੀ। ਗੁਰੂ ਜੀ ਆਪਣੇ ਸ਼ਬਦਾਂ ਵਿਚ ਕਹਿੰਦੇ ਹਨ: *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥* ਗੁਰੂ ਜੀ ਨੇ ਸ਼ਹੀਦੀ ਪਾ ਕੇ ਆਪਣੇ ਸਿੱਖਾਂ ਨੂੰ ਇਹ ਸੰਦੇਸ਼ ਦੇ ਦਿੱਤਾ ਕਿ ਆਪਣੇ ਧਰਮ ਤੋਂ ਆਪਣਾ ਸਰੀਰ ਪਿਆਰਾ ਨਹੀਂ। ਪਰਮਾਤਮਾ ਨੂੰ ਆਪਣੇ ਚਿੱਤ ਵਿਚ ਰੱਖ ਕੇ ਸ਼ਹਾਦਤ ਦੇਣਾ ਕੋਈ ਕਮਜ਼ੋਰੀ ਨਹੀਂ। ਇਹ ਸਰੀਰ ਤਾਂ ਨਾਸ਼ਵਾਨ ਹੈ ਇਸ ਨੇ ਇੱਕ ਦਿਨ ਬਿਨਸਣਾ ਹੀ ਹੈ। ਚੰਗਾ ਹੈ ਕਿ ਇਹ ਧਰਮ ਅਤੇ ਲੋਕਾਂ ਦੇ ਲੇਖੇ ਲੱਗ ਜਾਏ।

ਸ਼ਹਾਦਤ ਦਾ ਇਹ ਸੰਕਲਪ ਸਿੱਖ ਧਰਮ ਵਿਚ ਅਦੁੱਤੀ ਹੈ। ਇਸ ਤੋਂ ਪਹਿਲਾਂ ਉਨ੍ਹਾਂ

ਦੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਹਾਦਤ ਖਿੜੇ ਮੱਥੇ ਤੱਤੀ ਤਵੀ 'ਤੇ ਬੈਠ ਕੇ ਸਿਰ ਵਿਚ ਗਰਮ ਰੇਤ ਪਵਾ ਕੇ ਕਬੂਲ ਕੀਤੀ ਪਰ ਆਪਣੇ ਬਚਨ ਤੋਂ ਬਦਲੇ ਨਹੀਂ। ਇਨ੍ਹਾਂ ਲੀਹਾਂ ਤੇ ਚੱਲ ਕੇ ਹੀ ਪਿੱਛੋਂ ਉਨ੍ਹਾਂ ਦੇ ਪੋਤਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦ ਹੋਏ ਅਤੇ ਪੜਪੋਤਰੇ ਗੁਰੂ ਗੋਬਿੰਦ ਸਿੰਘ, ਪੋਤ ਨੂੰਹ ਮਾਤਾ ਗੁਜਰੀ ਜੀ ਵੀ ਸ਼ਹਾਦਤ ਪ੍ਰਾਪਤ ਕਰ ਗਏ। ਲੜੀ ਅੱਗੇ ਵਧੀ ਤਾਂ ਉਨ੍ਹਾਂ ਦੇ ਚਾਰ ਪੋਤਰੇ ਵੀ ਧਰਮ ਤੋਂ ਜਾਨਾਂ ਵਾਰ ਗਏ। ਇਸ ਤੋਂ ਬਾਅਦ ਸਿੱਖੀ ਵਿਚ ਸ਼ਹਾਦਤਾਂ ਦੀਆਂ ਜੋ ਲੜੀਆਂ ਚੱਲੀਆਂ ਹਨ ਉਹ ਅਣਗਿਣਤ ਹਨ। ਇਸ ਵਿਸ਼ਵਾਸ ਸਦਕਾ ਉਨ੍ਹਾਂ ਨੇ ਸਿੱਖੀ ਨੂੰ ਇੱਕ ਨਵੀਂ ਸੇਧ ਦਿੱਤੀ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੇ ਆਮ ਲੋਕਾਂ ਵਿਚ ਹਕੂਮਤ ਦੇ ਡਰ ਨੂੰ ਖਤਮ ਕਰਨ ਦਾ ਸੰਦੇਸ਼ਾ ਦਿੱਤਾ ਤੇ ਉਨ੍ਹਾਂ ਨੂੰ ਹਕੂਮਤ ਅੱਗੇ ਡਟਣ ਦਾ ਇੱਕ ਰਾਹ ਵੀ ਦਿੱਤਾ। ਇਸੇ ਤਰ੍ਹਾਂ ਹੀ ਉਨ੍ਹਾਂ ਨੇ ਆਪਣੀ ਬਾਣੀ ਦੇ ਵਿਚ ਵੀ ਇਸ ਦੀ ਖੂਬ ਵਿਆਖਿਆ ਵੀ ਕੀਤੀ ਹੈ ਮਿਸਾਲਾਂ ਹੇਠ ਹਨ:

**ਪਰਮਾਤਮਾ ਦੀ ਏਕਤਾ:** ਪਰਮਾਤਮਾ ਤਾਂ ਸਿਰਫ ਇੱਕੋ ਹੈ, ਜੋ ਪੂਰਨ ਹੈ ਹੋਰ ਕਿਸੇ ਨੂੰ ਪਰਮਾਤਮਾ ਨਹੀਂ ਮੰਨਣਾ:

*– ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)*

ਉਸ ਇੱਕੋ ਪਰਮਾਤਮਾ ਨੇ ਸਾਰੇ ਵਿਸ਼ਵ ਦੀ ਰਚਨਾ ਕੀਤੀ:

*– ਸਾਧੋ ਰਚਨਾ ਰਾਮ ਬਨਾਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*

*– ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੭)*

ਰਚਨਾ ਰਚ ਕੇ ਉਹ ਪੂਰਨ ਭਗਵਾਨ ਇਸ ਵਿਚ ਹੀ ਵੱਸ ਰਿਹਾ ਹੈ:

*ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)*

ਉਹ ਵਿਸ਼ਵ ਰਚ ਕੇ ਸਭਨਾ ਵਿਚ ਹੀ ਵੱਸ ਰਿਹਾ ਹੈ। ਉਸ ਨੂੰ ਜੰਗਲ ਬੀਆਬਾਨਾਂ ਵਿਚ ਲੱਭਣ ਦੀ ਜ਼ਰੂਰਤ ਨਹੀਂ:

*– ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)*

*– ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥*
*ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਮਾਨਵ ਰਚਨਾ ਪੰਜ ਤੱਤਾਂ ਤੋਂ ਬਣੀ ਹੈ:

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਜੀਵ ਪਰਮਾਤਮਾ ਕੋਲੋਂ ਆਇਆ ਹੈ ਅਤੇ ਉਸ ਨੇ ਪਰਮਾਤਮਾ ਨਾਲ ਮਿਲਣਾ ਹੈ:

*- ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

*- ਜਿਹ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥*

*ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਰਚਨਾ ਵੱਖ-ਵੱਖ ਰੰਗਾਂ ਵਿਚ ਰਚਦਾ ਹੈ। ਰਚਨਾ ਰਚ ਕੇ ਸਾਰੀ ਦੁਨੀਆ ਨੂੰ ਚਲਾਉਂਦਾ ਵੇਖਦਾ ਹੈ। ਰਚਨਾ ਰਚ ਕੇ ਆਪ ਨਿਆਰਾ ਹੈ।

ਸਾਰਾ ਵਿਸ਼ਵ ਬਿਨਸਣਹਾਰ ਹੈ। ਜੋ ਅੱਜ ਪੈਦਾ ਹੋਇਆ ਹੈ ਉਸ ਨੇ ਕੱਲ ਮਰ ਵੀ ਜਾਣਾ ਹੈ। ਸਾਰੀ ਰਚਨਾ ਇੱਕ ਸੁਪਨੇ ਵਾਂਗ ਹੈ। ਬਿਨਾਂ ਭਗਵਾਨ ਦੇ ਵਿਸ਼ਵ ਤੇ ਹੋਰ ਕੁਝ ਵੀ ਸੱਚਾ ਨਹੀਂ। ਸਾਰੀ ਰਚਨਾ ਝੂਠੀ ਹੈ। ਜਿਉਂ ਰੇਤ ਦੇ ਟਿੱਬੇ ਹਵਾ ਵਿਚ ਉੱਡ ਕੇ ਥਾਂ ਬਦਲਦੇ ਰਹਿੰਦੇ ਹਨ। ਰਾਮ ਅਤੇ ਰਾਵਣ ਵਰਗੇ ਜਿਨ੍ਹਾਂ ਦੇ ਵੱਡੇ ਪਰਿਵਾਰ ਸਨ, ਵੀ ਨਾ ਰਹੇ। ਜਿਵੇਂ ਸੁਪਨਿਆਂ ਦਾ ਸੰਸਾਰ ਸਥਿਰ ਨਹੀਂ ਤਿਵੇਂ ਹੀ ਜਗਤ 'ਤੇ ਕੁਝ ਸਥਿਰ ਨਹੀਂ। ਜਗ ਤੋਂ ਜਾਣਾ ਕੋਈ ਅਣਹੋਣੀ ਨਹੀਂ ਇਸ ਲਈ ਇਸ ਦੀ ਚਿੰਤਾ ਕਰਨੀ ਬਿਅਰਥ ਹੈ। ਜੋ ਉਪਜਿਆ ਹੈ ਉਸ ਨੇ ਤਾਂ ਬਿਨਸਣਾ ਹੀ ਹੈ ਅੱਜ ਜਾਵੇ ਜਾਂ ਕੱਲ੍ਹ। ਇਸ ਲਈ ਸਾਰੇ ਜੀ ਜੰਜਾਲ ਛੱਡ ਕੇ ਰਚਣਹਾਰੇ ਵਾਹਿਗੁਰੂ ਦੇ ਗੁਣ ਗਾਓ।

*- ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੧)*

*- ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥*

*ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਜਗ ਕੋਈ ਪੱਕਾ ਟਿਕਾਣਾ ਨਹੀਂ ਇਹ ਤਾਂ ਬਸ ਪਾਣੀ ਤੇ ਬੁਲਬੁਲੇ ਵਾਂਗ ਹੈ, ਬਿਨਸਣ ਹਾਰ ਹੈ

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*

*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਦੇਹੀ ਤਾਂ ਅਸਥਿਰ ਹੈ ਜੋ ਆਖਰ ਖੇਹ ਹੋ ਜਾਂਦੀ ਹੈ:

*ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੩)*

ਮਨੁੱਖੀ ਤਨ-ਮਨ ਨੂੰ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਅਤੇ ਹਉਮੈਂ ਵਰਗੇ ਰੋਗ ਲੱਗੇ ਹੋਏ ਹਨ ਜਿਨ੍ਹਾਂ ਕਰਕੇ ਪਰਮਾਤਮਾ ਨੂੰ ਭੁੱਲਿਆ ਬੈਠਾ ਹੈ। ਉਹ ਰਾਤ ਦੇ ਸੁਪਨੇ

ਵਰਗੇ ਝੂਠੇ ਬਿਨਸਣਹਾਰ ਤਨ ਨੂੰ ਸੱਚਾ ਮੰਨਦਾ ਹੈ:

*ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥*
*ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਇਨਸਾਨ ਨੇ ਵਾਹਿਗੁਰੂ ਦੀ ਪ੍ਰਾਪਤੀ ਕਰਨੀ ਹੈ, ਮੁਕਤੀ ਪ੍ਰਾਪਤ ਕਰਨੀ ਹੈ, ਬ੍ਰਹਮ ਵਿਚ ਵਾਸਾ ਕਰਨਾ ਹੈ ਤਾਂ ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹਉਮੈਂ, ਉਸਤਤ, ਨਿੰਦਿਆ, ਹਰਖ, ਸੋਗ ਵਰਗੇ ਮਾਨਸਿਕ ਰੋਗਾਂ ਤੋਂ ਮੁਕਤ ਰਹਿਣਾ ਚਾਹੀਦਾ ਹੈ। ਮਾਇਆ ਤੇ ਮਮਤਾ ਮੋਹ ਤਿਆਗਣ ਵਾਲਾ ਆਪ ਵੀ ਤਰ ਜਾਂਦਾ ਹੈ ਅਤੇ ਹੋਰਾਂ ਨੂੰ ਵੀ ਤਾਰ ਲੈਂਦਾ ਹੈ:

*ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥*
*ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥*
*ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਉਹ ਹੀ ਗਿਆਨੀ ਹੈ ਜੋ ਨਾ ਕਿਸੇ ਨੂੰ ਕੋਈ ਡਰ ਦਿੰਦਾ ਹੈ ਅਤੇ ਨਾ ਹੀ ਕਿਸੇ ਦਾ ਡਰ ਮੰਨਦਾ ਹੈ। ਪਰਮਾਤਮਾ ਦੇ ਨਾਮ ਹਰ ਰੋਜ਼ ਭਜਨ ਨਾਲ ਦੁਰਮਤ ਅਤੇ ਭੈ ਹਟ ਜਾਂਦੇ ਹਨ ਅਤੇ ਸਾਰੇ ਕੰਮ ਸਫਲ ਹੋ ਜਾਂਦੇ ਹਨ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਜਮ ਤੋਂ ਬਚਣ ਲਈ ਵੀ ਵਾਹਿਗੁਰੂ ਨਾਮ ਦਾ ਭਜਨ ਕਰਨਾ ਅਤੇ ਸੁਣਨਾ ਚਾਹੀਦਾ ਹੈ:

*-ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ॥*
*ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ॥੨੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

*-ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)*

ਅਪਣੀ ਰਹਿਤ ਸੱਚੀ ਰੱਖਣ ਨਾਲ ਹੀ ਸੱਚਾ ਪਰਮਾਤਮਾ ਮਨ ਵਿਚ ਵਾਸਾ ਕਰਦਾ ਹੈ। ਇਸ ਲਈ ਹਮੇਸ਼ਾ ਸੱਚਾ-ਸੁੱਚਾ ਜੀਵਨ ਜੀਵੋ:

*ਸਾਚੀ ਰਹਤ ਸਾਚਾ ਮਨਿ ਸੋਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੧)*

ਆਪਣੇ ਸ਼ਬਦਾਂ ਵਿਚ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਵੈ-ਅਨੁਸ਼ਾਸਨ ਅਤੇ ਸਵੈ-ਪ੍ਰਤੀਬਿੰਬ ਉੱਤੇ ਜ਼ੋਰ ਦਿੱਤਾ। ਮਨ ਦਾ ਜੇ ਅਪਣੇ ਆਪ 'ਤੇ ਕਾਬੂ ਨਹੀਂ ਹੈ, ਤਾਂ ਉਹ ਪੰਜ ਬੁਰਾਈਆਂ ਕਾਮ, ਕ੍ਰੋਧ, ਮੋਹ ਲੋਭ ਅਤੇ ਹਉਮੈਂ ਵੱਲ ਖਿੱਚਿਆ ਜਾਂਦਾ ਹੈ। ਜਿਉਂ-ਜਿਉਂ ਇੱਕ ਬੰਦਾ ਇਨ੍ਹਾਂ ਬੁਰਾਈਆਂ ਦਾ ਗ਼ੁਲਾਮ ਬਣਦਾ ਜਾਂਦਾ ਹੈ, ਉਹ ਅੰਦਰੂਨੀ ਬ੍ਰਹਮ ਚੇਤਨਾ ਤੋਂ, ਪਰਮਾਤਮਾ ਤੋਂ ਅਤੇ ਅਪਣੇ ਨਿਸ਼ਾਨੇ ਤੋਂ ਵੱਧ ਤੋਂ ਵੱਧ ਦੂਰ ਹੋਈ ਜਾਂਦਾ ਹੈ। ਬੰਦੇ ਦਾ ਮਾਇਆ ਵਿਚ ਗੁਆਚਣਾ ਵਧਦਾ ਜਾਂਦਾ ਹੈ ਉਸ ਦਾ ਚਿੱਤ ਪਰਮਾਤਮਾ ਤੋਂ ਪਰੇ ਹੁੰਦਾ ਜਾਂਦਾ ਹੈ ਅਤੇ ਇਹੋ ਉਸ ਦੀ ਅਧੋਗਤੀ ਦੀ ਨਿਸ਼ਾਨੀ ਹੁੰਦੀ ਹੈ। ਗੁਰੂ ਜੀ ਨੇ ਸਪੱਸ਼ਟ ਕੀਤਾ ਕਿ ਮਨੁੱਖ ਦੀਆਂ ਸਮੱਸਿਆਵਾਂ ਉਸ ਦੇ ਮਾਨਸਿਕ ਹੰਕਾਰ ਅਤੇ ਦੁਨਿਆਵੀ ਲਾਲਸਾ ਨਾਲ ਲਿਪਤ ਹੋਣ ਕਰਕੇ ਉਸ ਦੀ ਸੋਚ ਸ਼ਕਤੀ ਦੂਸ਼ਿਤ ਹੋ ਜਾਂਦੀ ਹੈ। ਇਸ ਲਈ ਗੁਰੂ ਸਾਹਿਬਾਨ ਤੋਂ ਮਿਲਿਆ ਸੰਦੇਸ਼ ਅਤੇ ਚੰਗੀ ਸੰਗਤ ਦੀ ਜ਼ਰੂਰਤ ਹੁੰਦੀ ਹੈ। ਸਤਿਸੰਗਤ ਮਨ ਨੂੰ ਬੁਰਾਈਆਂ ਤੋਂ ਸ਼ੁੱਧ ਕਰਨ ਲਈ ਚੰਗਾ ਸਾਧਨ ਹੈ ਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਣਾ ਪਰਮਾਤਮਾ ਨਾਲ ਜੋੜਣ ਚੰਗਾ ਵਿਉਹਾਰ ਕਰਨ ਅਤੇ ਸੱਚੀ-ਸੁੱਚੀ ਜ਼ਿੰਦਗੀ ਜੀਉਣ ਵਿਚ ਸਹਾਈ ਹੁੰਦਾ ਹੈ:

*ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ॥*
*ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ॥੨॥*
*ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ॥*
*ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥੩॥੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੦)*

ਇਕ ਸੰਪੂਰਨ ਗੁਰਮੁਖ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਸ ਨੂੰ ਗੁਰੂ ਸਾਹਿਬ ਨੇ ਬਾਕਮਾਲ ਬਿਆਨਿਆ ਹੈ:

ਜੋ ਮਨੁੱਖ ਦੁੱਖ ਨੂੰ ਦੁੱਖ ਨਹੀਂ ਮੰਨਦਾ; ਜੋ ਸੁੱਖ, ਸਨੇਹ 'ਤੇ ਧਿਜਦਾ ਨਹੀਂ; ਮਨ ਵਿਚ ਕਿਸੇ ਦਾ ਵੀ ਭੈ ਨਹੀਂ ਰੱਖਦਾ ਅਤੇ ਅਪਣੇ ਸਰੀਰ ਨੂੰ ਮਿੱਟੀ ਜਾਂ ਸ਼ੀਸ਼ੇ ਵਾਂਗੂ ਮੰਨਦਾ ਹੈ; ਨਾਂ ਉਸ ਨੂੰ ਨਿੰਦਿਆ ਅਤੇ ਨਾਂ ਹੀ ਉਸਤਤ ਨਾਲ ਫਰਕ ਪੈਂਦਾ ਹੈ ਤੇ ਨਾ ਹੀ ਕੋਈ ਲੋਭ, ਮੋਹ ਜਾਂ ਅਭਿਮਾਨ ਉਸ ਨੂੰ ਖਿੱਚ ਪਾਉਂਦਾ ਹੈ। ਉਹ ਨਾ ਹਰਖ ਕਰਦਾ ਹੈ ਨਾ ਸੋਗ: ਨਾਂ ਹੀ ਉਸ ਨੂੰ ਮਾਣ ਜਾਂ ਅਪਮਾਨ ਨਾਲ ਕੋਈ ਫਰਕ ਪੈਂਦਾ ਹੈ। ਉਹ ਕੋਈ ਆਸ ਨਹੀਂ ਪਾਲਦਾ ਅਤੇ ਨਾ ਹੀ ਕੋਈ ਅਜਿਹੀ ਮਨਸ਼ਾ ਹੁੰਦੀ ਹੈ ਜਿਸ 'ਤੇ ਉਹ ਨਿਰਾਸ਼ ਹੋਵੇ। ਨਾ ਕਾਮ 'ਤੇ ਨਾ ਹੀ ਕ੍ਰੋਧ ਉਸ ਨੂੰ ਪ੍ਰਭਾਵਿਤ ਕਰਦੇ ਹਨ ਇਸੇ ਕਰਕੇ ਉਸ ਦਾ ਨਿਵਾਸ ਪਰਮਾਤਮਾ ਦੇ ਘਰ ਮੰਨਿਆ ਜਾਂਦਾ ਹੈ। ਜਿਸ ਨੇ ਇਹ ਜੁਗਤ ਪਛਾਣ ਲਈ ਗੁਰੂ ਉਸ ਉੱਤੇ ਹੀ ਕਿਰਪਾ ਕਰਦਾ ਹੈ ਅਤੇ ਫਿਰ ਉਹ ਗੁਰਮੁਖ ਪਰਮਾਤਮਾ ਨਾਲ ਇਉਂ ਮਿਲ ਜਾਂਦਾ ਹੈ ਜਿਸ ਤਰ੍ਹਾਂ ਪਾਣੀ ਵਿਚ ਪਾਣੀ ਅਭਿੰਨ ਹੋ ਜਾਂਦਾ ਹੈ:

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*

*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ਰਹਾਉ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥੧੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫ਼ਲਸਫ਼ਾ ਬੜੀਆਂ ਨਵੀਆਂ ਸੁਚੱਜੀਆਂ ਕਦਰਾਂ-ਕੀਮਤਾਂ ਦਾ ਆਧਾਰ ਹੈ ਜਿਸ ਨੇ ਗ਼ੁਲਾਮੀ ਅਤੇ ਜ਼ੁਲਮ ਦੀ ਨਪੀੜੀ ਪਰਜਾ ਨੂੰ ਨਿਰਭੈ ਹੋ ਕੇ ਉਨ੍ਹਾਂ ਕਦਰਾਂ-ਕੀਮਤਾਂ ਵਿਰੁੱਧ ਖੜਣ ਦਾ ਹੌਸਲਾ ਭਰਿਆ ਜਿਸ ਨੇ ਆਮ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਆ ਸੀ। ਉਨ੍ਹਾਂ ਜੀਵਨ ਦੀ ਉਦਾਹਰਨ ਦੇ ਕੇ ਸਮਝਾਇਆ ਕਿ ਡੂੰਘੇ ਸੰਕਟ ਅਤੇ ਗੰਭੀਰ ਮੁਸ਼ਕਿਲਾਂ ਦੇ ਸਮੇਂ ਸਾਨੂੰ ਸਥਿਤੀ ਤੋਂ ਭੱਜਣਾ ਨਹੀਂ ਚਾਹੀਦਾ ਬਲਕਿ ਪੂਰੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਇਸ ਦਾ ਸਾਹਮਣਾ ਕਰਨਾ ਚਾਹੀਦਾ ਹੈ। ਜੀਵਨ ਉਦੇਸ਼ ਸਿਰਫ਼ ਬ੍ਰਹਮ ਤਕ ਪਹੁੰਚਣਾ ਜਾਂ ਆਪਣੀ ਮੁਕਤੀ ਹੀ ਨਹੀਂ ਹੈ, ਬਲਕਿ ਨਿਰਸਵਾਰਥ ਸੇਵਾ ਅਤੇ ਕੁਰਬਾਨੀ ਰਾਹੀਂ ਮਨੁੱਖਤਾ ਦਾ ਭਲਾ ਵੀ ਕਰਨਾ ਹੈ। ਸਾਰਿਆਂ ਦੀ ਭਲਾਈ ਲਈ ਪੂਰੀ ਜ਼ਿੰਮੇਵਾਰੀ ਨਾਲ ਆਪਣੇ ਸਮਾਜਿਕ ਕਰਤੱਵਾਂ ਨੂੰ ਨਿਭਾਉਣਾ ਚਾਹੀਦਾ ਹੈ ਅਤੇ ਪਰਮਾਤਮਾ ਦੀ ਇੱਛਾ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਗੁਰੂ ਜੀ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸਾਨੂੰ ਵਿਅਰਥ ਕਿਸੇ ਚਮਤਕਾਰ ਦੀ ਉਡੀਕ ਨਹੀਂ ਕਰਨੀ ਚਾਹੀਦੀ ਬਲਕਿ ਸਾਰੀਆਂ ਮੁਸੀਬਤਾਂ ਨੂੰ ਖ਼ੁਸ਼ੀ ਨਾਲ ਸਵੀਕਾਰ ਕਰਨ ਲਈ ਅੰਦਰੂਨੀ ਤਾਕਤ ਦਾ ਨਿਰਮਾਣ ਕਰਨਾ ਚਾਹੀਦਾ ਹੈ। ਮੋਹ-ਮਾਇਆ ਨਾਲ ਜੁੜੇ ਅਸੀਂ ਆਪਣੇ ਆਪ ਨੂੰ ਅਮੀਰ ਬਣਾਉਣ ਦੇ ਖਿਆਲ ਨਾਲ ਭੁੱਲ ਜਾਂਦੇ ਹਾਂ ਕਿ ਸਾਡਾ ਸਮਾਜ ਲਈ ਵੀ ਕੋਈ ਧਰਮ ਹੈ ਤੇ ਫਰਜ਼ ਹਨ। ਜਦ ਲੋੜ ਪਵੇ ਤਾਂ ਆਪਾ ਵਾਰਨ ਵਿਚ ਵੀ ਝਿਜਕ ਨਹੀਂ ਕਰਨੀ ਚਾਹੀਦੀ। ਜ਼ਿੰਦਗੀ ਨੂੰ ਸਥਾਈ ਸਮਝਣਾ ਗ਼ਲਤ ਹੈ ਕਿਉਂਕਿ ਇੱਕ ਪਰਮਾਤਮਾ ਤੋਂ ਬਿਨਾਂ ਸਭ ਬਿਨਸਣਹਾਰ ਹੈ। ਜਦ ਇਸ ਸਰੀਰ ਨੇ ਜਾਣਾ ਹੀ ਹੈ ਤਾਂ ਕਿਉਂ ਨਾ ਕਿਸੇ ਲੇਖੇ ਲੱਗ ਜਾਵੇ। ਗੁਰੂ ਜੀ ਜ਼ੋਰ ਦੇ ਕੇ ਕਹਿੰਦੇ ਹਨ ਕਿ ਮਨੁੱਖੀ ਜੀਵਨ ਅਨਮੋਲ ਹੈ ਕਿਉਂਕਿ ਇਹ ਸਵੈ-ਸੁਧਾਰ ਅਤੇ ਅਧਿਆਤਮਿਕ ਗਿਆਨ ਦੇ ਮੌਕੇ ਪ੍ਰਦਾਨ ਕਰਦਾ ਹੈ ਪਰ ਇਸ ਦੇ ਨਾਲ-ਨਾਲ ਸਮਾਜਿਕ ਉੱਨਤੀ ਲਈ, ਮਨੁੱਖ ਵਿਚ ਬ੍ਰਹਮ ਦੀ ਸਿਰਜਣਾਤਮਕ ਭੂਮਿਕਾ ਨੂੰ ਸਰਗਰਮੀ ਨਾਲ ਅਮਲ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ■

# ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੀ ਤਿੰਨ ਸੌ ਪੰਜਾਹ ਸਾਲਾ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਇਹ ਪੰਕਤੀਆਂ ਅਸੀਂ ਕਥਾ, ਕੀਰਤਨ ਤੇ ਅਰਦਾਸ ਰਾਹੀਂ ਰੋਜ਼ਾਨਾ ਹੀ ਸਰਵਣ ਕਰਦੇ ਹਾਂ:

*"ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥"*

ਇਹ ਪੰਥਕ ਅਰਦਾਸ ਦੀ ਪਹਿਲੀ ਪਉੜੀ ਦੀਆਂ ਪੰਕਤੀਆਂ ਹਨ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਸ੍ਰੀ ਦਸਮ ਗ੍ਰੰਥ ਦੇ ਪੰਨਾ ੧੧੯ ਉੱਪਰ ਦਰਜ ਹਨ। ਇਸ ਸਬੰਧੀ ਪ੍ਰਮਾਣੀਕ ਹਵਾਲਾ ਹੈ ਕਿ ਜਦ ੧੬੯੯ ਈ. ਦੀ ਵੈਸਾਖੀ ਨੂੰ ਖ਼ਾਲਸਾ ਪੰਥ ਸਾਜਿਆ ਗਿਆ ਤਾਂ ਦਸਮ ਪਾਤਸ਼ਾਹ ਜੀ ਨੇ ਅਰਦਾਸ ਕਰਦਿਆਂ ਇਹ ਪਉੜੀ ਪੜ੍ਹੀ:

*ਪ੍ਰਿਥਮ ਭਗੌਤੀ ਵਾਰ ਜੁ ਪੌੜੀ। ਪੜ੍ਹ ਪ੍ਰਿਥਮੈ ਆਪ ਸਤਿਗੁਰ ਗੋੜੀ।*
*ਨੌਂ ਪਤਸਾਹੀਅਨ ਲਯੋ ਧਿਆਇ। ਅਬ ਦੁਸਮਨ ਪਰ ਹੋਈਂ ਸਹਾਇ।*

*(ਸ੍ਰੀ ਗੁਰੂ ਪੰਥ ਪ੍ਰਕਾਸ਼- ਭਾਈ ਰਤਨ ਸਿੰਘ ਭੰਗੂ)*

ਇਸ ਪਉੜੀ ਵਿਚ ਕਲਗੀਧਰ ਪਾਤਸ਼ਾਹ ਜੀ ਨੇ ਅਕਾਲ ਪੁਰਖ ਨੂੰ ਧਿਆ ਕੇ ਫਿਰ ਅਕਾਲ ਸਰੂਪ ਨੌਂ ਸਤਿਗੁਰਾਂ ਦੇ ਦੈਵੀ ਸਰੂਪ, ਰੂਹਾਨੀ ਮੰਡਲ, ਨਿਰੰਕਾਰੀ ਪ੍ਰਤਾਪ ਅਤੇ ਬਰਕਤਾਂ ਤੇ ਰਹਿਮਤਾਂ ਦਾ ਹਵਾਲਾ ਦਿੱਤਾ ਹੈ। ਨੌਵੇਂ ਪਾਤਸ਼ਾਹ ਸਬੰਧੀ ਪੂਰੀ ਪੰਕਤੀ ਵਿਚ ਕਥਨ ਹੈ ਕਿ ਮੈਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਿਮਰਦਾ ਹਾਂ, ਜਿਨ੍ਹਾਂ ਦੇ ਸਿਮਰਨ ਨਾਲ ਨੌ ਨਿਧਿ (ਨੌ ਖ਼ਜ਼ਾਨੇ) ਪ੍ਰਾਪਤ ਹੁੰਦੇ ਹਨ ਅਤੇ ਸਤਿਗੁਰੂ ਜੀ ਸਭ ਥਾਈਂ ਸਹਾਇਤਾ ਕਰਦੇ ਹਨ।

ਹੁਣ ਪਾਠਕ ਜਾਂ ਜਗਿਆਸੂ ਦਾ ਸਵਾਲ ਹੈ ਕਿ 'ਨੌਂ ਨਿਧਿ' ਕੀ ਹਨ? ਗੁਰਬਾਣੀ ਵਿਚ ਅਕਾਲ ਪੁਰਖ ਦਾ ਅੰਮ੍ਰਿਤ ਰੂਪੀ ਨਾਮ ਵੀ 'ਨੌ ਨਿਧਿ' ਸਮਾਨ ਹੈ-

"ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ" ਅਤੇ ਸਿਮਰਨ ਅਭਿਆਸ ਦੀ ਬਰਕਤ ਦਾ ਵੀ ਵਰਣਨ ਹੈ- *ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥* 'ਸਮ ਅਰਥ ਕੋਸ਼' ਵਿਚ ਨਿਧਿ ਦੇ ਪੰਦਰ੍ਹਾਂ ਦੇ ਕਰੀਬ ਸਮਾਨ ਅਰਥੀ ਸ਼ਬਦ ਹਨ ਜਿਵੇਂ- ਖਜ਼ਾਨਾ, ਕੋਸ਼, ਗੋਲਕ, ਖਜੀਨਾ, ਨਿਧਾਨ, ਨਿਧਾਨਾ, ਨਿਧਿ, ਨਿਧੀ, ਤੁਜਾਰਾ, ਪੋਤ, ਪੋਤਹ, ਪੋਤਾ, ਫੋਤਹ, ਭੰਡਾਰ, ਭੰਡਾਰਾ ਆਦਿ। ਗੁਰਬਾਣੀ ਦੇ ਪ੍ਰਸਿੱਧ ਟੀਕਾਕਾਰ ਪ੍ਰੋ. ਸਾਹਿਬ ਸਿੰਘ ਜੀ ਨੇ 'ਨੌ ਨਿਧਿ'ਦਾ ਅਰਥ ਜਗਤ ਦਾ ਸਾਰਾ ਧਨ ਪਦਾਰਥ ਲਿਖਿਆ ਹੈ ਅਤੇ ਸ੍ਰੀ ਦਸਮ ਗ੍ਰੰਥ ਦੇ ਟੀਕਾਕਾਰ ਗਿ. ਨਰੈਣ ਸਿੰਘ ਜੀ ਨੇ 'ਨੌ

**ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀ:ਸੈਕੰ: ਸਕੂਲ, ਸ੍ਰੀ ਅੰਮ੍ਰਿਤਸਰ। ਮੋ: ੯੮੧੫੯੮੫੫੫੯*

ਨਿਧਿ' ਦਾ ਅਰਥ ਸਭ ਸੰਸਾਰਕ ਸੁੱਖ ਤੇ ਧਨ ਦੌਲਤ ਦੀ ਪ੍ਰਾਪਤੀ ਲਿਖਿਆ ਹੈ।

'ਨੌ ਨਿਧੀਆਂ' ਸਬੰਧੀ ਮਹਾਨ ਕੋਸ਼ ਅਤੇ ਸੰਖਿਆ ਕੋਸ਼ ਵਿਚ ਇਉਂ ਵਰਣਨ ਮਿਲਦਾ ਹੈ ਕਿ "ਸੰਸਕ੍ਰਿਤ ਆਦਿਕ ਗ੍ਰੰਥਾਂ ਵਿਚ ਨਿਧੀਆਂ ਇਸ ਪ੍ਰਕਾਰ ਹਨ- ਪਦਮ, ਮਹਾਂ ਪਦਮ, ਸ਼ੰਖ, ਮਕਰ, ਕੱਛਪ, ਮੁਕੁੰਦ, ਕੁੰਦ, ਨੀਲ, ਵਰਚ ਆਦਿ। " ਇਸ ਤੋਂ ਅੱਗੇ ਕੁਝ ਪੁਰਾਤਨ ਵਿਦਵਾਨਾਂ ਨੇ ਨੌ ਨਿਧੀਆਂ ਦੇ ਵੱਖ-ਵੱਖ ਗੁਣਾਂ ਤੇ ਬਰਕਤਾਂ ਦੀ ਸੰਖੇਪ ਜਾਣਕਾਰੀ ਇਉਂ ਵੀ ਦਿੱਤੀ ਹੈ: 'ਪਦਮ ਨਿਧੀ'- ਇਸ ਨਿਧੀ ਦੀ ਪ੍ਰਾਪਤੀ ਨਾਲ ਇਨਸਾਨ ਪਾਸ ਸੋਨਾ ਆਦਿ ਧਾਤਾਂ ਦੇ ਭੰਡਾਰ ਹੋਣਗੇ, ਧਰਮ ਸਥਾਨ ਬਣਾਏਗਾ ਤੇ ਅੰਸ ਬੰਸ ਵਧੇਗੀ। 'ਮਹਾਂ ਪਦਮ'- ਇਸ ਦੀ ਪ੍ਰਾਪਤੀ ਨਾਲ ਉੱਤਮ ਪੁਰਖਾਂ ਨੂੰ ਦਾਨ ਦੇਵੇਗਾ ਤੇ ਕੀਮਤੀ ਵਸਤਾਂ ਦੀ ਸੌਦਾਗਰੀ ਕਰੇਗਾ। 'ਸ਼ੰਖ ਨਿਧੀ'- ਇਸ ਦੀ ਬਰਕਤ ਨਾਲ ਉੱਤਮ ਭੋਜਨ, ਉੱਤਮ ਬਸਤਰ ਤੇ ਨਿੱਜ ਦੀ ਉਤਮ ਪਾਲਣਾ ਹੋਵੇਗੀ। 'ਮਕਰ ਨਿਧੀ' ਇਸ ਨਾਲ ਅਸਤਰ ਤੇ ਸ਼ਸਤਰ ਵਿੱਦਿਆ ਦੀ ਪ੍ਰਾਪਤੀ ਹੋਵੇਗੀ। 'ਕੱਛਪ ਨਿਧੀ'- ਇਸ ਦੀ ਪ੍ਰਾਪਤੀ ਨਾਲ ਧਨ ਸੰਪਤੀ ਜਮ੍ਹਾਂ ਹੁੰਦੀ ਹੈ ਤੇ ਅੰਨ ਵਸਤੂਆਂ ਦੇ ਭੰਡਾਰ ਭਰੇ ਰਹਿਣਗੇ। 'ਮੁਕੰਦ ਨਿਧੀ' - ਇਸ ਨਾਲ ਸੰਗੀਤ ਵਿੱਦਿਆ ਦੀ ਪ੍ਰਾਪਤੀ ਹੋਵੇਗੀ ਤੇ ਕਵੀ ਗਵੱਈਏ ਹਰ ਸਮੇਂ ਹਾਜ਼ਰ ਰਹਿਣਗੇ। 'ਕੁੰਦ ਨਿਧੀ'- ਇਸ ਦੀ ਕਲਾ ਨਾਲ ਲੰਮੀ ਉਮਰ ਤੇ ਨਿਰੰਤਰ ਤਰੱਕੀ ਮਿਲੇਗੀ। 'ਨੀਲ ਨਿਧੀ'- ਇਸ ਸਦਕਾ ਵਿਉਪਾਰ 'ਚ ਵਾਧਾ ਹੋਵੇਗਾ, ਇਨਸਾਨ ਘਣੇ ਜੰਗਲ ਤੇ ਬਾਗ ਲਗਵਾਏਗਾ, ਤਲਾਬਾਂ ਦੀ ਖੁਦਾਈ ਕਰਵਾਏਗਾ ਤੇ ਲੋਕ ਸੇਵਾ ਦੇ ਕਾਰਜ ਕਰੇਗਾ। 'ਵਰਚ ਨਿਧੀ'- ਇਹ ਨੌਵੀਂ ਨਿਧਿ ਮਿਸ਼ਰਤ ਨਿਧੀ ਹੈ ਭਾਵ ਪਹਿਲੀਆਂ ਅੱਠ ਨਿਧੀਆਂ ਦਾ ਸੁਮਿਸ਼ਰਨ ਤੇ ਬਹੁਤ ਦਾਨ ਕਰੇਗਾ, ਪਦਾਰਥਾਂ ਦੇ ਭੰਡਾਰ ਭਰਪੂਰ ਰਹਿਣਗੇ।

ਤੱਤਸਾਰ- ਇਹ ਨੌ ਨਿਧਿ ਭਾਵ ਨੌਂ ਖਜ਼ਾਨੇ ਕਰਤਾਰੀ ਤੇ ਸੰਸਾਰੀ ਰਹਿਮਤਾਂ ਤੇ ਬਰਕਤਾਂ ਦਾ ਸੁਮੇਲ ਹਨ। ਇਸ ਸੰਪੂਰਨ ਪੰਕਤੀ ਵਿਚ ਨੌਵੇਂ ਪਾਤਸ਼ਾਹ ਜੀ ਦੇ ਅਧਿਆਤਮਿਕ ਮੰਡਲ, ਦੈਵੀ ਕਲਾ ਤੇ ਅਕਾਲ ਅਭੇਦਤਾ ਦੀਆਂ ਅਕਾਲੀ ਰਮਜ਼ਾਂ ਦਾ ਰਹੱਸ ਵੀ ਹੈ। ਨੌ ਨਿਧੀਆਂ ਨੂੰ ਹੋਰ ਦੀਰਘਤਾ ਨਾਲ ਸਮਝਣਾ ਹੋਵੇ ਤਾਂ ਨੌਵੇਂ ਸਤਿਗੁਰਾਂ ਦੇ ਰਚਿਤ ੫੭ ਸਲੋਕ ਅਤੇ ੧੫ ਰਾਗਾਂ ਵਿਚ ੫੯ ਸ਼ਬਦਾਂ ਦੇ ਅਕਾਲੀ ਤੇ ਅਨੁਭਵੀ ਸੰਦੇਸ਼ ਦਾ ਅਧਿਐਨ ਤੇ ਚਿੰਤਨ ਵੀ ਜ਼ਰੂਰੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਇਤਿਹਾਸ, ਬੰਦਗੀ, ਤਿਆਗ, ਨਿਰਭਉਤਾ, ਨਿਰਵੈਰਤਾ, ਸਿਰੜ, ਸਿਦਕ ਤੇ ਕੁਰਬਾਨੀ ਅਤੇ ਸਤਿਗੁਰਾਂ ਦੀ ਚਰਨ ਛੋਹ ਪ੍ਰਾਪਤ ਇਤਿਹਾਸਿਕ ਸਥਾਨਾਂ ਦਾ ਆਭਾ ਮੰਡਲ, ਜਲੌਅ ਪ੍ਰਤਾਪ ਸਮੂਹ ਸੰਸਾਰ ਲਈ ਵੱਡੀ ਪ੍ਰੇਰਕ ਸ਼ਕਤੀ ਤੇ ਰੂਹਾਨੀ ਸਬਕ ਹੈ। ਦਸਮ ਪਾਤਸ਼ਾਹ ਜੀ ਰਚਿਤ ਇਹ ਪੰਕਤੀਆਂ ਗਾਗਰ 'ਚ ਸਾਗਰ ਵਾਲੀ ਸ਼ੈਲੀ ਦਾ ਪ੍ਰਤੱਖ ਰੂਪ ਹੈ। ਇਸ ਤੋਂ ਸੇਧ ਲੈ ਕੇ ਧਰਮੀ ਜੀਵਨ ਤੇ ਸਿਮਰਨ ਦੀ ਬਰਕਤ ਨਾਲ ਜਦ ਵਿਸਮਾਦੀ ਤੇ ਅਨੰਦਮਈ ਆਵਸਥਾ ਹੋਏਗੀ ਤਾਂ ਅਪਾਰ ਬਖਸ਼ਿਸ਼ਾਂ ਦੀ ਪਾਤਰਤਾ ਸਦਕਾ ਫਿਰ ਰਸਨਾ ਸਤਿਗੁਰਾਂ ਦੇ ਅਗੰਮੀ ਮੋਹ ਵਿਚ ਆਪ ਮੁਹਾਰੀ ਗਾਏਗੀ- *ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥* ■

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਦਾਰਸ਼ਨਿਕ ਅਧਿਐਨ

*-ਡਾ. ਗੁੰਜਨਜੋਤ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀਕਾਰਾਂ ਵਿਚ ਸਿੱਖਾਂ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਤਿਹਾਸ ਦੀ ਉਹ ਮਹਾਨ ਹਸਤੀ ਹਨ, ਜਿਨ੍ਹਾਂ ਨੇ ਸਮੇਂ-ਸਮੇਂ ਸਿਰ ਸਮੁੱਚੀ ਲੋਕਾਈ ਨੂੰ ਸਿਦਕ, ਸਚਿਆਰਤਾ, ਸਾਂਝੀਵਾਲਤਾ ਅਤੇ ਅਡੋਲ ਦ੍ਰਿੜ੍ਹਤਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਤਾਂ ਕਿ ਮਨੁੱਖ ਕਾਰ-ਵਿਹਾਰੀ ਜ਼ਿੰਦਗੀ ਦੇ ਚਲਦਿਆਂ ਆਪਣੇ ਅਸਲੀ ਆਪੇ ਵੱਲ ਅਗਰਸਰ ਰਹੇ। ਉਨ੍ਹਾਂ ਦੀ ਬਾਣੀ ਮਾਨਸਿਕ ਬੇਚੈਨੀ, ਸਰੀਰਕ ਲੋੜਾਂ ਦੇ ਅਣਸੁਖਾਵੇਂ ਮਾਹੌਲ ਵਿਚ ਅਜੋਕੇ ਮਨੁੱਖ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਅਮੁੱਕ ਸੋਮਾ ਸਿੱਧ ਹੁੰਦੀ ਹੈ। ਗੁਰੂ ਸਾਹਿਬ ਨੇ ਸਮੇਂ ਦੀ ਅੰਧਕਾਰ ਅਵਸਥਾ ਵਿਚ ਆਪਣੇ ਜੀਵਨ ਕਰਤੱਵ, ਉਪਦੇਸ਼ ਅਤੇ ਅਮਲੀ ਅਗਵਾਈ ਦੁਆਰਾ ਮਨੁੱਖਤਾ ਨੂੰ ਇਖਲਾਕੀ ਮਾਰਗ 'ਤੇ ਚਲਾਉਣ ਦਾ ਉਪਰਾਲਾ ਕੀਤਾ। ਉਨ੍ਹਾਂ ਧਾਰਮਿਕ ਆਦਰਸ਼ਾਂ ਨੂੰ ਸਮਾਜਿਕ ਜੀਵਨ ਵਿਚ ਇੱਕ ਸੁਰ ਕਰ ਕੇ ਰਾਜ ਨੂੰ ਕਲਿਆਣਕਾਰੀ ਲੋਕਤੰਤਰ ਵਿਚ ਬਦਲਿਆ। ਮਾਲੂਮ ਹੁੰਦਾ ਹੈ ਕਿ ਪਰਉਪਕਾਰੀ ਮਹਾਂਪੁਰਖ ਕਿਸੇ ਉਚੇਰੇ ਮਿਸ਼ਨ ਲਈ ਤੜਪ ਰੱਖਦੇ ਸਨ। ਸਮਕਾਲੀ ਧਾਰਮਿਕ ਜਾਂ ਸਮਾਜਿਕ ਸਮੱਸਿਆਵਾਂ ਦੀ ਥਾਂ ਰਾਜਸੀ ਸੰਕਟ ਨੇ ਜੀਵਨ ਵਿਕਾਸ ਦੇ ਸਾਰੇ ਰਾਹ ਮੱਲੇ ਹੋਏ ਸਨ। ਇਸ ਵਿਚ ਉਥਲ-ਪੁਥਲ ਕੇਵਲ ਸ਼ਾਂਤਮਈ ਕੁਰਬਾਨੀ ਨਾਲ ਹੀ ਹੋ ਸਕਦੀ ਸੀ। ਜਿਸ ਲਈ ਨਿਰਮੋਹ ਅਵਸਥਾ ਪੈਦਾ ਕਰਨੀ ਬਹੁਤ ਜ਼ਰੂਰੀ ਸੀ- "ਗੁਰੂ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨਾ ਛੋੜੀਏ" ਵਾਲੀ ਅਵਸਥਾ ਗੱਲਾਂ-ਬਾਤਾਂ ਨਾਲ ਨਹੀਂ ਬਲਕਿ ਸ਼ਹਾਦਤ ਦੁਆਰਾ ਹੀ ਸੰਭਵ ਸੀ। ਭਾਵੇਂ ਆਪ ਜੀ ਨੇ ਥੋੜੀ ਬਾਣੀ ਹੀ ਰਚੀ ਪਰ ਸਿੱਖ ਧਰਮ ਦੇ ਸੰਚਾਲਣ ਵਿਚ ਇਸ ਬਾਣੀ ਨੇ ਵਿਸ਼ੇਸ਼ ਹਿੱਸਾ ਪਾਇਆ। ਆਪ ਜੀ ਦੀ ਕੁੱਲ ਰਚਨਾ ੫੯ ਸ਼ਬਦ (੧੫ ਰਾਗਾਂ ਵਿਚ) ਅਤੇ ੫੭ ਸਲੋਕ (ਵਾਰਾਂ ਤੇ ਵਧੀਕ ਵਿਚ) ਹਨ। ਇਹ ਬਾਣੀ ਬ੍ਰਹਮ ਦੀ ਸਦੀਵਤਾ, ਮਨੁੱਖ ਦੀ ਅਲਪ-ਕਾਲੀ ਹਸਤੀ, ਜਗਤ ਰਚਨਾ, ਮਾਇਆ, ਮੁਕਤੀ ਅਤੇ ਆਦਰਸ਼ ਮਨੁੱਖ ਦੀ ਸਿਰਜਣਾ ਆਦਿ ਪ੍ਰਸ਼ਨਾਂ ਨੂੰ ਵਿਅਕਤੀ ਦੀ ਸੋਚ ਵਿਚ ਸਪੱਸ਼ਟ ਕਰਦੀ ਹੈ। ਜਦੋਂ ਮਨੁੱਖ ਨੂੰ ਕਾਰ-ਵਿਹਾਰੀ ਜੀਵਨ ਦੀਆਂ ਉਲਝਣਾਂ, ਦੁੱਖਾਂ ਸੰਕਟਾਂ, ਵੇਲੇ ਕਿਸੇ ਰੁਹਾਨੀ ਜੋਤ ਦਾ ਅਸਰ ਅਤੇ ਆਸਰਾ ਵਿਖਾਈ ਦਿੰਦਾ ਹੈ ਤਦ ਉਸ ਦੇ ਭਰੋਸੇ ਦੀ ਸਥਿਤੀ ਸਭ ਕਿਛੁ ਹੋਤ ਉਪਾਇ ਦੇ ਵਿਸ਼ਵਾਸ ਨਾਲ ਸੰਪੰਨ ਹੋ ਜਾਂਦੀ ਹੈ। ਇਹੀ ਬਾਣੀ ਜੀਵ ਆਤਮਾ ਨੂੰ ਉਸ ਦਾ ਅੰਤਿਮ ਸੱਚ ਦੱਸਦੀ ਹੋਈ ਨਿਰਭੈ ਪਦ ਦੀ ਸੋਝੀ ਦੇਂਦੀ ਹੈ।

** ਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ. ੯੯੧੫੩-੭੦੪੮੧*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਮੁੱਖ ਉਦੇਸ਼ ਮਨੁੱਖ ਨੂੰ ਨਾਮ ਜਪਣ ਲਈ ਉਤਸ਼ਾਹਿਤ ਕਰਨਾ ਹੈ। ਇਸ ਆਸ਼ੇ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਬ੍ਰਹਮ ਦੇ ਸਰੂਪ ਦੀ ਵਿਆਖਿਆ ਕਰਦਿਆਂ ਉਸ ਨੂੰ ਸਰਬ-ਵਿਆਪਕ, ਪਰ ਨਾਲ ਹੀ ਅਲੇਪ ਅਤੇ ਅਪਰੰਪਰ ਵੀ ਦੱਸਿਆ। ਅੰਤਿਮ ਨਿਖੇੜੇ ਵਿਚ ਉਹ ਮਨੁੱਖ ਨੂੰ ਨਿਰੰਕਾਰ ਨਾਲ ਅਭੇਦ ਕਰਨਾ ਚਾਹੁਦੇ ਹਨ। ਜਿਸ ਨਾਮੀ ਅਥਵਾ ਪਰਮਾਤਮਾ ਦੇ ਜਾਪ ਲਈ ਉਹ ਪ੍ਰੇਰਦੇ ਹਨ ਉਹ ਸੰਸਾਰ ਦੀ ਸੁੰਦਰ ਰਚਨਾ ਦਾ ਰਚਨਹਾਰ ਹੈ। ਪਰਮਾਤਮਾ ਨੂੰ ਉਨ੍ਹਾਂ ਬ੍ਰਹਮ, ਹਰੀ, ਨਿਰੰਜਨ, ਗੋਬਿੰਦ, ਰਾਮ ਅਤੇ ਪ੍ਰਭੂ ਆਦਿ ਅਨੇਕਾਂ ਨਾਵਾਂ ਨਾਲ ਸੰਬੋਧਿਤ ਕੀਤਾ ਹੈ। ਪਰਮਾਤਮਾ ਨੇ ਮਨੁੱਖ ਨੂੰ ਕਰਤਾਰੀ ਸ਼ਕਤੀਆਂ ਦਾ ਸੁਆਮੀ ਬਣਾ ਕੇ ਇਸ ਦੀ ਡੋਰ ਆਪਣੇ ਹੱਥ ਰੱਖੀ। ਸੋ ਪ੍ਰਭੂ ਦੀ ਸ਼ਰਨ ਵਿਚ ਆਇਆ ਮਨੁੱਖ ਇਨ੍ਹਾਂ ਕਰਤਾਰੀ ਗੁਣਾਂ ਦਾ ਪ੍ਰਯੋਗ ਕਰਦਿਆਂ ਆਪਣੇ ਆਪ ਦੀ ਬਜਾਇ ਰਾਮ ਅਥਵਾ ਪਰਮਾਤਮਾ ਨੂੰ ਹੀ ਮਨ, ਬਚਨ, ਕਰਮ ਕਰਕੇ ਕਰਤਾ ਮੰਨਦਾ ਹੈ:

*ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥*
*ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਗੁਰੂ ਸਾਹਿਬ ਨੇ ਹਰੀ ਜਾਂ ਪਰਮਾਤਮਾ ਨੂੰ ਸੰਤੁਲਿਤ ਵਿਅਕਤੀ ਦੇ ਹਿਰਦੇ ਵਿਚ ਨਿਵਾਸ ਰੱਖਣ ਵਾਲਾ 'ਬ੍ਰਹਮ' ਕਿਹਾ ਹੈ। ਸੰਸਾਰ ਦੀਆਂ ਸਭ ਵਸਤਾਂ ਅਪੂਰਨ ਹਨ। ਪੂਰਨ ਕੇਵਲ ਵਾਹਿਗੁਰੂ ਹੀ ਹੈ। ਉਸ ਦੀ ਪੂਰਨਤਾ ਦਾ ਵਿਚਾਰ ਗੁਰੂ ਸਾਹਿਬ ਇਸ ਤਰ੍ਹਾਂ ਅੰਕਿਤ ਕਰਦੇ ਹਨ:

*ਸਾਧੋ ਇਹੁ ਤਨੁ ਮਿਥਿਆ ਜਾਨਉ॥*
*ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥੧॥ਰਹਾਉ॥...*
*ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ *ਹਰਿ ਕੀ ਗਤਿ ਨਹੀ ਕੋਊ ਜਾਨੈ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥* ਦੇ ਅੰਤਰਗਤ ਦੱਸਦਿਆਂ ਕਿਹਾ ਅਸੀਂ ਉਸ ਪਰਾਰਬ੍ਰਹਮ ਦੀ ਅਨੰਤਤਾ, ਅਸੀਮਤਾ ਦੀ ਅਥਾਹ ਨਹੀਂ ਪਾ ਸਕਦੇ ਜੋ ਸਰਬ-ਨਿਵਾਸੀ ਵੀ ਹੈ ਅਤੇ ਅਲੇਪ ਅਪਰੰਪਰ ਵੀ ਹੈ। ਮਨੁੱਖ ਨੂੰ ਲੋੜਾਂ, ਪਦਾਰਥਾਂ ਤੇ ਰਿਸ਼ਤਿਆਂ ਦੇ ਤਿਆਗ ਰਾਹੀਂ ਉਸ ਸੱਚ ਨੂੰ ਨਹੀ ਵੇਖਣਾ ਬਲਕਿ ਇਨ੍ਹਾਂ ਚੀਜ਼ਾਂ ਦੀ ਪਕੜ ਤੋਂ ਉੱਤੇ ਉਠ ਕੇ (ਸਰਬ ਨਿਵਾਸੀ) ਜੋ ਸਾਡੇ ਅੰਦਰ ਵਸ ਰਿਹਾ ਹੈ, ਦੀ ਪਹਿਚਾਣ ਕਰਨੀ ਚਾਹੀਦੀ ਹੈ:

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥*

*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*

ਅਗਲੇ ਪੜਾਅ 'ਤੇ ਗੁਰੂ ਸਾਹਿਬ ਨੇ ਇਹ ਪ੍ਰਸ਼ਨ ਉਠਾਇਆ ਕਿ ਪ੍ਰਾਣੀ ਕਿਹੜਾ ਉਪਾਅ ਕਰੇ, ਕਿਹੜੀ ਵਿੱਦਿਆ ਪੜ੍ਹੇ, ਕਿਸ ਧਰਮ ਦਾ ਪਾਂਧੀ ਬਣੇ, ਕਿਸ ਗੁਰੂ ਕੋਲੋਂ ਨਾਮ ਲਵੇ ਅਤੇ ਕਿਸ ਤਰ੍ਹਾਂ ਮੌਤ ਦਾ ਡਰ ਮਿਟ ਜਾਵੇ ਅਤੇ ਸੰਸਾਰ ਦੇ ਭਵ-ਸਾਗਰ ਤੋਂ ਪਾਰ ਉਤਾਰਾ ਹੋਵੇ:

*-ਪ੍ਰਾਨੀ ਕਉਨੁ ਉਪਾਉ ਕਰੈ॥*
*ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ॥੧॥ਰਹਾਉ॥*
*ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ॥*
*ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)*

ਇਸ ਪ੍ਰਸ਼ਨ ਦਾ ਉੱਤਰ ਗੁਰ ਸਾਹਿਬ ਦਾਰਸ਼ਨਿਕ ਪੱਧਰ 'ਤੇ ਦਿੰਦੇ ਹਨ:

*-ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥*
*ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥੨॥*
*ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥*
*ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥੩॥੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨॥*

ਗੁਰੂ ਸਾਹਿਬ ਦੇ ਚਿੰਤਨ ਅਨੁਸਾਰ ਹਰੀ ਜਾਂ ਪਾਰਬ੍ਰਹਮ ਮਨੁੱਖੀ ਹਿਰਦੇ ਦੀਆਂ ਡੂੰਘਾਣਾਂ ਵਿਚ ਵਸਦਾ ਹੈ। ਫੁੱਲਾਂ ਵਿਚ ਸੁਗੰਧੀ ਦੀ ਤਰ੍ਹਾਂ ਹਰੀ ਬ੍ਰਹਿਮੰਡ ਦੀ ਵਿਸ਼ਾਲਤਾ ਵਿਚ ਵਿਆਪਕ ਹੈ। ਇਸ ਰਹੱਸ ਦੀ ਸੋਝੀ ਨਾਮ ਮਾਰਗ ਉੱਤੇ ਚੱਲ ਕੇ ਮਿਲਦੀ ਹੈ। ਜਿਸ ਵਿਅਕਤੀ ਉਤੇ ਦੈਵੀ ਕਿਰਪਾ ਹੋ ਜਾਵੇ ਤਦ ਅੰਤਰਬੋਧੀ ਢੰਗ ਰਾਹੀਂ ਅਧਿਆਤਮਿਕ ਪ੍ਰਾਪਤੀ ਦੀ ਸੰਭਾਵਨਾ ਬਣਦੀ ਹੈ:

*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹਿ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਇਸੇ ਤਰ੍ਹਾਂ ਗੁਰੂ ਸਾਹਿਬ ਦੇ ਦਾਰਸ਼ਨਿਕ ਸੰਕਲਪਾਂ ਦੇ ਘੇਰੇ ਵਿਚ 'ਮਨੁੱਖ' ਦਾ ਸੰਕਲਪ ਵਿਸ਼ੇਸ਼ ਧਿਆਨ ਦਾ ਪਾਤਰ ਹੈ। ਗੁਰੂ ਸਾਹਿਬ ਅਨੁਸਾਰ ਬ੍ਰਹਮ ਦੀ ਜਗਤ ਰਚਨਾ ਵਿਚ ਸਭ ਤੋਂ ਮਹੱਤਵਪੂਰਨ ਅਤੇ ਵਚਿੱਤਰ ਰਚਨਾ ਮਨੁੱਖ ਦੀ ਹੈ। ਜੋ ਧਰਤੀ ਦਾ ਸਰਦਾਰ ਤੇ ਬਾਕੀ ਦੀਆਂ ਸਾਰੀਆਂ ਜੂਨੀਆਂ ਉਸ ਤੋਂ ਹੇਠਾਂ ਹਨ। ਮਨੁੱਖਾ ਜਨਮ ਬੜਾ ਅਮੋਲਕ ਹੈ ਅਤੇ ਅਨੇਕ ਜੂਨਾਂ ਦੇ ਚੱਕਰ ਕਟਦਿਆਂ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ ਇਸ ਬਾਣੀ ਅਨੁਸਾਰ- *ਮਾਨਸੁ ਜਨਮੁ ਅਮੋਲਕੁ ਪਾਇਓ* ਅਤੇ *ਦੁਰਲਭ ਦੇਹ*

*ਪਾਇ ਮਾਨਸ ਕੀ* ਮਨੁੱਖੀ ਹੋਂਦ ਦੀਆਂ ਮੂਲ ਸਚਾਈਆਂ ਹਨ। ਸੋ ਮਨੁੱਖੀ ਜੀਵ ਨੂੰ ਪ੍ਰਭੂ ਮਿਲਣ ਦਾ ਅਵਸਰ ਗਵਾਉਣਾ ਨਹੀ ਚਾਹੀਦਾ:

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧)*

ਇਹ ਸਰੀਰ ਪੰਜ ਤੱਤਾਂ ਦਾ ਬਣਿਆ ਹੈ ਜੋ ਅੰਤ ਵਿਚ ਇਨ੍ਹਾਂ ਤੱਤਾਂ ਵਿਚ ਹੀ ਸਮਾ ਜਾਂਦਾ ਹੈ:

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥*
*ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਇਹ ਸਰੀਰ ਭਾਵੇਂ ਮਿੱਟੀ ਦਾ ਪੁਤਲਾ ਹੈ, ਪਰ ਇਸ ਨੂੰ ਚਲਾਉਣ ਵਾਲੀ ਈਸ਼ਵਰ ਸ਼ਕਤੀ ਆਤਮਾ ਇਸ ਦੇ ਅੰਦਰ ਹੀ ਵਸਦੀ ਹੈ ਜੋ ਸੱਚ ਹੈ। ਜਿਸ ਨੂੰ ਪਛਾਣਨਾ 'ਰਾਮ' ਨੂੰ ਜਾਣਨਾ ਹੈ, ਪਰ ਮਨੁੱਖ ਦੀ ਇਹ ਤ੍ਰਾਸਦੀ ਹੈ ਕਿ ਉਹ ਆਦ੍ਰਿਸ਼ਟ 'ਰਾਮ' ਨੂੰ ਪਛਾਣਨ ਦੀ ਥਾਂ ਕੇਵਲ ਸਰੀਰ ਨੂੰ ਸਤਿ ਮੰਨ ਕੇ ਇਸ ਦੀ ਪਾਲਣਾ ਦੇ ਆਹਰ ਵਿਚ ਰੁੱਝਿਆ ਰਹਿੰਦਾ ਹੈ। ਜਿਸ ਕਾਰਨ ਜੀਵਨ ਵਿਅਰਥ ਲੰਘ ਜਾਂਦਾ ਹੈ। ਸੋਚਣ ਦੀ ਲੋੜ ਹੈ ਕਿ ਮਨੁੱਖ ਜੀਵਨ ਦਾ ਅਵਸਰ ਅਮੁੱਲ ਅਤੇ ਦੁਰਲੱਭ ਹੈ। ਪ੍ਰਭੂ ਕਿਰਪਾ ਦੁਆਰਾ ਪ੍ਰਾਪਤ ਸਰੀਰ ਦੇ ਸਿਰਜਣਹਾਰੇ ਨੂੰ ਭੁੱਲ ਜਾਣਾ, ਨਾਸ਼ੁਕਰਾ ਹੋਣ ਕਾਰਨ ਹੀ ਜੀਵਨ ਦੇ ਸਾਰੇ ਸੰਕਟ ਵਿਆਪਦੇ ਹਨ। ਸੋ ਮਨੁੱਖੀ ਸਰੀਰ ਨੂੰ ਇੱਕ ਚੰਗਾ ਵਾਹਨ ਬਣਾ ਕੇ ਆਤਮਾ ਨੂੰ ਸਫਲ ਯਾਤਰਾ ਕਰਾਉਣਾ ਹੀ ਮਨੁੱਖ ਦਾ ਮੁੱਖ ਮਨੋਰਥ ਹੈ। ਪਰ ਜਗਤ ਵਿਚ ਮਨੁੱਖ ਦੀ ਸਥਿਤੀ ਦੱਸਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ। ਕਿ ਉਹ "ਗਾਫਲ" ਸੌਂ ਰਿਹਾ ਹੈ, ਬਾਵਰਾ ਆਪਣਾ ਕੰਮ ਵਿਗਾੜ ਰਿਹਾ ਹੈ ਉਸ ਨੂੰ ਸੋਝੀ ਨਹੀਂ ਕਿ *ਮਿਥਿਆ ਤਨੁ ਸਾਚੋ ਕਰਿ ਮਾਨਿਓ* ਹੈ। ਉਸ ਨੂੰ ਇਹ ਸੋਝੀ ਨਹੀਂ ਕਿ *ਛਿਨੁ ਛਿਨੁ ਅਉਧ ਬਿਹਾਤੁ ਹੈ*ਦੁਨੀਆ ਦੇ ਲੋਭ ਲਾਲਚ ਵਿਚ ਉਲਝਿਆਂ ਹੋਇਆ ਉਸ ਦਾ ਮਨ *ਬੂਝੇ ਨਹ ਕਛੁ ਗਿਆਨਾ* ਵਾਲੀ ਸਥਿਤੀ ਵਿਚ ਗੁਜ਼ਰਦਾ ਵਿਖਾਈ ਦਿੰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਫ਼ਲਸਫ਼ੇ ਵਿਚ ਜਗਤ ਰਚਨਾ ਨੂੰ 'ਅਨਾਦੀ' ਨਹੀ ਮੰਨਿਆ ਬਲਕਿ ਇਹ ਰਚਨਹਾਰ ਦੀ ਰਚਨਾ ਹੈ। ਰਚਨਾ ਅਤੇ ਬਿਨਸਨਾ ਪ੍ਰਭੂ ਦੀ ਇੱਕ ਅਸਚਰਜ ਖੇਡ ਹੈ, ਜਿਸ ਬਾਰੇ ਮਨੁੱਖ ਨਹੀਂ ਜਾਣ ਸਕਦਾ। ਜੋ ਰਚਿਆ ਗਿਆ ਹੈ ਉਹ ਆਦਿ ਵੀ ਹੈ, ਅੰਤ ਵੀ ਹੈ- *ਜੋ ਦੀਸੈ ਸੋ ਸਗਲ ਬਿਨਾਸੈ* ਹੈ। ਉਹ ਦ੍ਰਿਸ਼ਟ ਵੀ ਹੈ ਅਦ੍ਰਿਸ਼ਟ ਵੀ ਹੈ। ਉਸ ਦੇ ਨਿਯਮ ਨੂੰ ਕੋਈ ਨਹੀਂ ਜਾਣ ਸਕਦਾ। ਗੁਰੂ ਸਾਹਿਬ ਫੁਰਮਾਉਂਦੇ ਹਨ:

*ਸਾਧੋ ਰਚਨਾ ਰਾਮ ਬਨਾਈ॥*
*ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*

ਜਗਤ ਰਚਨਾ ਕਾਲ ਦੇ ਅਧੀਨ ਹੋਣ ਕਾਰਨ ਝੂਠੀ ਹੈ। ਇਸ ਫ਼ਲਸਫ਼ੇ ਅਨੁਸਾਰ ਕੇਵਲ ਸਥਿਰ ਤੇ ਸਦੀਵੀ ਹੀ ਸੱਚਾ ਤੇ ਅਕਾਲ ਹੈ ਗੁਰੂ ਸਾਹਿਬ ਨੇ ਜਗਤ ਦੀ ਵਿਵਹਾਰਿਕ ਸੱਤਾ ਹੋਣ ਕਾਰਨ ਇਸ ਨੂੰ ਪਰਿਵਰਤਨਸ਼ੀਲ, ਬਿਨਸਨਹਾਰ, ਮਿਥਿਆ, ਸੁਪਨਾ, ਧੂੰਏ ਦਾ ਪਹਾੜ, ਬਾਰੂ ਕੀ ਭੀਤਿ ਤੇ ਮ੍ਰਿਗ ਤ੍ਰਿਸ਼ਨਾ ਦੱਸਿਆ। ਗੁਰੂ ਸਾਹਿਬ ਨੇ ਜਗਤ ਨੂੰ ਨਾਸ਼ਮਾਨ ਮੰਨਦੇ ਹੋਏ ਕਿਹਾ:

*-ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*
*-ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ॥*
*ਯਹ ਦੇਖਹੁ ਰਿਦੈ ਬਿਚਾਰਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)*
*-ਸਗਲ ਜਗਤੁ ਹੈ ਜੈਸੇ ਸੁਪਨਾ*
*ਬਿਨਸਤ ਲਗਤ ਨ ਬਾਰ॥੧॥ਰਹਾਉ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਗੁਰੂ ਸਾਹਿਬ ਦੇ ਸ੍ਰਿਸ਼ਟੀ ਨੂੰ ਸੁਪਨਾ, ਮਿਥਿਆ, ਮ੍ਰਿਗ ਤ੍ਰਿਸ਼ਨਾ ਕਹਿਣ ਤੋਂ ਭਾਵ ਇਹ ਨਹੀਂ ਕਿ ਜਗਤ ਦੀ ਕੋਈ ਹਸਤੀ ਨਹੀਂ। ਕੇਵਲ ਆਪਣੇ ਆਪ ਵਿਚ ਇਹ ਸੱਚਾਈ ਨਹੀਂ। ਪਰ ਸੱਚਾਈ ਉਸ ਕਰਤਾਰੀ ਸ਼ਕਤੀ ਵਿਚ ਹੈ ਜਿਸ ਨੇ ਇਸ ਨੂੰ ਹੋਂਦ ਵਿਚ ਲਿਆਂਦਾ। ਉਸ ਨੇ- *ਅਪਨੀ ਮਾਇਆ ਆਪਿ ਪਸਾਰੀ* ਹੈ ਅਤੇ ਆਪ ਹੀ ਦੇਖਣਹਾਰਾ ਹੈ। ਮਨੁੱਖ ਦੀ ਤ੍ਰਾਸਦੀ ਇਹ ਹੈ ਕਿ ਉਹ ਝੂਠੇ ਸੰਸਾਰ ਨੂੰ ਸੱਚ ਜਾਣ ਕੇ ਇਸ ਵਿਚ ਰੁਚੀ ਰੱਖਦਾ ਹੈ। ਗੁਰੂ ਸਾਹਿਬ ਦੀ ਬਾਣੀ ਇਸ ਭੁਲੇਖੇ ਦੇ ਵਿਰੁੱਧ ਨਿਰੰਤਰ ਤਾੜਨਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਜਗਤ ਰਚਨਾ ਦੀ ਅਸਲੀਅਤ ਦਾ ਨਿਰਣਾ ਕਰਨ ਉਪਰੰਤ ਦੱਸਦੇ ਹਨ ਦ੍ਰਿਸ਼ਟਮਾਨ ਜਗਤ ਰਚਨਾ ਪ੍ਰਕ੍ਰਿਤੀ ਜਾਂ ਮਾਇਆ ਹੈ। ਪ੍ਰਭੂ ਆਪ ਅਦ੍ਰਿਸ਼ਟ ਹੈ, ਪਰ ਉਸ ਦੀ ਮਾਇਆ ਕਈ ਰੂਪਾਂ ਵਿਚ ਵਰਤ ਕੇ ਬਖਸ਼ੀ ਹੋਈ ਕਾਰ ਕਰ ਰਹੀ ਹੈ। ਇਹ ਮਾਇਆ ਪ੍ਰਭੂ ਨੇ ਰਚੀ ਹੈ ਅਤੇ ਮਨੁੱਖ ਜੀਵਨ ਦੇ ਨਿਰਬਾਹ ਅਤੇ ਵਿਕਾਸ ਲਈ ਬੜੀ ਲੋੜੀਂਦੀ ਹੈ। ਇਸ ਦੀ ਯੋਗ ਵਰਤੋਂ ਜੀਵਨ ਲਈ ਸੁਖਦਾਈ ਤੇ ਲਾਭਕਾਰੀ ਹੈ। ਇਹ ਠੀਕ ਹੈ ਕਿ ਧਨ, ਦੌਲਤ, ਰਾਜ, ਮਿਲਖ, ਪੁੱਤਰ, ਮਿੱਤਰ, ਸਾਕ-ਸੰਬੰਧੀ ਆਦਿ ਸਾਰੀਆਂ ਦਾਤਾਂ ਜੀਵਨ ਦੇ ਸੁੱਖ ਲਈ ਹਨ। ਪਰ ਇਨ੍ਹਾਂ ਵਿਚ ਹੀ ਰਚ ਜਾਣਾ ਮਾਇਆ ਦੇ ਭਰਮ ਵਿਚ ਫਸ ਜਾਣਾ ਹੈ। ਜੇ ਮਾਇਆ ਦੀ ਵਾਸਤਵਿਕਤਾ ਨੂੰ ਨਾ ਸਮਝਿਆ ਜਾਵੇ ਤਾਂ ਇਹ ਭਰਮ-ਜਾਲ ਬਣ ਜਾਂਦੀ ਹੈ ਅਤੇ ਇਸ ਦੇ ਮੋਹ ਵਿਚ ਸੰਕਟ ਹੀ ਸੰਕਟ ਹਨ। ਜੇਕਰ ਜਗਤ- *ਮ੍ਰਿਗ ਤ੍ਰਿਸਨਾ ਜਿਉ ਝੂਠੋ* ਹੈ ਤਾਂ ਇਸ ਦੇ ਮਨੁੱਖੀ ਸੰਬੰਧ ਵੀ ਕੋਰੇ ਤੇ ਝੂਠੇ ਹੋਣਗੇ। ਹਰ ਸੰਸਾਰੀ ਜੀਵ ਜੋ ਆਪਣੇ ਸੁੱਖ ਦੀ ਭਾਲ ਵਿਚ ਹੈ, ਉਸੇ ਦਾ ਸਾਥ ਦੇਵੇਗਾ ਜਿਸ ਪਾਸੇ ਉਸ ਨੂੰ ਸੁੱਖ ਦੀ ਆਸ ਹੈ। ਸੋ ਗੁਰੂ ਸਾਹਿਬ ਨੇ ਤਾਂ ਅਧਿਆਤਮਿਕ ਅਨੰਦ ਦੀ ਪ੍ਰਾਪਤੀ ਲਈ ਆਪਣੇ ਸੱਕੇ ਸਬੰਧਾਂ ਨੂੰ ਵੀ ਉਪਯੋਗੀ ਨਾ ਮੰਨ ਕੇ ਬਖੇੜਿਆਂ ਦਾ

ਕਾਰਨ ਦੱਸਿਆ ਹੈ ਜੋ ਸੰਕਟ ਕਾਲ ਵਿਚ ਇਕੱਲਿਆਂ ਛੱਡ ਕੇ ਭੱਜ ਜਾਣ ਵਾਲੇ ਹਨ:

*-ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥*
*ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)*
*-ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ॥*
*ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)*

ਸੋ ਗ੍ਰਿਹਸਥ ਵਿਚ ਰਹਿੰਦਿਆਂ, ਕਾਰ-ਵਿਹਾਰ ਕਰਦਿਆਂ ਅਤੇ ਪਦਾਰਥਕ ਲੋੜਾਂ ਦੀ ਪੂਰਤੀ ਕਰਦਿਆਂ ਉਨ੍ਹਾਂ ਵੱਲੋਂ ਨਿਰਲੇਪਤਾ ਦਾ ਵੀ ਵਤੀਰਾ ਧਾਰਨ ਕਰ ਸਕਣਾ ਬੜਾ ਬਿਖਮ ਕਾਜ ਹੈ। ਪਰ ਉਚੇ ਆਤਮਿਕ ਦਰਜਿਆਂ ਦੀ ਸਹਿਜ ਅਵਸਥਾ ਤਕ ਅਪੜਨ ਲਈ ਨਿਰਲੇਪਤਾ ਦਾ ਧਾਰਨੀ ਬਣਨਾ ਪੈਂਦਾ ਹੈ। ਇਸ ਲਈ ਮਾਇਆ ਦੇ ਬੰਧਨ ਤੋਂ ਮੁਕਤ ਹੋਣ ਦੀ ਲੋੜ ਹੈ ਕਿਉਂਕਿ ਮਾਇਆ ਤੋਂ ਨਿਰਲੇਪਤ ਹੀ ਆਤਮਾ ਹੀ ਪਰਮਾਤਮਾ ਨਾਲ ਇਕਮਿਕ ਹੋ ਸਕਦੀ ਹੈ।

ਆਤਮਾ ਤੇ ਪਰਮਾਤਮਾ ਦੀ ਇਕਮਿਕਤਾ ਵਿੱਚੋਂ ਹੀ ਮੁਕਤੀ ਵਾਲੀ ਸਥਿਤੀ ਬਣਦੀ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ 'ਨਿਰਬਾਣ ਪਦ' ਦਾ ਉਲੇਖ ਕਈ ਵਾਰ ਕੀਤਾ ਹੈ ਅਤੇ ਇਸ ਦੀ ਪ੍ਰਾਪਤੀ ਨੂੰ ਕਠਿਨ ਖੇਲ ਆਖਿਆ ਹੈ। 'ਨਿਰਬਾਣ' ਬੋਧੀ ਚਿੰਤਨ ਤੋਂ ਆਇਆ ਸੰਕਲਪ ਹੈ, ਜੋ ਕਲੇਸ਼ ਰਹਿਤ ਅਵਸਥਾ ਦਾ ਸੂਚਕ ਹੈ। ਦੁੱਖਾਂ ਤੋਂ ਛੁਟਕਾਰੇ ਦੀ ਇਹ ਅਵਸਥਾ ਮਨੁੱਖੀ ਹੋਂਦ ਦੇ ਅੰਤ ਵੱਲ ਸੰਕੇਤ ਕਰਦੀ ਹੈ। ਭਾਰਤੀ ਫ਼ਲਸਫ਼ੇ ਦੀਆਂ ਧਾਰਨਾਵਾਂ ਵਿਚ ਮੋਖ ਜਾਂ ਮੁਕਤੀ ਦਾ ਵਿਸ਼ੇਸ਼ ਸਥਾਨ ਹੈ। ਜੋ ਆਤਮਾ ਦੀ ਆਵਾਗਵਨ ਦੇ ਚੱਕਰ ਤੋਂ ਸੁਤੰਤਰਤਾ ਦੀ ਅਵਸਥਾ ਹੈ। ਗੁਰਬਾਣੀ ਵਿਚ ਮੁਕਤੀ ਜਾਂ ਨਿਰਬਾਣ ਦੇ ਅਰਥਾਂ ਨੂੰ ਵਿਭਿੰਨ ਪਰੰਪਰਾਵਾਂ ਨਾਲ ਜੋੜ ਕੇ ਪੇਸ਼ ਨਹੀਂ ਕੀਤਾ ਗਿਆ ਸਗੋਂ ਅਧਿਆਤਮਿਕ ਪ੍ਰਾਪਤੀ ਦੀ ਉੱਚਤਮ ਅਵਸਥਾ ਨੂੰ ਇਨ੍ਹਾਂ ਸੰਕੇਤਾਂ ਦੁਆਰਾ ਪ੍ਰਗਟਾਇਆ ਗਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਫ਼ਲਸਫ਼ੇ ਵਿਚ ਜੀਵਨ-ਮੁਕਤ ਵਿਅਕਤੀ ਦਾ ਪ੍ਰਮੁੱਖ ਲੱਛਣ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਹੈ:

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ਰਹਾਉ॥...*
*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਜਿਸ ਵਿਅਕਤੀ ਨੇ ਮਾਣ ਤੇ ਮੋਹ ਦੀਆਂ ਤੰਦਾਂ ਦਾ ਤਿਆਗ ਕਰ ਦਿੱਤਾ ਹੈ ਅਤੇ ਭਗਤੀ ਰਾਹੀਂ ਸੰਸਾ ਮਿਟਾ ਲਿਆ ਹੈ ਉਹ ਮਨੁੱਖੀ ਹੋਂਦ ਦੀਆਂ ਸੀਮਾਵਾਂ ਵਿਚ ਰਹਿੰਦਾ ਹੋਇਆ ਵੀ ਮੁਕਤ ਹੈ। ਇੱਥੋਂ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ

ਫ਼ਲਸਫ਼ੇ ਵਿੱਚੋਂ ਦੋ ਕੀਮਤਾਂ ਨਵੇਕਲਾ ਪ੍ਰਭਾਵ ਦਿੰਦੀਆਂ ਹਨ- ਨਿਰਲੇਪਤਾ ਅਤੇ ਨਿਰਭੈਤਾ ਦੀਆਂ ਕੀਮਤਾਂ। ਇਹ ਦੋਵੇ ਤੱਤ ਉੱਤਮ ਜੀਵਨ ਦੀ ਗਵਾਹੀ ਦਿੰਦੇ ਹਨ। ਗੁਰੂ ਸਾਹਿਬ ਦਾ ਜੀਵਨ-ਕਾਰਜ ਅਤੇ ਗੁਰਬਾਣੀ ਦੀ ਸਮੁੱਚੀ ਸਿਧਾਂਤਕ ਫ਼ਿਲਾਸਫ਼ੀ ਇਸ ਨਿਰਣੈ ਸਬੰਧੀ ਕੋਈ ਸੰਦੇਹ ਨਹੀ ਰਹਿਣ ਦਿੰਦੀ ਕਿ ਜਗਤ ਤੇ ਜੀਵਨ ਵੱਲੋਂ ਭਾਲ ਜਾਂ ਬੇਮੁਖਤਾ ਗੁਰਮਤਿ ਦੇ ਆਸ਼ੇ ਵਿਚ ਸ਼ਾਮਿਲ ਨਹੀਂ। ਗੁਰਬਾਣੀ ਉਪਰਾਮਤਾ ਦੀ ਪ੍ਰੇਰਨਾ ਨਹੀਂ ਦਿੰਦੀ ਗੁਰੂ ਸਾਹਿਬ ਜਦੋਂ ਕਹਿੰਦੇ ਹਨ- *ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ* ਦਾ ਉਲੇਖ ਕਰਦੇ ਹਨ, ਉਹੀ ਜੀਵਨ ਮੁਕਤੀ ਦੀ ਅਵਸਥਾ ਹੈ।

ਜੇਕਰ ਅਧਿਆਤਮਿਕ ਪ੍ਰਾਪਤੀ ਮਨੁੱਖੀ ਜੀਵਨ ਦਾ ਅੰਤਿਮ ਉਦੇਸ਼ ਹੈ ਤਾਂ ਜੀਵਨ ਦੀ ਸਾਰਥਿਕਤਾ ਇਸ ਪ੍ਰਾਪਤੀ ਨੂੰ ਸੰਭਵ ਬਣਾਉਣ ਵਾਲੇ ਕਰਮਾਂ ਵਿਚ ਹੀ ਹੋ ਸਕਦੀ ਹੈ। ਮਾਨਵਵਾਦੀ ਚਿੰਤਕਾਂ ਅਨੁਸਾਰ ਮਨੁੱਖ ਹੋਂਦ ਦੀ ਅਰਥਹੀਣਤਾ ਕੋਈ ਮਾਇਨੇ ਨਹੀਂ ਰੱਖਦੀ। ਇਸ ਨੂੰ ਅਰਥ ਦੇਣ ਲਈ ਕਾਰਜ ਕਰਨ ਦੀ ਲੋੜ ਹੈ। ਗੁਰਬਾਣੀ ਚਿੰਤਨ ਵੀ ਇਸੇ ਗੱਲ ਦੀ ਹਾਮੀ ਭਰਦਾ ਹੈ ਕਿ ਮਨੁੱਖ ਸਹੀ ਕਦਰਾਂ-ਕੀਮਤਾਂ ਨੂੰ ਅਪਣਾਉਂਦਿਆਂ ਹੀ ਵਿਅਕਤੀਗਤ ਆਪੇ ਦੀਆਂ ਡੂੰਘੀਆਂ ਮੰਗਾਂ, ਸਮਾਜਿਕ ਸੰਬੰਧਾਂ ਨੂੰ ਵਧੇਰੇ ਸੁਖਾਵਾਂ, ਉਪਯੋਗੀ ਅਤੇ ਸੁਹਜਪੂਰਨ ਬਣਾ ਸਕਦਾ ਹੈ।

ਫ਼ਲਸਫ਼ਾ, ਧਰਮ ਅਤੇ ਸਮਾਜਿਕ ਸੰਸਥਾਵਾਂ ਸਮੇਂ-ਸਮੇਂ ਕੀਮਤਾਂ ਤੇ ਆਦਰਸ਼ਾਂ ਦੇ ਬਣੇ ਬਣਾਏ ਢਾਂਚੇ ਵਿਅਕਤੀ ਦੀ ਚੋਣ ਲਈ ਪ੍ਰਸਤੁਤ ਕਰਦੇ ਹਨ ਜੋ ਉਨ੍ਹਾਂ ਨੂੰ ਜੀਵਨ ਦੀ ਸੇਧ ਅਤੇ ਕਾਰਜ ਦਾ ਉਤਸ਼ਾਹ ਬਖ਼ਸ਼ਦੇ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਸਚਿਆਰਾ ਬਣਾ ਕੇ ਬਾਹਰਲੀ ਦੁਨੀਆ ਤੋਂ ਅੰਦਰਲੀ ਦੁਨੀਆ ਤਕ ਲਿਜਾਣ ਲਈ ਮਾਰਗ-ਦਰਸ਼ਨ ਕਰਦੀ ਹੈ। ਅੰਦਰਲੀ ਦੁਨੀਆ ਵਿਚ ਪਹੁੰਚ ਕੇ ਵਿਅਕਤੀ ਆਪਣੇ ਮਨ, ਬੁੱਧੀ, ਚਿੱਤ, ਅਹੰਕਾਰ, ਆਦਿ ਨੂੰ ਚੰਗੀ ਤਰ੍ਹਾਂ ਵੇਖਦਾ, ਸਮਝਦਾ ਤੇ ਤਾੜਦਾ ਹੈ। ਅਜਿਹੀ ਸਥਿਤੀ ਵਿਚ ਵਿਚਰਦਿਆਂ ਉਹ ਉਪਰਲੀ ਦੁਨੀਆ ਦੇ ਸ਼ੁਭ ਗੁਣਾਂ ਅਤੇ ਚੇਤੰਨ ਹੋਂਦ ਵੱਲ ਅਗਰਸਰ ਵਿਖਾਈ ਦਿੰਦਾ ਹੈ। ਗੁਰੂ ਸਾਹਿਬ ਨੇ ਤਨ ਅਤੇ ਆਤਮਾ ਦਾ ਭੇਦ ਕਰਦੇ ਹੋਏ ਬਿਬੇਕ ਅਵਸਥਾ ਦਾ ਵਰਣਨ ਕੀਤਾ, ਜਿੱਥੋਂ ਆਤਮਿਕ ਜੀਵਨ ਦਾ ਮੁੱਢ ਬੱਝਦਾ ਹੈ:

*ਸਾਧੋ ਇਹੁ ਤਨੁ ਮਿਥਿਆ ਜਾਨਉ॥*
*ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)*

ਇਸ ਤਰ੍ਹਾਂ ਇਸ ਫ਼ਲਸਫ਼ੇ ਦੀ ਜੀਵਨ-ਜਾਚ ਆਪਣੇ ਆਪ ਤੋਂ ਉੱਪਰ ਉੱਠ ਕੇ ਜ਼ਿੰਦਗੀ ਜੀਊਣ ਦੀ ਜਾਚ ਹੈ। ਆਸਾ, ਕਾਮਨਾ ਦਾ ਤਿਆਗ ਜੋ ਜੀਵਨ ਮੁਕਤਿ ਦੀ ਜਰੂਰੀ ਸ਼ਰਤ ਹੈ, ਅਤਿ ਔਖਾ ਪੰਧ ਹੈ। ਇਹ ਮਨੁੱਖ ਦੀ ਨਵੇਂ ਸਿਰਿਓਂ ਘਾੜਤ ਹੈ, ਉਸ ਦੀਆਂ ਕਦਰਾਂ-ਕੀਮਤਾਂ ਦੀ, ਉਸ ਦੇ ਸਦੀਵਤਾ ਨਾਲ ਸੰਬੰਧਾਂ ਦੀ। ਬੇਸ਼ੱਕ ਇਹ ਕਠਿਨ ਕਾਰਜ ਹੈ ਪਰ ਅਸੰਭਵ ਨਹੀਂ। ਗੁਰੂ ਸਾਹਿਬ ਨੇ ਆਪਣੀ ਇਤਿਹਾਸਿਕ ਕਰਨੀ, ਬਾਣੀ ਵਿਚਾਰਧਾਰਾ

ਅਤੇ ਅਨੁਭਵੀ ਜੀਵਨ ਦੇ ਸਰਬਪੱਖੀ ਪੱਖਾਂ ਨੂੰ ਇੱਕ ਸੁਰਤਾ ਵਿਚ ਪਰੋ ਕੇ ਸਮੁੱਚੀ ਮਾਨਵਤਾ ਲਈ ਸਰਬਸਾਂਝਾ ਉਪਦੇਸ਼ ਦਿੱਤਾ। ਜੋ ਸਮੁੱਚੀ ਲੋਕਾਈ ਲਈ ਜਿੱਥੇ ਮਾਰਗ-ਦਰਸ਼ਨ ਬਣਦਾ ਹੈ ਉੱਥੇ ਉਸ ਨੂੰ ਆਪਣੇ ਅੰਤਿਮ ਲਕਸ਼ ਦੀ ਸੋਝੀ ਵੀ ਦਿੰਦਾ ਹੈ। ਇਸ ਧਰਮ ਚਿੰਤਨ ਦੀ ਵਰਤਮਾਨ ਸਮੇਂ ਵਿਚ ਤਾਂ ਕੀ ਸਗੋਂ ਹਰ ਸਮੇਂ ਵਿਚ ਮਹੱਤਤਾ ਤੇ ਪ੍ਰਸੰਗਿਕਤਾ ਬਣੀ ਰਹੇਗੀ।

## ਦਸੰਬਰ ੨੦੨੫ ਅਤੇ ਜਨਵਰੀ ੨੦੨੬ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ | ੧੯ ਮੱਘਰ ੦੪ ਦਸੰਬਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ | ੨੯ ਮੱਘਰ ੧੪ ਦਸੰਬਰ |
| ਸਥਾਪਨਾ ਦਿਵਸ ਸ਼੍ਰੋਮਣੀ ਅਕਾਲੀ ਦਲ | ੨੯ ਮੱਘਰ ੧੪ ਦਸੰਬਰ |
| ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ | ੦੬ ਪੋਹ ੨੦ ਦਸੰਬਰ |
| ਪਰਿਵਾਰ ਵਿਛੋੜਾ ਸਰਸਾ ਨੰਗਲ | ੦੭ ਪੋਹ ੨੧ ਦਸੰਬਰ |
| ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) | ੦੭ ਪੋਹ ੨੧ ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | ੦੮ ਪੋਹ ੨੨ ਦਸੰਬਰ |
| ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ | ੦੯ ਪੋਹ ੨੩ ਦਸੰਬਰ |
| ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | ੧੩ ਪੋਹ ੨੭ ਦਸੰਬਰ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੧੩ ਪੋਹ ੨੭ ਦਸੰਬਰ |
| ਸ਼ਹੀਦੀ ਦਿਹਾੜਾ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਜੀ | ੨੩ ਪੋਹ ੦੬ ਜਨਵਰੀ |
| ਨੀਂਹ-ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) | ੦੧ ਮਾਘ ੧੪ ਜਨਵਰੀ |
| ਜੋੜ ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) | ੦੧ ਮਾਘ ੧੪ ਜਨਵਰੀ |
| ਚਾਬੀਆਂ ਦਾ ਮੋਰਚਾ (ਸ੍ਰੀ ਅੰਮ੍ਰਿਤਸਰ) | ੦੭ ਮਾਘ ੨੦ ਜਨਵਰੀ |
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ- (ਗੁਰੂ ਕਾ ਲਾਹੌਰ) | ੧੦ ਮਾਘ ੨੩ ਜਨਵਰੀ |
| ਬਸੰਤ ਪੰਚਮੀ | ੧੦ ਮਾਘ ੨੩ ਜਨਵਰੀ |
| ਜਨਮ-ਦਿਹਾੜਾ ਬਾਬਾ ਦੀਪ ਸਿੰਘ ਜੀ | ੧੪ ਮਾਘ ੨੭ ਜਨਵਰੀ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੧੮ ਮਾਘ ੩੧ ਜਨਵਰੀ |

**ਪੂਰਨਮਾਸੀ** ੧੯ ਮੱਘਰ ੦੪ ਦਸੰਬਰ, **ਸੰਗਰਾਂਦ** ੦੧ ਪੋਹ ੧੫ ਦਸੰਬਰ
**ਮੱਸਿਆ** ੦੫ ਪੋਹ ੧੯ ਦਸੰਬਰ, **ਪੂਰਨਮਾਸੀ** ੨੦ ਪੋਹ ੦੩ ਜਨਵਰੀ
**ਸੰਗਰਾਂਦ** ੦੧ ਮਾਘ ੧੪ ਜਨਵਰੀ, **ਮੱਸਿਆ** ੦੫ ਮਾਘ ੧੮ ਜਨਵਰੀ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਸਿਮਰਨ ਦਾ ਸੰਕਲਪ (ਮਨੋਵਿਗਿਆਨਕ ਪ੍ਰਸੰਗ ਵਿਚ)

*-ਡਾ. ਸੁਰਿੰਦਰ ਸਿੰਘ ਕੈਥਲ**

ਸਿਮਰਨ ਮਨੁੱਖ ਦੀ ਆਤਮਿਕ ਤੇ ਮਾਨਸਿਕ ਜ਼ਿੰਦਗੀ ਵਿਚ ਬਹੁਤ ਮਹਾਨਤਾ ਰੱਖਣ ਵਾਲੀ ਸਾਧਨਾ ਹੈ। ਆਤਮਿਕ ਖੇਤਰ ਵਿਚ ਜਿੱਥੇ ਇਹ ਮਨੁੱਖੀ ਜੀਵ ਲਈ ਆਤਮਾ ਤੇ ਪਰਮਾਤਮਾ ਦੀ ਇਕਸੁਰਤਾ, ਸੰਪੰਨਤਾ ਅਤੇ ਅਭੇਦਤਾ ਦੇ ਅਨੁਭਵ ਦੀ ਅਧਿਆਤਮਿਕ ਪ੍ਰਾਪਤੀ ਹੈ, ਉਥੇ ਮਨੋਵਿਗਿਆਨਕ ਖੇਤਰ ਵਿੱਚ ਮਨ ਅਤੇ ਚੇਤਨਾ ਦੀਆਂ ਅੰਦਰੂਨੀ ਪਰਤਾਂ ਦਾ ਇੱਕ ਡੂੰਘਾ ਅਧਿਐਨ ਵੀ ਹੈ, ਜਿੱਥੇ ਚੇਤਨਾ ਬ੍ਰਹਮੰਡੀ-ਚੇਤਨਾ ਵਿੱਚ ਰੂਪਾਂਤ੍ਰਿਤ ਹੁੰਦੀ ਹੈ। ਸਿਮਰਨ ਮਨੁੱਖੀ ਜੀਵ ਦੀ ਪਰਮਾਤਮਾ ਪ੍ਰਤੀ ਚੇਤਨਾ ਦੀ ਉੱਚ ਅਵਸਥਾ ਹੈ, ਜੋ ਭਗਤੀ, ਧਿਆਨ ਅਤੇ 'ਗਾਵੀਐ, ਸੁਣੀਐ ਤੇ ਮੰਨੀਐ' ਰਾਹੀਂ ਪ੍ਰਾਪਤ ਹੁੰਦੀ ਹੈ। ਮਨੁੱਖੀ ਚੇਤਨਤਾ ਦੀ ਅਵਸਥਾ (ਸੁਰਤਿ) ਦਾ ਸਵਾਸ ਸਵਾਸ ਨਿਰੰਤਰ ਅਕਾਲ ਪੁਰਖ ਵਿਚ ਲੀਨ ਰਹਿਣਾ ਅਤੇ ਉਸਦੇ ਗੁਣਾਂ ਅਨੁਸਾਰ ਵਿਹਾਰਿਕ ਜੀਵਨ ਨੂੰ ਧਾਰਮਿਕ ਜੀਵਨ ਵਿਚ ਰੂਪਾਂਤ੍ਰਿਤ ਕਰ ਲੈਣਾ 'ਸਿਮਰਨ' ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਸਿਮਰਨ ਦੀ ਪ੍ਰਕ੍ਰਿਆ ਦਾ ਜਿੱਥੇ ਅਧਿਆਤਮਿਕ ਮਹੱਤਵ ਹੈ, ਉੱਥੇ ਇਹ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਵੀ ਕਈ ਮਨੋਪਰਤਾਂ ਦੇ ਅਧਿਐਨ ਨੂੰ ਸਾਡੇ ਪ੍ਰਤੀ ਦ੍ਰਿਸ਼ਟੀਗੋਚਰ ਕਰਦਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਬਹੁਤੇ ਸਥਾਨਾਂ 'ਤੇ ਮਨ ਨੂੰ ਸੰਬੋਧਨ ਕਰਕੇ ਉਸ ਨੂੰ ਨਾਮ-ਸਿਮਰਨ ਤੇ ਭਗਤੀ ਦੀ ਅਵਸ਼ਕਤਾ ਦ੍ਰਿੜ੍ਹ ਕਰਾਈ ਹੈ। ਗੁਰੂ ਜੀ ਨੇ ਸਿਮਰਨ ਲਈ ਜੀਵਨ-ਆਦਰਸ਼ ਦੀਆਂ ਉੱਚਤਮ ਕੀਮਤਾਂ ਨੂੰ ਪਛਾਣਨ ਲਈ ਗਿਆਨ ਦੀ ਪ੍ਰਾਪਤੀ ਲਈ ਵੀ ਉਪਦੇਸ਼ ਦਿੱਤਾ ਹੈ। ਗੁਰੂ ਜੀ ਨੇ ਹਠ ਯੋਗ ਸਾਧਨਾ, ਸੰਸਾਰ ਤੋਂ ਤਿਆਗ ਤੇ ਇਹੋ ਜਿਹੀਆਂ ਹੋਰ ਕ੍ਰਿਆਵਾਂ ਤੋਂ ਦੂਰ ਰਹਿਣ ਲਈ ਉਪਦੇਸ਼ ਦਿੱਤਾ। ਨਵਿਰਤੀ ਨਹੀਂ, ਸਗੋਂ ਪਰਵਿਰਤੀ ਦਾ ਮਾਰਗ ਦਰਸਾਇਆ ਹੈ। ਸਮੁੱਚੀ ਬਾਣੀ ਵਿਚ ਮਨ ਦੀ ਕੁਮਤਿ ਤੇ ਵਿਸ਼ੁੱਧ ਦਸ਼ਾ ਤੇ ਦਿਸ਼ਾ ਦਾ ਬਹੁਪਾਸਾਰੀ ਆਯਾਮ ਫੈਲਿਆ ਹੋਇਆ ਹੈ।

ਸਭ ਤੋਂ ਪਹਿਲਾਂ ਗੁਰੂ ਜੀ ਨੇ ਮਨ ਦੀ ਅੰਧਕਾਰਮਈ ਦਸ਼ਾ ਦਾ ਚਿਤਰਣ ਕੀਤਾ ਹੈ। ਮਨ ਨੂੰ ਸੰਸਾਰ ਵਿਚ ਰਹਿੰਦਿਆਂ ਮਾੜੇ ਕਰਮਾਂ, ਪਾਪਾਂ, ਨਿੰਦਿਆ, ਹੰਕਾਰ,

*# ੧੨੮੧/੧੧, ਮਾਡਲ ਟਾਊਨ, ਅੰਬਾਲਾ ਰੋਡ, ਕੈਥਲ-੧੩੬੦੨੭; ਮੋ. ੯੪੧੬੦-੭੩੧੨੨

ਮੋਹ ਚਿੰਤਾ ਆਦਿ ਤੋਂ ਬਚਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਹੇਠ ਲਿਖੀਆਂ ਪੰਕਤੀਆਂ ਮਹੱਤਵਪੂਰਨ ਹਨ:

*-ਨਰ ਅਚੇਤ ਪਾਪ ਤੇ ਡਰੁ ਰੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੦)*

*-ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੬)*

*-ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ॥*
*ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧)*

*-ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੦)*

*-ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੧)*

*-ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)*

*-ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ॥*
*ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)*

*-ਯਹ ਮਨੁ ਨੈਕ ਨ ਕਹਿਓ ਕਰੈ॥*
*ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)*

*-ਪਾਪੀ ਹੀਐ ਮੈ ਕਾਮੁ ਬਸਾਇ॥*
*ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੬)*

*-ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*

ਗੁਰੂ ਜੀ ਦੀ ਬਾਣੀ ਵਿਚ ਇਹ ਤੁਕਾਂ ਮਨ ਦੀ ਕ੍ਰਿਆਵਾਂ ਦੀ ਕਠੋਰਤਾ, ਢੀਠਤਾ, ਚੰਚਲਤਾ ਤੇ ਬੇਕਾਬੂਪਨ ਦੇ ਅਨੁਭਵ ਨੂੰ ਰੂਪਮਾਨ ਕਰਦੀਆਂ ਹਨ। ਇਨ੍ਹਾਂ ਕ੍ਰਿਆਵਾਂ ਤੋਂ ਮੁਕਤੀ ਲਈ ਸਾਧਨ ਨਾਮ-ਸਿਮਰਨ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਮਨ ਨੂੰ ਕੀਤਾ ਗਿਆ ਸੰਬੋਧਨ ਰਾਮ ਨਾਮ ਦੇ ਸਿਮਰਨ ਨੂੰ ਦ੍ਰਿੜ੍ਹ ਕਰਵਾਉਣ ਲਈ ਹੀ ਨਹੀਂ ਹੈ, ਸਗੋਂ ਗੁਰੂ ਜੀ ਦਾ ਸਾਰਾ ਪ੍ਰਯਤਨ ਮਨੁੱਖ ਲਈ ਮਨ ਦੀ ਅੰਦਰਲੀ ਖੋਜ ਤੇ ਉਸ ਦੀ ਸਚਾਈ ਗ੍ਰਹਿਣ ਕਰਨਾ ਵੀ ਹੈ। ਇਸ ਵਾਸਤੇ ਗੁਰੂ ਜੀ ਮਨ ਨੂੰ ਅੰਧਕਾਰਮਈ ਅਵਸਥਾ ਤੋਂ ਦੂਰ ਲੈ ਜਾ ਕੇ ਜਾਗ੍ਰਿਤ ਅਵਸਥਾ ਲਈ ਤਿਆਰ

ਕਰਦੇ ਹਨ। ਗੁਰੂ ਜੀ ਪ੍ਰੇਰਨਾ ਦਿੰਦੇ ਹਨ:

*-ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੬)*

*-ਮਨ ਰੇ ਸਾਚਾ ਗਹੋ ਬਿਚਾਰਾ॥*
*ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੩)*

*-ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥*
*ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੭)*

ਗੁਰੂ ਸਾਹਿਬ ਇੱਕ ਗਹਿਰ ਗੰਭੀਰ ਮਨੋਵਿਗਿਆਨੀ ਸਨ। ਉਨ੍ਹਾਂ ਦੇ ਉਪਦੇਸ਼ ਵਿਚ ਇੱਕ ਸਾਕਰਾਤਮਕ ਪ੍ਰੇਰਨਾ ਹੈ, ਉਤਸ਼ਾਹ ਹੈ, ਇੱਕ ਹਮਦਰਦੀ ਹੈ, ਇੱਕ ਸਨੇਹ ਹੈ। ਮਨੋਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਜਦੋਂ ਮਾਨਸਿਕ ਕ੍ਰਿਆਵਾਂ ਦੀ ਤੀਬਰਤਾ ਨਾਲ ਮਨੋਵਿਕਾਰ ਪੈਦਾ ਹੁੰਦੇ ਹਨ ਤਾਂ ਵਿਅਕਤੀ ਦਾ ਵਿਅਕਤਿਤਵ ਬੁੱਧੀਹੀਣ, ਪਰੇਸ਼ਾਨੀ ਨਾਲ ਭਰਿਆ ਹੋਇਆ, ਗੁੱਸੇ ਵਾਲਾ, ਮਾਯੂਸ ਤੇ ਦਿਲ ਢਾਹੂ ਰੁਚੀਆਂ ਵਾਲਾ ਹੋ ਜਾਂਦਾ ਹੈ। ਇਸ ਅਸਾਧਾਰਨ ਵਿਅਕਤਿਤਵ ਨਾਲ ਉਹ ਸਮਾਜਿਕ ਤੇ ਧਾਰਮਿਕ ਉਦੇਸ਼ਾਂ ਦੀ ਪੂਰਤੀ ਹੀ ਨਹੀਂ ਕਰ ਸਕਦਾ।

ਗੁਰੂ ਜੀ ਨੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਲੋਕਾਂ ਲਈ ਬਾਣੀ ਰਾਹੀਂ ਇੱਕ ਸਿਹਤਮੰਦ ਤੇ ਉਸਾਰੂ ਸਮਾਜਿਕ ਵਾਤਾਵਰਨ ਤਿਆਰ ਕੀਤਾ। ਸਮਾਜਿਕ ਵਾਤਾਵਰਨ ਵਿਚ ਅਧਿਆਤਮਿਕ ਰੰਗ ਭਰ ਕੇ ਭਾਵਨਾਤਮਕ ਤੇ ਕਿਰਿਆਤਮਕ ਤੌਰ 'ਤੇ ਭਰਮਾਂ ਵਿਚ ਭੁੱਲੇ ਫਸੇ ਲੋਕਾਂ ਨੂੰ ਹਰੀ-ਸਿਮਰਨ ਨਾਲ ਜੋੜਿਆ ਤੇ ਮਨੁੱਖੀ ਜੀਵ ਨੂੰ ਮਾਨਸਿਕ ਪ੍ਰੇਰਣਾ ਦੇ ਕੇ ਰਾਮ ਨਾਮ ਨਾਲ ਜੋੜਿਆ। ਉਨ੍ਹਾਂ ਨੇ ਮਨ ਦੀ ਖੋਜ ਲਈ 'ਮੂਲ ਜੁਗਤੀ' ਨਾਮ ਸਿਮਰਨ ਦੀ ਵਰਤੋਂ ਕੀਤੀ।

ਗੁਰੂ ਜੀ ਅਨੁਸਾਰ ਆਪਣੇ ਮੂਲ ਨੂੰ ਪਛਾਣਨਾ ਮਨੁੱਖੀ ਜੀਵ ਦਾ ਅਧਿਆਤਮਿਕ ਲਕਸ਼ ਹੈ। ਇਹ ਮਨੁੱਖੀ ਚੇਤਨਾ(consciousness) ਦੀ ਬ੍ਰਹਮ-ਚੇਤਨਾ (cosmic consciousness) ਤੱਕ ਦੀ ਅੰਤਰੀਵੀ ਯਾਤਰਾ ਹੈ। ਇਸ ਪਦਾਰਥਕ ਸਮੇਂ ਵਿੱਚ ਪਰਮਾਤਮਾ ਦੇ ਨਾਮ ਨਾਲ ਹੀ ਪਰਮਗਤਿ 'ਮੁਕਤੀ' ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਸਾਹਿਬ ਦਾ ਕਥਨ ਹੈ-

*ਕਲਿ ਮੈ ਮੁਕਤਿ ਨਾਮ ਤੇ ਪਾਵਤ...॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੧)*

ਸਿਮਰਨ ਨਾਲ ਮਨੁੱਖੀ ਮਨ ਸਥਾਈ ਤੇ ਸੰਤੁਲਿਤ ਹੋ ਜਾਂਦਾ ਹੈ। ਸਿਰਫ਼ ਸਿਮਰਨ ਹੀ ਅਮਰ ਹੈ, ਬਾਕੀ ਸਭ ਭਾਵ/ਕਿਰਿਆਵਾਂ ਨਸ਼ਵਰ ਹਨ। ਹਰੀ ਦੇ ਸਿਮਰਨ ਨਾਲ ਮਨੁੱਖੀ ਜੀਵ ਨੂੰ ਜੋ ਅਵਸਥਾ ਪ੍ਰਾਪਤ ਹੁੰਦੀ ਹੈ, ਉਸਨੂੰ ਗੁਰੂ ਸਾਹਿਬ

ਨੇ ਆਪਣੀ ਬਾਣੀ ਵਿਚ ਮੁਕਤੀ, ਨਿਰਭੈ ਪਦ, ਨਿਰਬਾਣ, ਬੈਕੁੰਠ ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਹੈ। ਭਾਰਤੀ ਦਰਸ਼ਨ ਵਿਚ ਇਹੀ ਜੀਵਨ ਦਾ ਅੰਤਿਮ ਲਕਸ਼ ਮੰਨਿਆ ਗਿਆ ਹੈ, ਕਿਉਂਕਿ ਚਾਰ ਪੁਰਸ਼ਾਰਥਾਂ ਵਿੱਚੋਂ ਇਸ ਨੂੰ ਹੀ ਸਭ ਤੋਂ ਵੱਧ ਮਹੱਤਤਾ ਦਿੱਤੀ ਗਈ ਹੈ। ਗੁਰੂ ਸਾਹਿਬ ਬਾਣੀ ਵਿਚ ਮੁਕਤੀ ਦੀ ਪਰਿਭਾਸ਼ਾ ਸਪਸ਼ਟ ਕਰਦੇ ਹੋਏ ਦ੍ਰਿਸ਼ਟਾਂਤ ਦਿੰਦੇ ਹਨ-

*-ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

*-ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ॥*
*ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)*

ਗੁਰੂ ਜੀ ਦੇ ਕਥਨ ਅਨੁਸਾਰ ਪ੍ਰਭੂ ਦੇ ਸਿਮਰਨ ਰਾਹੀਂ ਮਨੁੱਖੀ ਜੀਵ ਪਰਮਾਤਮਾ ਵਿੱਚ ਇਕਮਿਕ ਤੇ ਅਭੇਦ ਹੋ ਜਾਂਦਾ ਹੈ, ਪ੍ਰਭੂ ਦੇ ਸਾਰੇ ਗੁਣ ਉਸ ਵਿਚ ਸਮਾ ਜਾਂਦੇ ਹਨ, ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ ਤੇ ਜਨਮ ਮਰਨ ਭਾਵ ਆਵਾਗਮਣ ਤੋਂ ਦੂਰ ਮੁਕਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਇਸ ਤਰ੍ਹਾਂ ਮੁਕਤੀ ਪ੍ਰਾਪਤ ਜੀਵ ਉਹ ਹੈ, ਜੋ ਤ੍ਰਿਸ਼ਨਾਵਾਂ, ਮਾਇਆ, ਭਰਮਾਂ ਅਤੇ ਪਦਾਰਥਾਂ ਦੇ ਸੁਖਾਂ ਨੂੰ ਤਿਆਗ ਕੇ ਪ੍ਰਭੂ ਪਿਆਰੇ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:

*-ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੦)*

ਗੁਰੂ ਜੀ ਅਨੁਸਾਰ ਸਿਮਰਨ ਰਾਹੀਂ ਪਰਮਾਤਮਾ ਨਾਲ ਇਕਮਿਕ ਮਨੁੱਖ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਮਾਇਆ ਲਈ ਖਿੱਚ ਪਿਆਰ ਨਹੀਂ ਰਹਿ ਜਾਂਦਾ। ਖੁਸ਼ੀਆਂ ਗਮੀਆਂ ਸਭ ਉਸ ਲਈ ਬਰਾਬਰ ਹੋ ਜਾਂਦੀਆਂ ਹਨ। ਉਹ ਸਭ ਤੋਂ ਨਿਰਲੇਪ ਹੋ ਕੇ ਸਭ ਮਨੋਕਾਮਨਾਵਾਂ ਦਾ ਤਿਆਗ ਕਰ ਦਿੰਦਾ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਵਿਚ ਅਨੇਕਾਂ ਉਦਾਹਰਨਾਂ ਹਨ:

*-ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ॥*
*ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੦)*

*-ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਇਹੋ ਜਿਹੀ ਸਮਦ੍ਰਿਸ਼ਟੀ ਵਾਲਾ ਮਨੁੱਖ ਦੁੱਖ ਵਿਚ ਦੁਖੀ ਨਹੀਂ ਹੁੰਦਾ ਅਤੇ ਸੁਖ ਅਤੇ ਸਨੇਹ ਨਾਲ ਉਸ ਨੂੰ ਕੋਈ ਲਗਾਓ ਨਹੀਂ ਹੁੰਦਾ। ਉਹ ਮਿੱਤਰ ਅਤੇ ਦੁਸ਼ਮਣ ਨੂੰ ਇੱਕ ਸਮਾਨ ਜਾਣਦਾ ਹੈ। ਇਹੋ ਜਿਹਾ ਮਨੁੱਖ ਨਾ ਕਿਸੇ ਨੂੰ ਡਰਾਉਂਦਾ ਹੈ ਤੇ ਨਾ

ਹੀ ਕਿਸੇ ਤੋਂ ਡਰਦਾ ਹੈ।

ਸਿਮਰਨ ਦਾ ਮਨੁੱਖੀ ਮਨ ਦੀ ਅੰਦਰਲੀ ਤਹਿ ਨੈਤਿਕ ਮਨ (ਜਿਸ ਨੂੰ ਮਨੋਵਿਗਿਆਨ ਦੀ ਭਾਸ਼ਾ ਵਿਚ ਸੁਪਰ ਈਗੋ (Super Ego ) ਕਿਹਾ ਗਿਆ ਹੈ) ਨਾਲ ਵੀ ਅਟੁੱਟ ਸੰਬੰਧ ਹੈ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਨੈਤਿਕ ਮਨ ਸਾਡੇ ਸਦਾਚਾਰਕ ਵਿਧਾਨ (Morality) ਨਾਲ ਭਰਿਆ ਹੁੰਦਾ ਹੈ, ਇਸ ਕਰਕੇ ਇਸ ਮਨ ਦੇ ਭਾਗ ਨੂੰ 'ਗੌਡ ਇਨ ਮੈਨ' ਵੀ ਕਿਹਾ ਗਿਆ ਹੈ। ਇਹ ਭਾਗ ਮਨ ਦਾ ਕ੍ਰਿਆਤਮਕ ਭਾਗ ਹੈ। ਇਹ ਚੇਤਨ ਭਾਗ ਹੀ 'ਧਿਆਨ' ਦੀ ਪ੍ਰਕਿਰਿਆ ਰਾਹੀਂ, ਸਿਮਰਨ ਦੀ ਅਵਸਥਾ ਗ੍ਰਹਿਣ ਕਰਦਾ ਹੈ, ਜੋ ਅੱਗੇ 'ਬ੍ਰਹਮ ਚੇਤਨਾ' ਵਿਚ ਰੂਪਾਂਤਰਿਤ ਹੁੰਦਾ ਹੈ। ਗੁਰੂ ਸਾਹਿਬ ਅਨੁਸਾਰ ਜੀਵ ਆਪਣੀ ਚੇਤਨਾ ਦਾ ਠੀਕ ਇਸਤੇਮਾਲ ਨਹੀਂ ਕਰਦਾ, ਸਗੋਂ ਮਾਨਵੀ ਚੇਤਨਾ ਨਾਲ ਇਸ ਦਿਸਦੇ ਸੰਸਾਰ ਦੀ ਬਾਹਰਮੁਖੀ ਯਾਤਰਾ ਕਰਦਾ ਹੀ ਇਸ ਸੰਸਾਰ ਤੋਂ ਤੁਰ ਜਾਂਦਾ ਹੈ। ਬਾਹਰਲੇ ਕਰਮ-ਕਾਂਡਾਂ, ਅਨੁਸ਼ਾਸਨਾਂ, ਵਹਿਮਾਂ-ਭਰਮਾਂ ਜਿਵੇਂ- ਹਵਨ, ਯੱਗ, ਤੀਰਥ-ਇਸ਼ਨਾਨ ਤੇ ਤੀਰਥ-ਯਾਤਰਾ, ਦਾਨ, ਵਰਤ, ਝੂਠ ਭਿੱਟ ਆਦਿ ਨਾਲ ਆਪਣੇ ਦੁਰਲੱਭ ਜੀਵਨ ਦਾ ਨਾਸ਼ ਕਰ ਲੈਂਦਾ ਹੈ। ਪ੍ਰਭੂ ਪ੍ਰਾਪਤੀ ਜੋ ਕਿ ਅਸਲੀ ਜੀਵਨ-ਜੁਗਤਿ ਹੈ, ਉਸ ਵੱਲ ਨੂੰ ਜੀਵ ਦਾ ਧਿਆਨ ਨਹੀਂ ਜਾਂਦਾ। ਗੁਰੂ ਜੀ ਜੀਵ ਨੂੰ ਉਪਦੇਸ਼ ਦਿੰਦੇ ਹੋਏ ਸੁਚੇਤ ਕਰਦੇ ਹਨ-

*-ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥*
*ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੦)*

*-ਮਨ ਰੇ ਗਹਿਓ ਨ ਗੁਰ ਉਪਦੇਸੁ॥*
*ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਸੱਚੀ ਪਵਿੱਤਰ ਜੀਵਨ-ਜੁਗਤੀ ਦੇ ਮਹੱਤਵਪੂਰਨ ਪਹਿਲੂਆਂ 'ਤੇ ਰੋਸ਼ਨੀ ਪਾ ਕੇ ਮਨੁੱਖੀ ਜੀਵ ਨੂੰ ਸੰਸਾਰ ਵਿਚ ਰਹਿੰਦਿਆਂ ਹੋਇਆ ਸਹੀ ਦ੍ਰਿਸ਼ਟੀਕੋਣ ਲਈ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਨੇ ਬਾਣੀ ਦੀਆਂ ਸੰਚਾਰ-ਜੁਗਤਾਂ ਰਾਹੀਂ ਮਨ ਦੀਆਂ ਪਰਤਾਂ ਨੂੰ ਖੋਲ੍ਹਦਿਆਂ ਉਸ ਨੂੰ ਅੰਤਿਮ ਅਸਲੀਅਤ ਨਾਲ ਜੋੜਿਆ ਹੈ। ਇਨ੍ਹਾਂ ਸੰਚਾਰੀ ਜੁਗਤਾਂ ਵਿੱਚੋਂ ਪ੍ਰਮੁੱਖ ਗੁਰੂ ਜੀ ਦੀ ਬਾਣੀ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਪ੍ਰਗਟਾਵਾ ਹੈ। ਜੀਵਨ ਦੀ ਨਾਸ਼ਮਾਨਤਾ ਸੰਬੰਧੀ ਪ੍ਰਬਲ ਸੁਰ ਗੁਰੂ ਜੀ ਦੀ ਸਮੁੱਚੀ ਬਾਣੀ ਦੇ ਪਸਾਰ ਵਿਚ ਗੂੰਜਦੀ ਹੈ। ਇਸ ਨਾਸ਼ਮਾਨਤਾ ਵਿੱਚੋਂ ਹੀ ਜੀਵਨ-ਮੁਕਤਿ ਪ੍ਰਾਣੀ ਦਾ ਆਸ਼ਾਵਾਦੀ ਸੰਦੇਸ਼ ਸੰਚਾਰਿਤ ਹੁੰਦਾ ਹੈ, ਕਿਉਂਕਿ ਮਨੁੱਖੀ ਸਰੀਰ ਤੇ ਇਹ ਦਿਸਦਾ ਸੰਸਾਰ ਧੂੰਏਂ

ਦੇ ਪਹਾੜ ਵਾਂਗ ਹੈ, ਸੁਪਨੇ ਦੀ ਨਿਆਈਂ ਹੈ:

*-ਇਹੁ ਜਗੁ ਧੂਏ ਕਾ ਪਹਾਰ॥*
*ਤੈ ਸਾਚਾ ਮਾਨਿਆ ਕਿਹ ਬਿਚਾਰਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)*
*-ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*
*-ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥*
*ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਮਨੁੱਖੀ ਮਨ ਨੂੰ ਨਾਸ਼ਮਾਨਤਾ ਦੀ ਅਸਲੀਅਤ ਦੱਸ ਕੇ ਗੁਰੂ ਜੀ ਨੇ ਜੀਵ ਨੂੰ ਮਾਨਸਿਕ ਤੇ ਆਤਮਿਕ ਤੌਰ 'ਤੇ ਉੱਚਾ ਤੇ ਤਕੜਾ ਕੀਤਾ ਹੈ। ਨਾਸ਼ਮਾਨਤਾ ਦੇ ਸੱਚ ਵਿੱਚੋਂ ਹੀ ਅੰਤਿਮ ਪ੍ਰਾਪਤੀ ਲਈ ਵੈਰਾਗ ਭਾਵ ਪੈਦਾ ਹੁੰਦੇ ਹਨ। ਨਾਮ ਸਿਮਰਨ ਇਨ੍ਹਾਂ ਲਈ ਸਹਾਇਕ ਮਾਧਿਅਮ ਬਣਦਾ ਹੈ, ਜਿਸ ਨਾਲ ਮਨੁੱਖ ਚੇਤਨਾ ਦੀ ਸੰਪੂਰਨਤਾ ਹਾਸਲ ਕਰਦਾ ਹੈ।

ਸਾਰੰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਸਿਮਰਨ ਇਕ ਮਾਨਸਿਕ, ਆਤਮਿਕ ਤੇ ਸਰੀਰਕ ਕਿਰਿਆ ਹੈ। ਇਹ ਸੁਚੇਤ ਮਨ ਨਾਲ ਸੰਬੰਧਿਤ ਪ੍ਰਕਿਰਿਆ ਹੈ, ਜਿਸ ਦਾ ਮਨ ਦੇ ਨੈਤਿਕ ਭਾਗ ਨਾਲ ਵੀ ਅੰਤਰ ਸੰਬੰਧ ਹੁੰਦਾ ਹੈ। ਸਿਮਰਨ ਦੀ ਪ੍ਰਕਿਰਿਆ ਦਾ ਅਨੁਭਵ ਨਿੱਜੀ ਤੇ ਬਿਆਨ ਤੋਂ ਬਾਹਰਾ ਹੁੰਦਾ ਹੈ। ਸਿਮਰਨ ਰਾਹੀਂ ਮਨੁੱਖੀ ਸ਼ਖ਼ਸੀਅਤ ਤੇ ਉਨ੍ਹਾਂ ਗੁਣਾਂ ਦਾ ਪਾਸਾਰ ਹੁੰਦਾ ਹੈ, ਜਿਹੜੇ ਗੁਣ ਪਰਮਾਤਮਾ ਦੇ ਹੁੰਦੇ ਹਨ ਤੇ ਸਿੱਟੇ ਵਜੋਂ ਮਨੁੱਖੀ ਜੀਵ ਪਰਮ-ਪਦ ਦੀ ਪ੍ਰਾਪਤੀ ਕਰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਸਿਮਰਨ ਦਾ ਮਨੋਵਿਗਿਆਨਿਕ ਪਰਿਪੇਖ ਉਨ੍ਹਾਂ ਦੀਆਂ ਬਾਣੀ ਵਿਚ ਵਰਤੀਆਂ ਸੰਚਾਰ ਜੁਗਤਾਂ ਵਿਚ ਮੌਜੂਦ ਹੈ। ਗੁਰੂ ਸਾਹਿਬ ਨੇ ਮਨ ਦੇ ਵਿਭਿੰਨ ਪਹਿਲੂਆਂ ਨੂੰ ਮਨੁੱਖ ਸਾਹਮਣੇ ਰੂਪਮਾਨ ਕਰ ਕੇ ਇਨ੍ਹਾਂ ਦੀ ਅਸਲੀਅਤ ਦ੍ਰਿਸ਼ਟੀਗੋਚਰ ਕੀਤੀ ਹੈ। ਮਨ ਦੀਆਂ ਅਚੇਤ, ਸੁਚੇਤ, ਸਮੂਹਿਕ ਅਵਚੇਤਨ ਤੇ ਬ੍ਰਹਮ ਚੇਤਨ ਸਭ ਪਰਤਾਂ ਦਾ ਬਾਣੀ ਵਿਚ ਵਿਭਿੰਨ ਤਰੀਕਿਆਂ ਨਾਲ ਪਾਸਾਰ ਤੇ ਵਿਸ਼ਲੇਸ਼ਣ ਹੋਇਆ ਹੈ। ਇਨ੍ਹਾਂ ਵਿੱਚੋਂ ਹੀ ਗੁਰੂ ਸਾਹਿਬ ਨੇ ਜੀਵਨ-ਮੁਕਤਿ ਦਾ ਸੰਕਲਪ ਮਨੁੱਖੀ ਜੀਵ ਦੇ ਸਨਮੁਖ ਲਿਆਂਦਾ ਹੈ, ਜੋ *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ* ਦੇ ਸਿਧਾਂਤ ਉੱਪਰ ਆਧਾਰਿਤ ਹੈ। ਇਹੀ ਧਰਮ ਤੇ ਇਤਿਹਾਸ ਵਿਚ ਗੁਰੂ ਸਾਹਿਬ ਨੇ ਮਨੁੱਖਤਾ ਨੂੰ ਵਿਲੱਖਣ ਦੇਣ ਬਖਸ਼ੀ ਹੈ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਸੁਚੱਜੀ ਜੀਵਨ-ਜਾਚ ਨਾਲ ਸੰਬੰਧਿਤ ਅਹਿਮ ਪਹਿਲੂ

*-ਡਾ. ਅਜੈਪਾਲ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੰਪੂਰਨ ਬਾਣੀ ਮਨੁੱਖੀ ਜੀਵਨ ਦੀ ਗੁਰਮਤਿ ਅਨੁਸਾਰ ਘਾੜਤ ਘੜਨ ਲਈ ਸਰਵੋਤਮ ਪ੍ਰੇਰਨਾ ਦਾ ਸੋਮਾ ਹੈ, ਜਿਸ ਵਿਚ ਮਨੁੱਖਾ ਜੀਵਨ ਅਤੇ ਸੁਚੱਜੀ ਜੀਵਨ-ਜਾਚ ਸੰਬੰਧੀ ਸੇਧ ਸ਼ਾਮਿਲ ਹੈ। ਬਾਣੀ ਵਿਚ ਗੁਰੂ ਜੀ ਨੇ ਮੁਕਤੀ, ਗਿਆਨੀ, ਗੁਰਮੁਖ, ਸੁੱਖ-ਦੁੱਖ, ਭਰਮ, ਕਾਲ-ਮੌਤ, ਸੱਚ, ਆਤਮ ਚੀਨਨ, ਅਰਦਾਸ ਆਦਿ ਪੱਖਾਂ ਦਾ ਵੇਰਵਾ ਦੇ ਕੇ ਮਨੁੱਖ ਨੂੰ ਇਸ ਭਵਜਲ ਰੂਪੀ ਸੰਸਾਰ ਤੋਂ ਪਾਰ ਹੋਣ ਦੀ ਜੁਗਤੀ ਵੀ ਸਮਝਾਈ ਹੈ। ਆਪ ਜੀ ਨੇ ਆਪਣੀ ਬਾਣੀ ਵਿਚ ਮਨੁੱਖਾ ਜੀਵਨ ਦੀ ਦੁਰਲਭਤਾ ਜਾਂ ਮਹੱਤਵ, ਪ੍ਰਭੂ ਉਸਤਤਿ, ਨਾਮ ਸਿਮਰਨ, ਭੈ ਅਤੀਤ ਜੀਵਨ, ਮਨ ਦਾ ਸੁਭਾਅ, ਜੀਵਨ ਦੀ ਨਾਸ਼ਮਾਨਤਾ ਆਦਿ ਸੰਬੰਧੀ ਪੱਖਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਇਸ ਲੇਖ ਵਿਚ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਬਾਣੀ ਵਿੱਚੋਂ ਪ੍ਰਾਪਤ ਸ਼ਖ਼ਸੀਅਤ ਦੀ ਉਸਾਰੀ ਸੰਬੰਧੀ ਕੁਝ ਇਕ ਪੱਖਾਂ ਨੂੰ ਸਮਝਣ ਦਾ ਯਤਨ ਕਰਾਂਗੇ।

**ਮਨੁੱਖਾ ਜੀਵਨ ਦੀ ਮਹਾਨਤਾ:**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਬਾਣੀ ਵਿਚ ਮਨੁੱਖਾ ਜੀਵਨ ਦੀ ਦੁਰਲਭਤਾ ਜਾਂ ਮਹੱਤਵ ਆਦਿ ਪੱਖਾਂ 'ਤੇ ਬੜਾ ਗੰਭੀਰਤਾਪੂਰਵਕ ਵਿਚਾਰ ਪੇਸ਼ ਕਰਦੇ ਸੁਚੇਤ ਕਰਦੇ ਹਨ- *ਸਾਧੋ ਗੋਬਿੰਦ ਕੇ ਗੁਨ ਗਾਵਉ॥ ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥* ਆਪ ਜੀ ਇਸ ਅਮੋਲਕ ਜੀਵਨ ਨੂੰ ਵਿਸ਼ੇ-ਵਿਕਾਰਾਂ ਵਿਚ ਨਾ ਗਵਾ ਕੇ ਉਸ ਸੱਚੇ ਵਾਹਿਗੁਰੂ ਦੇ ਗੁਣ ਗਾਉਣ ਦੀ ਆਪ ਪ੍ਰੇਰਨਾ ਦਿੰਦੇ ਹਨ। *ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ॥ ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥* ਗੁਰੂ ਪਾਤਸ਼ਾਹ ਮਨੁੱਖਾ ਜਨਮ ਨੂੰ ਰਤਨ ਦੀ ਉਪਮਾ ਦੇ ਕੇ ਬਿਆਨਦੇ ਹੋਏ ਜੀਵ ਨੂੰ ਸੁਚੇਤ ਕਰਦੇ ਹਨ- *ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ॥ ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ॥* ਗੁਰੂ ਪਾਤਸ਼ਾਹ ਜੀ ਇਸ ਪੱਖ ਨੂੰ ਹੋਰ ਸਪੱਸ਼ਟ ਕਰਦਿਆਂ ਫੁਰਮਾਉਂਦੇ ਹਨ ਕਿ ਮਨੁੱਖ ਜੀਵਨ ਕੋਈ ਅਸਾਨੀ ਨਾਲ ਪ੍ਰਾਪਤ ਨਹੀਂ ਹੋਇਆ ਬਲਕਿ ਇਹੋ ਹੀ ਇੱਕੋ ਇਕ ਵਾਰੀ ਹੈ ਜਿਸ ਵਿਚ ਜੀਵ ਪਰਮਾਤਮਾ ਨੂੰ ਮਿਲ ਸਕਦਾ ਹੈ- *ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥ ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*

** ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ-੧੫੧੩੦੨; ਮੋ: ੯੪੧੭੧੯੪੦੦੫*

**ਸਮੇਂ ਦੀ ਮਹਾਨਤਾ:**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਬਾਣੀ ਵਿਚ ਮਨੁੱਖ ਨੂੰ ਮਨੁੱਖਾ ਜਨਮ ਦਾ ਮਹੱਤਵ ਦ੍ਰਿੜ੍ਹਾਉਣ ਤੋਂ ਇਲਾਵਾ ਹਰੇਕ ਘੜੀ/ਛਿੰਨ ਨੂੰ ਵਾਹਿਗੁਰੂ ਭਗਤੀ ਹਿਤ ਬਿਤਾਉਣ ਦੀ ਸਲਾਹ ਦਿੰਦੇ ਹੋਏ ਫੁਰਮਾਉਂਦੇ ਹਨ- *ਪ੍ਰਾਨੀ ਨਾਰਾਇਨ ਸੁਧਿ ਲੇਹਿ॥ ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ ਬ੍ਰਿਥਾ ਜਾਤੁ ਹੈ ਦੇਹ॥*

**ਨਾਮ ਸਿਮਰਨ:**

ਗੁਰੂ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਹ ਦ੍ਰਿੜ੍ਹਤਾ ਕਰਵਾਈ ਹੈ ਕਿ ਮਨੁੱਖਾ ਜਨਮ ਦੀ ਸਾਰਥਕਤਾ ਤਾਂ ਹੀ ਹੈ ਜੇਕਰ ਉਸ ਜਨਮ ਵਿਚ ਵਾਹਿਗੁਰੂ ਦਾ ਨਾਮ ਜਪਿਆ ਜਾਵੇ, ਅਕਾਲ ਪੁਰਖ ਦੀ ਉਸਤਤਿ ਕੀਤੀ ਜਾ ਸਕੇ। ਨਾਮ ਨੂੰ ਗੁਰਬਾਣੀ ਵਿਚ ਪ੍ਰਭੂ ਪ੍ਰਾਪਤੀ ਦਾ ਸਰਵੋਤਮ ਤੇ ਸਭ ਤੋਂ ਉੱਚਾ ਮਾਰਗ ਬਿਆਨਿਆ ਗਿਆ ਹੈ। ਪ੍ਰਭੂ ਦੇ ਸੇਵਕ ਨੂੰ ਵਿਕਾਰਾਂ ਦਾ ਰਾਹ ਤਿਆਗ ਕੇ ਆਪਣਾ ਜੀਵਨ ਨਾਮ-ਸਿਮਰਨ ਵਿਚ ਲਗਾਉਣਾ ਚਾਹੀਦਾ ਹੈ- *ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥ ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥*

ਗੁਰੂ ਪਾਤਸ਼ਾਹ ਆਪਣੀ ਬਾਣੀ ਵਿਚ ਪ੍ਰਸ਼ਨੋਤਰੀ ਵਿਧੀ ਦੁਆਰਾ ਜਗਿਆਸੂ ਦੀ ਆਤਮਾ ਨੂੰ ਝੰਝੋੜਦੇ ਫੁਰਮਾਉਂਦੇ ਹਨ- *ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥* ਆਪ ਜੀ ਅਨੁਸਾਰ ਰਾਮ-ਨਾਮ ਦੁਆਰਾ ਹੀ ਮਨੁੱਖ ਦੇ ਸਾਰੇ ਕਾਰਜ ਸਫਲ ਹੋ ਸਕਦੇ ਹਨ- *ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ॥* ਮਨੁੱਖ ਨਾਮ ਜਪ ਕੇ ਹੀ ਆਪਣੇ ਸਾਰੇ ਭਰਮਾਂ ਦੀ ਨਿਵਿਰਤੀ ਕਰ ਸਕਦਾ ਹੈ- *ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥* ਗੁਰੂ ਪਾਤਸ਼ਾਹ ਅਨੁਸਾਰ ਜੀਵਨ ਵਿਚ ਦੁੱਖ ਦਾ ਅਸਲ ਕਾਰਨ ਹੀ ਨਾਮ ਦੀ ਗੈਰ-ਹਾਜਰੀ ਹੈ- *ਹਰਿ ਕੇ ਨਾਮ ਬਿਨਾ ਦੁਖੁ ਪਾਵੈ॥ ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥* ਦੂਸਰੇ ਪਾਸੇ ਸੁਖ ਦਾ ਅਸਲ ਸੋਮਾ ਹੀ ਨਾਮ[੧] ਹੈ।

**ਸੰਗਤ ਤੇ ਕੁਸੰਗਤ:**

ਇਨਸਾਨ ਦੀ ਸ਼ਖ਼ਸੀਅਤ ਸੰਗਤ ਜਾਂ ਸਤਸੰਗਤ ਕਾਰਨ ਸਤੋਮੁਖੀ ਹੈ ਜਦ ਕਿ ਕੁਸੰਗਤ ਕਾਰਨ ਤਮੋਗੁਣੀ ਰੂਪ ਧਾਰਦੀ ਹੈ। ਗੁਰੂ ਪਾਤਸ਼ਾਹ ਫੁਰਮਾਉਂਦੇ ਹਨ- *ਸਾਧੋ ਮਨ ਕਾ ਮਾਨੁ ਤਿਆਗਉ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥* ਦੂਸਰੇ ਪਾਸੇ ਸੰਗਤ ਜਾਂ ਸਤਿਸੰਗਤ ਦੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਬਹੁਤ ਵਡਿਆਈ ਕੀਤੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਸ ਸੰਬੰਧੀ ਸੇਧ ਦੇ ਕੇ ਫੁਰਮਾਉਂਦੇ ਹਨ ਕਿ ਸਾਧੂ ਦੀ ਸੰਗਤ ਦੁਆਰਾ ਜੀਵ ਪਵਿੱਤਰ ਹੋ ਸਕਦਾ ਹੈ।[੨]

**ਅਡੋਲਤਾ:**

ਜੀਵ ਦਾ ਸੁਭਾਅ ਹੈ ਕਿ ਉਹ ਖੁਸ਼ੀ ਵਿਚ ਜ਼ਿਆਦਾ ਸੁਖ ਜਦਕਿ ਗਮੀ ਵਿਚ ਜ਼ਿਆਦਾ

ਦੁਖ ਅਨੁਭਵ ਕਰਦਾ ਹੈ ਪਰ ਗੁਰੂ ਪਾਤਸ਼ਾਹ ਦਾ ਹੁਕਮ ਹੈ ਜੀਵ ਨੂੰ ਦੋਨਾਂ ਅਵਸਥਾਵਾਂ ਵਿਚ ਸਮ-ਬਿਰਤੀ ਭਾਵ ਸਹਿਜ ਵਿਚ ਰਹਿਣਾ ਚਾਹੀਦਾ ਹੈ। ਮਾਣ / ਅਪਮਾਨ ਤੋਂ ਉੱਪਰ ਉਠ ਕੇ ਵਾਹਿਗੁਰੂ ਭਜਨ ਵਿਚ ਬਿਰਤੀ ਨੂੰ ਟਿਕਾਉਣਾ ਚਾਹੀਦਾ ਹੈ।[੩]

**ਹੰਕਾਰੀ ਬਿਰਤੀ:**

ਗੁਰਬਾਣੀ ਵਿਚ ਹਉਮੈਂ ਨੂੰ ਦੀਰਘ ਰੋਗ ਮੰਨਿਆ ਹੈ ਜਿਸ ਕਾਰਨ ਜੀਵ ਦਾ ਆਵਾਗਵਨ ਬਣਿਆ ਰਹਿੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੁਸਾਰ ਹਉਮੈਂ ਦਾ ਰੂਪ ਇੰਨਾ ਸੂਖਮ ਹੈ ਕਿ ਚੰਗੇ ਕਰਮ ਭਾਵ ਧਾਰਮਿਕ ਕੰਮ ਕਰਦਿਆਂ ਵੀ ਹਉਮੈਂ ਜਾਂ ਮਾਣ ਅਭਿਮਾਨ ਪੈਦਾ ਹੋ ਜਾਂਦਾ ਹੈ, ਜਿਸ ਕਾਰਨ ਧਾਰਮਿਕ ਕਾਰਜ ਵੀ ਅਧਾਰਮਿਕ ਭਾਵ ਨਿਸਫਲ ਹੋ ਜਾਂਦਾ ਹੈ।[੪]

**ਨਿਰਭੈਅਤਾ:**

ਦੁਨਿਆਵੀ ਬਿਰਤੀ ਵਾਲੇ ਕਿਸੇ ਵੀ ਜੀਵ ਦਾ ਸਮੁੱਚਾ ਜੀਵਨ ਕਿਸੇ ਨਾ ਕਿਸੇ ਭੈ ਅਧੀਨ ਹੀ ਬਤੀਤ ਹੁੰਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢ ਵਿਚ ਹੀ ਨਿਰਭਉ ਤੇ ਨਿਰਵੈਰ ਦਾ ਸੰਦੇਸ਼ ਪ੍ਰਾਪਤ ਹੁੰਦਾ ਹੈ। ਨਿਰਭੈ ਹੋਣਾ ਕੋਈ ਸਧਾਰਨ ਸ਼ਬਦ ਨਹੀਂ ਬਲਕਿ ਇਹ ਜੋਧੇ ਸੂਰਬੀਰਾਂ ਦਾ ਕੰਮ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਾਨੂੰ *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* ਦਾ ਸੰਦੇਸ਼ ਦਿੰਦੀ ਹੈ, ਭਾਵ ਨਾ ਕਿਸੇ ਨੂੰ ਭੈ ਦਿਉ ਤੇ ਨਾ ਹੀ ਅਜਾਇਆਂ ਕਿਸੇ ਦਾ ਭੈ ਸਵੀਕਾਰ ਕਰੋ। ਗੁਰੂ ਪਾਤਸ਼ਾਹ ਜੀ ਨੇ ਸਿਰਫ ਕਿਹਾ ਹੀ ਨਹੀਂ ਬਲਕਿ ਮੁਗਲ ਸ਼ਾਸਕ ਔਰੰਗਜ਼ੇਬ ਅੱਗੇ ਕਿਸੇ ਹੋਰ ਦੇ ਹਿੱਤ ਦੀ ਖਾਤਰ ਸੀਸ ਦੇ ਕੇ ਵਿਹਾਰਕ ਜੀਵਨ ਵਿਚ ਇਸ ਨੂੰ ਸਿੱਧ ਵੀ ਕਰਕੇ ਦਿਖਾਇਆ। ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਮੁਗਲ ਸ਼ਾਸਕ ਗੁਰੂ ਜੀ ਨੂੰ ਨਿਰਭੈ ਪਦ ਤੋਂ ਪਿੱਛੇ ਨਹੀਂ ਕਰ ਸਕਿਆ। ਗੁਰੂ ਪਾਤਸ਼ਾਹ 'ਨਿਰਭੈ-ਪਦ' ਦੀ ਪ੍ਰਾਪਤੀ ਬਾਰੇ ਸੁਚੇਤ ਕਰਦੇ ਹੋਏ ਫੁਰਮਾਉਂਦੇ ਹਨ- *ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥*

**ਆਤਮਿਕ ਤੌਰ 'ਤੇ ਸੁਤੇ ਹੋਏ ਮਨੁੱਖ ਦੀ ਆਤਮਾ ਨੂੰ ਝੰਝੋੜਨਾ:**

ਅੱਜ ਦਾ ਮਨੁੱਖ ਵਿਗਿਆਨਕ ਕਾਢਾਂ ਜਾਂ ਸੰਸਾਰਕ ਬਿਰਤੀਆਂ ਕਾਰਨ ਵਾਹਿਗੁਰੂ ਤੋਂ ਅਚੇਤ ਹੋ ਕੇ ਪਦਾਰਥਾਂ ਵਿਚ ਨੀਂਦ ਲੈ ਰਿਹਾ ਹੈ ਪਰ ਗੁਰੂ ਪਾਤਸ਼ਾਹ ਦੀ ਬਾਣੀ ਉਸ ਨੀਂਦ ਤੋਂ ਜਾਗਣ ਦੀ ਪ੍ਰੇਰਨਾ ਦੇ ਕੇ ਅਸਲ ਯਥਾਰਥ/ਅਸਤਿਤਵ ਨਾਲ ਜੋੜਦੀ ਹੈ। ਆਪ ਜੀ ਦੀ ਬਾਣੀ ਜੀਵ ਦੇ ਅੰਤਰਆਤਮੇ ਨੂੰ ਝੰਝੋੜਦੀ ਹੋਈ- *ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ* ਤਥਾ *ਜਾਨ ਬੂਝ ਕੈ ਬਾਵਰੇ ਤੈ ਕਾਜ ਬਿਗਾਰਿਉ'* ਦਾ ਸੰਦੇਸ਼ ਦੇ ਰਹੀ ਹੈ। ਗੁਰੂ ਪਾਤਸ਼ਾਹ ਜੀ ਦੀ ਬਾਣੀ *ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥ ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ॥* ਅਨੁਸਾਰ ਨਿੱਜਤਵ ਤੋਂ ਉਪਰ ਉੱਠਣ ਦੀ ਸਿੱਖਿਆ ਦਿੰਦੀ ਇਸ ਸਰੀਰ ਦੀ ਅਟੱਲ ਨਾਸ਼ਮਾਨਤਾ ਪ੍ਰਤੀ ਸੋਧ ਪ੍ਰਦਾਨ

ਕਰਦੀ ਹੈ। ਗੁਰੂ ਪਾਤਸ਼ਾਹ ਸੇਧ ਦਿੰਦੇ ਹਨ ਕਿ ਮੋਹ ਤੋਂ ਉੱਪਰ ਉੱਠ ਕੇ ਸੱਚੇ ਸਾਥੀ ਵਾਹਿਗੁਰੂ ਨਾਲ ਜੁੜਿਆ ਜਾਵੇ ਜਿਸ ਨਾਲ- *ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥ ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥* ਦੇ ਸਿਧਾਂਤ ਦੀ ਪੂਰਤੀ ਹੋ ਸਕੇ।

**ਸਵੈ-ਪੜਚੋਲ:**

ਜੀਵ ਦੀ ਬਿਰਤੀ ਬਾਹਰਮੁਖੀ ਹੋਣ ਕਾਰਨ ਉਹ ਸਿਰਫ ਸੰਸਾਰਕ ਪੱਧਰ ਤੋਂ ਹੀ ਸੋਚਦਾ ਹੈ ਜਿਸ ਕਾਰਨ ਉਸ ਨੂੰ ਦੂਸਰਿਆਂ ਵਿਚ ਔਗੁਣ ਹੀ ਔਗੁਣ ਨਜ਼ਰ ਆਉਂਦੇ ਹਨ। ਜਦਕਿ ਗੁਰੂ ਪਾਤਸ਼ਾਹ ਸਾਨੂੰ ਗੁਣਾਂ ਦੀ ਸਾਂਝ ਕਰਨ ਦੀ ਨਸੀਹਤ ਦਿੰਦੇ ਹਨ। ਦੂਸਰਿਆਂ ਵਿਚ ਔਗੁਣ ਦੇਖਣ ਦੀ ਇਸ ਭੈੜੀ ਵਾਦੀ ਦਾ ਪ੍ਰਗਟਾਵਾ ਜੀਵ ਨਿੰਦਿਆ ਚੁਗਲੀ ਆਦਿ ਦੇ ਰੂਪ ਵਿਚ ਪ੍ਰਗਟ ਕਰਦਾ ਹੈ ਪਰ ਗੁਰੂ ਪਾਤਸ਼ਾਹ ਅਨੁਸਾਰ ਜਦੋਂ ਤਕ ਜੀਵ ਆਪਣੇ ਅੰਤਰ ਆਤਮੇ ਡੂੰਘਾਈ ਨਾਲ ਖੋਜ ਨਹੀਂ ਕਰਦਾ ਉਹ ਅਗਿਆਨਤਾ ਵਿਚ ਹੀ ਵਿਚਰਦਾ ਹੈ ਤੇ ਉਸ ਦੀ ਭਰਮਾਂ ਵਿਚ ਫਸੀ ਹੋਈ ਮਤ ਨਿਰਮਲ ਨਹੀਂ ਹੋ ਸਕਦੀ।[੫]

**ਗਿਆਨੀ ਜਾਂ ਮੁਕਤ ਪੁਰਸ਼:**

ਅੱਜਕਲ੍ਹ ਕੋਈ ਚਾਰ ਕਿਤਾਬਾਂ ਵੀ ਪੜ੍ਹ ਲਵੇ ਤਾਂ ਉਹ ਹੰਕਾਰ ਵਿਚ ਰੱਤਾ ਆਪਣੇ ਆਪ ਨੂੰ ਗਿਆਨੀ ਸਮਝਦਾ ਹੋਇਆ ਧਰਤੀ 'ਤੇ ਪੈਰ ਨਹੀਂ ਲਗਾਉਂਦਾ ਅਤੇ ਇਨਸਾਨ ਨੂੰ ਇਨਸਾਨ ਨਹੀਂ ਸਮਝਦਾ ਪਰ ਗੁਰੂ ਸਾਹਿਬ ਅਨੁਸਾਰ ਗਿਆਨੀ ਜਾਂ ਮੁਕਤ ਉਹ ਹੈ ਜੋ ਦੁੱਖ-ਸੁੱਖ, ਉਸਤਤਿ ਨਿੰਦਾ ਤੋਂ ਪਰ੍ਹੇ ਹੋ ਕੇ ਅਭੈ ਪਦ ਪ੍ਰਾਪਤ ਕਰ ਚੁੱਕਾ ਹੋਵੇ।[੬]

**ਸਰਬ ਰੋਗ ਕਾ ਅਉਖਧ ਨਾਮ:**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਬਾਣੀ ਵਿਚ ਪਹਿਲਾਂ ਆਪ ਹੀ ਪ੍ਰਸ਼ਨ ਦੇ ਰੂਪ ਵਿਚ ਅਲੱਗ-ਅਲੱਗ ਦੁਖਾਂ ਜਾਂ ਵਿਘਨਾਂ ਦਾ ਵੇਰਵਾ ਦਿੰਦੇ ਹਨ ਉਪਰੰਤ ਉਨ੍ਹਾਂ ਸਾਰੇ ਵਿਘਨਾਂ ਦਾ 'ਨਾਮ'[੭] ਦੇ ਰੂਪ ਵਿਚ ਹੱਲ ਦੱਸਦੇ ਹਨ।

**ਵਾਹਿਗੁਰੂ ਦਾ ਵਾਸਾ:**

ਜੀਵ ਅਗਿਆਨਤਾ ਦੇ ਕਾਰਨ ਵਾਹਿਗੁਰੂ ਦੀ ਪ੍ਰਾਪਤੀ ਸੰਸਾਰ ਵਿੱਚੋਂ ਹੀ ਲੱਭਦਾ ਹੋਇਆ ਤੀਰਥ ਯਾਤਰਾ ਜਾਂ ਜੰਗਲਾਂ ਵਿਚ ਹੀ ਭਟਕਦਾ ਰਹਿੰਦਾ ਹੈ ਪਰ ਗੁਰੂ ਪਾਤਸ਼ਾਹ ਅਨੁਸਾਰ ਵਾਹਿਗੁਰੂ ਤਾਂ ਜੀਵ ਦੇ ਅੰਦਰ ਵੱਸਦਾ ਹੈ। ਗੁਰੂ ਪਾਤਸ਼ਾਹ ਫੁਰਮਾਉਂਦੇ ਹਨ- *ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥* ਜੀਵ ਨੂੰ ਬਾਹਰੀ ਭਟਕਣਾ ਛੱਡ ਕੇ ਅੰਤਰ ਆਤਮੇ ਵਾਹਿਗੁਰੂ ਨਾਲ ਜੁੜਨਾ ਚਾਹੀਦਾ ਹੈ। ਜੀਵ ਦੇ ਅੰਤਰ ਆਤਮੇ ਜੁੜਨ ਉਪਰੰਤ ਹੀ ਵਾਹਿਗੁਰੂ ਦੇ ਸਰਗੁਣ/ਨਿਰਗੁਣ ਸਰੂਪ ਦੇ ਦਰਸ਼ਨ ਹੋ ਸਕਦੇ ਹਨ ਤੇ *ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ* ਦੇ ਸਿਧਾਂਤ ਦੀ ਪੂਰਤੀ ਹੋ ਸਕਦੀ ਹੈ।

**ਚਿੰਤਾ:**

ਗੁਰਬਾਣੀ ਵਿਚ ਦਰਜ ਹੈ *ਚਿੰਤਤ ਹੀ ਦੀਸੈ ਸਭ ਕੋਇ* ਭਾਵ ਸਮੁੱਚੇ ਸੰਸਾਰ ਵਿਚ ਚਿੰਤਾ ਦਾ ਪਸਾਰਾ ਫੈਲਿਆ ਹੋਇਆ ਹੈ। ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ 'ਚਿੰਤਾ'

ਪ੍ਰਥਾਇ ਆਪਣੇ ਵਿਚਾਰ ਪ੍ਰਗਟਾਉਂਦੇ ਹਨ ਕਿ ਜੀਵ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ ਕਿਉਂਕਿ ਸਭ ਕੁਝ ਹੁਕਮ ਅਨੁਸਾਰ ਹੋ ਰਿਹਾ ਹੈ। *ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥*ਭਾਵ ਜੋ ਗੱਲ ਵਾਪਰ ਕੇ ਰਹਿਣੀ ਹੈ ਉਸ ਲਈ ਚਿੰਤਾ ਜਾਂ ਸਹਿਮ ਕਿਉਂ? ਜੇਕਰ ਕਰਤੇ ਦੇ ਹੁਕਮ ਅਨੁਸਾਰ ਜੀਵਨ ਹੋ ਜਾਵੇ ਤਾਂ ਸਭ ਤਰ੍ਹਾਂ ਦੀਆਂ ਚਿੰਤਾਵਾਂ ਦਾ ਖਾਤਮਾ ਹੋ ਜਾਂਦਾ ਹੈ। ਕਰਤੇ ਦੇ ਬਣਾਏ ਨਿਯਮਾਂ ਅਨੁਸਾਰ ਹੀ ਸਭ ਕੁਝ ਵਾਪਰ ਰਿਹਾ ਹੈ। ਮੌਤ ਵੀ ਉਨ੍ਹਾਂ ਨਿਯਮਾਂ ਵਿੱਚੋਂ ਇਕ ਹੈ। ਅਸਲ ਗਿਆਨਵਾਨ ਭੈ-ਅਤੀਤ ਜੀਵਨ ਬਿਤਾਉਂਦਾ ਹੈ ਕਿਉਂਕਿ ਉਹ ਹੁਕਮ ਨੂੰ ਸਮਝ ਲੈਂਦਾ ਹੈ, ਉਹ ਗੁਰੂ ਪਾਤਸ਼ਾਹ ਵੱਲੋਂ ਕੀਤੇ ਹੁਕਮ- *ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥ ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥*ਤਥਾ *ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥* ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੋਇਆ ਨਿਰਬਾਨ/ ਮੁਕਤੀ ਅਵਸਥਾ ਪ੍ਰਾਪਤ ਕਰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੀ ਉਪਰੋਕਤ ਵਿਚਾਰ ਅਨੁਸਾਰ ਜੀਵ ਆਪਣੇ ਜੀਵਨ ਵਿਚ *ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ* ਤਥਾ *ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥* ਦੇ ਸਿਧਾਂਤ ਨੂੰ ਅਪਣਾਅ ਕੇ ਆਪਣੀ ਦੁਨਿਆਵੀ ਸ਼ਖ਼ਸੀਅਤ ਨੂੰ ਰੱਬੀ ਸ਼ਖ਼ਸੀਅਤ ਵਿਚ ਤਬਦੀਲ ਕਰ ਸਕਦਾ ਹੈ। ਗੁਰੂ ਸਾਹਿਬ ਜੀ ਬਾਣੀ ਵਿਚ ਜੀਵ ਨੂੰ ਹਰੇਕ ਪੱਖੋਂ ਸੰਪੂਰਨਤਾ ਬਖਸ਼ ਕੇ ਅਭੇਦਤਾ ਦਾ ਮਾਰਗ ਸਿਖਾਉਂਦੇ ਹਨ, ਜਿਸ ਨਾਲ ਜੀਵ ਆਪਣਾ ਜੀਵਨ ਸਫਲ ਕਰ ਸਕਦਾ ਹੈ।

**ਹਵਾਲੇ :**

**੧.** *ਹਰਿ ਕੋ ਨਾਮੁ ਸਦਾ ਸੁਖਦਾਈ॥*
*ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)*
**੨.** *ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧)*
**੩.** *ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥*
*ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥*
*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*
**੪.** *ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)*
**੫.** *ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੯)*
**੬.** *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*
**੭.** *ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥*
*ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)*

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਅਜੋਕੇ ਯੁੱਗ ਵਿਚ ਪ੍ਰਸੰਗਿਕਤਾ

*-ਪ੍ਰਿੰ. ਇੰਦਰਜੀਤ ਸਿੰਘ ਵਾਸੂ**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੫੯ ਸ਼ਬਦ ਤੇ ੫੭ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਉਨ੍ਹਾਂ ਦੀ ਸਮੁੱਚੀ ਬਾਣੀ ਮਨੁੱਖੀ ਜੀਵਨ ਦੀ ਕਲਿਆਣ ਤੇ ਖ਼ੁਸ਼ਹਾਲੀ ਨਾਲ ਸੰਬੰਧਿਤ ਹੈ। ਉਨ੍ਹਾਂ ਨੇ ਸਦੀਵੀ ਸਾਹਿਤ ਦੀ ਰਚਨਾ ਕੀਤੀ, ਜੋ ਮਨੁੱਖ ਜੀਵਨ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਨਾਲ ਸੰਬੰਧਿਤ ਹਨ। ਯੁੱਗ ਕੋਈ ਵੀ ਹੋਵੇ, ਮਨੁੱਖ ਦੀਆਂ ਬੁਨਿਆਦੀ ਪ੍ਰਵਿਰਤੀਆਂ ਉਹੀ ਰਹਿੰਦੀਆਂ ਹਨ। ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਵਿਕਾਰ ਉਸ ਦੀਆਂ ਸਮੱਸਿਆਵਾਂ ਦਾ ਧੁਰਾ ਬਣਦੇ ਹਨ। ਅੱਜ ਦਾ ਯੁੱਗ ਪੁਰਾਣੇ ਯੁੱਗ ਨਾਲੋਂ ਕੋਈ ਬਹੁਤਾ ਵੱਖਰਾ ਨਹੀਂ। ਅੱਜ ਵੀ ਮਨੁੱਖੀ ਸਮਾਜ ਵਿਚ ਆਚਰਣਕ ਕਮਜ਼ੋਰੀਆਂ, ਪਾਖੰਡ, ਕੁੰਬਾ-ਪਰਵਰੀ, ਨਫ਼ਰਤ, ਵਿਖਾਵਾ, ਧਾਰਮਿਕ ਕਰਮ-ਕਾਂਡ ਤੇ ਕੱਟੜਵਾਦ ਆਦਿ ਦਾ ਬੋਲਬਾਲਾ ਹੈ। ਮਨੁੱਖਤਾ ਉਪਰੋਕਤ ਬੰਧਨਾਂ ਤੋਂ ਬਚਾਉ ਦੀ ਤਲਾਸ਼ ਵਿਚ ਹੈ ਗੁਰੂ ਜੀ ਦੀ ਬਾਣੀ ਦੇ ਗਹਿਰੇ ਅਧਿਐਨ ਤੋਂ ਹੇਠ-ਲਿਖੇ ਪੱਖ ਸਾਹਮਣੇ ਆਉਂਦੇ ਹਨ:

**੧.** ਇਕਹਿਰੀ ਹੋਂਦ ਵਿਚ ਦੋ ਹੋਂਦਾਂ ਦਾ ਮਿਲਾਪ
**੨.** ਪਦਾਰਥਵਾਦ ਦੇ ਮਾਰੂ ਪ੍ਰਭਾਵ
**੩.** ਪ੍ਰਭੂ ਪ੍ਰੇਮ ਤੋਂ ਵਿਛੜੀ ਆਤਮਾ ਦੀ ਪੁਕਾਰ
**੪.** ਅਗਿਆਨ ਦੀ ਸਮੱਸਿਆ
  (ੳ) ਸੰਸਾਰਕ ਰਿਸ਼ਤਿਆਂ ਦੀ ਅਸਥਿਰਤਾ
  (ਅ) ਸੰਸਾਰ : ਭਰਮ ਰੂਪ
**੫.** ਨੈਤਿਕ ਪਤਨ
**੬.** ਕਦਰਾਂ-ਕੀਮਤਾਂ ਦਾ ਨਿਘਾਰ
**੭.** ਕਰਮ-ਕਾਂਡ ਦੀ ਸਮੱਸਿਆ
**੮.** ਅਜੋਕੇ ਮਨੁੱਖ ਦੇ ਸੰਕਟ
  (ੳ) ਕਰਨੀ ਤੇ ਕਥਨੀ ਦਾ ਫ਼ਰਕ
  (ਅ) ਖਾਣ-ਪੀਣ ਦੇ ਸੰਜਮ ਦੀ ਅਣਹੋਂਦ
  (ੲ) ਮਨੁੱਖ ਦੀ ਹਸਤੀ ਤੇ ਹੋਂਦ ਦਾ ਸੰਘਟਨ
  (ਸ) ਲਾਚਾਰੀ ਤੇ ਮਨ ਦੀ ਨਿਰਾਸਤਾ
  (ਹ) ਜਾਣ-ਬੁੱਝ ਕੇ ਗ਼ਲਤ ਕੰਮ ਕਰਨਾ

** #੧੦੦੦, ਅਰਬਨ ਅਸਟੇਟ, ਫਗਵਾੜਾ-੧੪੪੬੩੨; ਮੋ. ੯੦੫੬੩੯੦੭੬੩*

**੯.** ਮਨੁੱਖ ਦੀ ਸਮੁੱਚੀ ਪ੍ਰਕਿਰਤੀ ਦਾ ਗਿਆਨ ਤੇ ਨਿਰਵਾਨ ਪਦ ਦੀ ਪ੍ਰਾਪਤੀ

ਉਪਰੋਕਤ ਪੱਖਾਂ 'ਤੇ ਵਿਚਾਰ ਹੇਠਾਂ ਕੀਤੀ ਜਾਂਦੀ ਹੈ:

**੧. ਇਕਹਿਰੀ ਹੋਂਦ ਵਿਚ ਦੋ ਹੋਂਦਾਂ ਦਾ ਮਿਲਾਪ**

ਅਜੋਕੇ ਸਮੇਂ ਵਿਚ ਮਨੁੱਖ ਦੀ ਇਕ ਬੁਨਿਆਦੀ ਸਮੱਸਿਆ ਆਪਣੀ ਬਣਤਰ ਦੀ ਜਾਣਕਾਰੀ ਤੋਂ ਅਨਜਾਣ ਹੋਣਾ ਹੈ। ਮਨੁੱਖ ਇਕਹਿਰੀ ਹੋਂਦ ਵਿਚ ਦੋ ਹੋਂਦਾਂ ਦੀ ਬਣਤਰ ਵਾਲਾ ਪ੍ਰਾਣੀ ਹੈ। ਉਹ ਮਾਦੇ ਤੇ ਆਤਮਾ ਦਾ ਸੰਗਮ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੁਸਾਰ ਰੱਬ ਸਰਬ-ਵਿਆਪਕ ਹੋਂਦ ਕਰਕੇ ਮਨੁੱਖ ਦੀ ਪ੍ਰਕਿਰਤੀ ਦਾ ਸਹਿਜ ਸੁਭਾਵਿਕ ਅੰਗ ਹੈ। ਇਹ ਚੇਤਨਾ ਉਸ ਨੂੰ ਪਸ਼ੂਆਂ ਤੋਂ ਨਿਖੇੜਦੀ ਹੈ ਤੇ ਜੀਵਨ ਦੇ ਅਰਥ ਤੇ ਮਹੱਤਵ ਦੀ ਤਲਾਸ਼ ਵੱਲ ਲਗਾਉਂਦੀ ਹੈ। ਗੁਰੂ ਜੀ ਮਨੁੱਖ ਨੂੰ ਸੰਸਾਰਕ ਵਸਤੂਆਂ ਦੀ ਨਾਸ਼ਮਾਨਤਾ ਨੂੰ ਪਹਿਚਾਨਣ ਤੇ ਅੰਗ-ਸੰਗ ਵੱਸਦੇ ਪ੍ਰਭੂ ਨੂੰ ਬਾਰ-ਬਾਰ ਯਾਦ ਕਰਨ ਲਈ ਪ੍ਰੇਰਦੇ ਹਨ। ਗੁਰੂ ਜੀ ਅਨੁਸਾਰ ਪ੍ਰਭੂ ਦੀ ਸ਼ਰਨ ਪੈਣ ਤੋਂ ਬਿਨਾਂ ਤੈਨੂੰ ਉੱਚੀ ਆਤਮਿਕ ਅਵਸਥਾ ਪ੍ਰਾਪਤ ਨਹੀਂ ਹੋਵੇਗੀ। ਇਸ ਸੰਬੰਧੀ ਉਨ੍ਹਾਂ ਦੇ ਫ਼ੁਰਮਾਨ ਇਸ ਪ੍ਰਕਾਰ ਹਨ :

*-ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*

*-ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥*
*ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥੧॥ਰਹਾਉ॥*
*ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥*
*ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੭)*

*-ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੮)*

**੨. ਪਦਾਰਥਵਾਦ ਦੇ ਮਾਰੂ ਪ੍ਰਭਾਵ**

ਅਜੋਕਾ ਮਨੁੱਖ ਪਦਾਰਥਵਾਦ ਦੇ ਮਾਰੂ ਪ੍ਰਭਾਵਾਂ ਦਾ ਸ਼ਿਕਾਰ ਹੈ। ਦੁਨਿਆਵੀ ਵਸਤਾਂ ਦੇ ਲੋਭ ਨੇ ਉਸ ਨੂੰ ਕੁਰਾਹੇ ਪਾ ਦਿੱਤਾ ਹੈ। ਪਦਾਰਥਕ ਖਿੱਚਾਂ ਨੇ, ਮਾਇਕ ਪਕੜਾਂ ਨੇ, ਸਰੀਰਕ ਸੁਆਦਾਂ ਨੇ ਮਨੁੱਖ ਨੂੰ ਉਸ ਦਾ ਮੂਲ ਭੁਲਾ ਦਿੱਤਾ ਹੈ। ਰੂਹਾਨੀਅਤ ਦੀ ਤਲਾਸ਼ ਦੀ ਥਾਂ ਉਸ ਨੇ ਆਪਣਾ ਆਪਾ ਪਦਾਰਥਾਂ ਪ੍ਰਤੀ ਭੇਟ ਕਰ ਦਿੱਤਾ ਹੈ।ਗੁਰੂ ਜੀ ਉਸ ਨੂੰ ਤਤਕਾਲ ਮਾਇਕ ਮੋਹ ਦੀ ਨੀਂਦ ਤੋਂ ਜਾਗਣ ਲਈ ਕਹਿੰਦੇ ਹਨ ਤੇ ਪ੍ਰਭੂ ਦੀਆਂ ਦਾਤਾਂ ਦਾ ਸ਼ੁਕਰਾਨਾ ਕਰਨ ਲਈ ਆਖਦੇ ਹਨ। ਜਿਵੇਂ:

*ਕਹਾ ਭੂਲਿਓ ਰੇ ਝੂਠੇ ਲੋਭ ਲਾਗ॥*

*ਕਛੁ ਬਿਗਰਿਓ ਨਾਹਿਨ ਅਜਹੁ ਜਾਗ॥੧॥ਰਹਾਉ॥...*
*ਬਾਰ ਅੰਤ ਕੀ ਹੋਇ ਸਹਾਇ॥*
*ਕਹੁ ਨਾਨਕ ਗੁਨ ਤਾ ਕੇ ਗਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੭)*

ਮਨੁੱਖੀ ਜ਼ਿੰਦਗੀ ਜਦੋਂ ਰੂਹਾਨੀਅਤ ਤੋਂ ਸੱਖਣੀ ਹੋ ਜਾਂਦੀ ਹੈ, ਉਦੋਂ ਪਦਾਰਥਵਾਦੀ ਜ਼ਿੰਦਗੀ ਆਪਣੇ ਰੰਗ ਦਿਖਾਉਣ ਲੱਗਦੀ ਹੈ ਤੇ ਮਨੁੱਖ ਨੂੰ ਦਸਾਂ ਦਿਸ਼ਾਵਾਂ ਵਿਚ ਭਟਕਾਉਣ ਲੱਗਦੀ ਹੈ। ਅਜੋਕਾ ਮਨੁੱਖ ਰਾਹੋਂ-ਕੁਰਾਹੇ ਪੈ ਕੇ ਬਲੈਕ ਮਾਰਕੀਟਿੰਗ, ਸਮਗਲਿੰਗ, ਜ਼ਹਿਰੀਲੀ ਸ਼ਰਾਬ, ਸਰਕਾਰੀ ਗਰਾਂਟਾਂ ਦੇ ਘੁਟਾਲੇ, ਰੇਤ, ਟਰਾਂਸਪੋਰਟ, ਸੰਚਾਰ-ਮਾਧਿਅਮ ਆਦਿ ਮਾਫ਼ੀਆ ਗਰੁੱਪਾਂ ਵਿਚ ਵਿੰਗੇ-ਟੇਡੇ ਕੰਮਾਂ ਵਿਚ ਪੈ ਗਿਆ ਹੈ। ਅਜੋਕੇ ਯੁੱਗ ਵਿਚ ਤਾਂ ਮਨੁੱਖ ਸਭ ਕਦਰਾਂ-ਕੀਮਤਾਂ ਛੱਡ ਕੇ, ਚਿੱਟਾ, ਕੋਕੀਨ, ਗਾਂਜਾ ਆਦਿ ਨਸ਼ੀਲੇ ਪਦਾਰਥਾਂ ਦੀਆਂ ਗ਼ੈਰ-ਕਾਨੂੰਨੀ ਸਰਗਰਮੀਆਂ ਵਿਚ ਆਪਣਾ ਆਪਾ ਬਰਬਾਦ ਕਰ ਰਿਹਾ ਹੈ। ਉਸ ਦਾ ਮਨ ਆਤਮਿਕ ਬੁਲੰਦੀ ਵੱਲ ਲੈ ਜਾਣ ਵਾਲੀ ਪ੍ਰਭੂ-ਬੰਦਗੀ ਤੋਂ ਸੱਖਣਾ ਹੋ ਗਿਆ ਹੈ। ਤਨ 'ਸੂਰਾਂ' ਤੇ 'ਕੁੱਤਿਆਂ' ਸਮਾਨ ਗ਼ੈਰ-ਮਨੁੱਖੀ ਜੀਵਨ ਜੀਣ ਲੱਗ ਗਿਆ ਹੈ। ਉਹ ਮਨੁੱਖ ਦੀ ਚਮੜੀ ਵਿਚ ਲਪੇਟੇ ਪਸ਼ੂ-ਸਮਾਨ ਹੋ ਗਿਆ ਹੈ। ਉਹ ਸੱਚ ਅਥਵਾ ਰੱਬ ਨੂੰ ਛੱਡ ਕੇ, ਨਾਸ਼ਮਾਨ ਪਦਾਰਥਾਂ ਵਿਚ ਲੱਗ ਕੇ, ਪਾਖੰਡੀ ਬਣ ਗਿਆ ਹੈ ਤੇ ਪਸ਼ੂਆਂ ਵਾਂਗ ਆਪਣਾ ਪੇਟ ਪਾਲਣ ਵਿਚ ਰੁਝ ਗਿਆ ਹੈ। ਇਸ ਸੰਬੰਧ ਵਿਚ ਗੁਰੂ ਜੀ ਦੇ ਫੁਰਮਾਨ ਹਨ:

*-ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੧)*

*-ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥*
*ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)*
*-ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ॥*
*ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਅਜੋਕੇ ਯੁੱਗ ਵਿਚ ਗੁਰੂ ਜੀ ਦੇ ਇਹ ਫੁਰਮਾਨ ਮਨੁੱਖਾਂ ਦੀਆਂ ਸੁੱਤੀਆਂ ਆਤਮਾਵਾਂ ਨੂੰ ਜਗਾ ਸਕਦੇ ਹਨ।

### ੩. ਪ੍ਰਭੂ-ਪ੍ਰੇਮ ਤੋਂ ਵਿਛੜੀ ਆਤਮਾ ਦੀ ਪੁਕਾਰ

ਕਦੀ-ਕਦੀ ਕਿਤੇ-ਕਿਤੇ ਪ੍ਰਭੂ-ਪ੍ਰੇਮ ਤੋਂ ਵਿਛੜੀ ਕੁਮਾਰਗਗਾਮੀ, ਪਤਿਤ ਤੇ ਵਿਕਾਰੀ ਲੋਕ-ਆਤਮਾ ਬੋਲ ਉੱਠਦੀ ਹੈ ਕਿ ਮੈਂ ਗੁਨਾਹਗਾਰ ਹਾਂ। ਮੈਂ ਮੂਰਖ ਤੇ ਲਾਲਚੀ ਹਾਂ, ਹੁਣ ਮੈਂ ਪਾਪ ਕਰਦੀ ਥੱਕ ਗਈ ਹਾਂ, ਮੈਨੂੰ ਮੌਤ ਦਾ ਡਰ ਸਤਾਈ ਜਾ ਰਿਹਾ ਹੈ। ਇਸ ਦੀ ਚਿੰਤਾ ਨੇ ਮੇਰਾ ਮਨ ਤੇ ਤਨ ਸਾੜ ਕੇ ਰੱਖ ਦਿੱਤਾ ਹੈ। ਮੌਤ ਦੇ ਸਹਿਮ ਤੋਂ ਛੁਟਕਾਰਾ ਪਾਉਣ ਦੇ ਆਸ਼ੇ ਨਾਲ ਮੈਂ ਇਧਰ ਉਧਰ ਦਸਾਂ ਪਾਸਿਆਂ ਨੂੰ

ਦੌੜਦੀ ਹਾਂ। ਮੈਨੂੰ ਕਿਤੇ ਵੀ ਸ਼ਾਂਤੀ ਨਸੀਬ ਨਹੀਂ ਹੁੰਦੀ। ਮੈਂ ਕਦੀ ਆਪਣੀ ਬੁਲੰਦੀ 'ਤੇ ਪਹੁੰਚ ਸਕਾਂਗੀ। ਮੇਰੇ ਅੰਦਰ ਘੋਰ ਨਿਰਾਸ਼ਤਾ ਛਾ ਗਈ ਹੈ। ਹੇ ਪ੍ਰਭੂ! ਮੈਨੂੰ ਤੇਰੀ ਸ਼ਰਨ ਹੀ ਹਰੇਕ ਕਿਸਮ ਦੇ ਡਰ ਤੋਂ ਬਚਾਅ ਕੇ ਮੌਤ ਤੋਂ ਨਿਰਭੈ ਦਸ਼ਾ ਪ੍ਰਦਾਨ ਕਰ ਸਕਦੀ ਹੈ। ਜਿਵੇਂ:

*ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ॥*
*ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ॥੧॥*
*ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ॥*
*ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੦੩)*

### ੪. ਅਗਿਆਨ ਦੀ ਸਮੱਸਿਆ

ਹਰੇਕ ਯੁੱਗ ਦੀ ਤਰ੍ਹਾਂ ਅਜੋਕੇ ਯੁੱਗ ਵਿਚ ਵੀ ਅਗਿਆਨ ਮਨੁੱਖ ਲਈ ਬੜੀ ਸਮੱਸਿਆ ਹੈ। ਇਹ ਇਕ ਵਿਅਕਤੀ ਨੂੰ ਸਹੀ ਮਾਰਗ 'ਤੇ ਨਹੀਂ ਪੈਣ ਦਿੰਦਾ। ਅਗਿਆਨ ਕਾਰਨ ਹੀ ਮਨੁੱਖ ਇਸਤਰੀ, ਦੋਸਤ, ਪੁੱਤਰ, ਕਾਰਾਂ-ਗੱਡੀਆਂ ਤੇ ਸਮੂਹ ਦੌਲਤ ਆਦਿ ਨਾਸ਼ਮਾਨ ਵਸਤਾਂ ਦੇ ਗ੍ਰਹਿਣ ਕਰਨ ਵਿਚ ਸਾਰੀ ਉਮਰ ਭੱਜਿਆ ਫਿਰਦਾ ਹੈ, ਜੋ ਅੰਤ ਵੇਲੇ ਕੰਮ ਨਹੀਂ ਆਉਂਦੀਆਂ। ਸਿਰਫ਼ ਪਰਮਾਤਮਾ ਦਾ ਭਜਨ ਹੀ ਅਸਲ ਸਾਥੀ ਹੈ। ਜਿਵੇਂ:

*ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ॥*
*ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧)*

### (ੳ) ਸੰਸਾਰਕ ਰਿਸ਼ਤਿਆਂ ਦੀ ਅਸਥਿਰਤਾ

ਅਗਿਆਨ ਕਾਰਨ ਹੀ ਮਨੁੱਖ ਸੰਸਾਰਕ ਰਿਸ਼ਤਿਆਂ ਬਾਰੇ ਸਹੀ ਨਿਰਣਾ ਨਹੀਂ ਲੈ ਸਕਦਾ। ਅਸਲ ਰਿਸ਼ਤੇਦਾਰਾਂ ਜਾਂ ਅਸਲ ਮਿੱਤਰਤਾ ਦੀ ਭਾਲ ਵਿਅਰਥ ਹੈ। ਸਾਰਾ ਸੰਸਾਰ ਆਪਣੇ ਸੁਖਾਂ ਵਿਚ ਹੀ ਲੱਗਾ ਰਹਿੰਦਾ ਹੈ। ਦੁੱਖ ਵਿਚ ਕੋਈ ਵੀ ਸਾਥ ਨਹੀਂ ਦਿੰਦਾ। ਸਾਰੇ ਰਿਸ਼ਤੇਦਾਰ ਧਨ ਨਾਲ ਹੀ ਚੰਮੜੇ ਰਹਿੰਦੇ ਹਨ। ਗੁਰੂ ਜੀ ਨੇ ਸਪੱਸ਼ਟ ਹੋ ਕੇ ਕਿਹਾ ਕਿ ਜਦੋਂ ਕੋਈ ਗ਼ਰੀਬ ਹੋ ਜਾਵੇ ਤਾਂ ਸਾਰੇ ਰਿਸ਼ਤੇਦਾਰ ਉਸ ਦਾ ਸਾਥ ਛੱਡ ਜਾਂਦੇ ਹਨ। ਐਉਂ ਲੱਗਦਾ ਹੈ ਕਿ ਗੁਰੂ ਜੀ ਅਜੋਕੇ ਯੁੱਗ ਵਿਚ ਰਹਿ ਰਹੇ ਹੋਣ ਤਾਂ ਉਹ ਸਮਾਜਿਕ ਸੱਚਾਈਆਂ ਨੂੰ ਬਿਆਨ ਕਰ ਰਹੇ ਹੋਣ, ਇਹੀ ਉਨ੍ਹਾਂ ਦੇ ਬੋਲਾਂ ਦੀ ਵਿਲੱਖਣਤਾ ਹੈ, ਇਹੀ ਉਨ੍ਹਾਂ ਦੀ ਬਾਣੀ ਦੀ ਪ੍ਰਸੰਗਿਕਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਸੇ ਨਤੀਜੇ 'ਤੇ ਪਹੁੰਚੇ ਸਨ, ਜਦੋਂ ਉਨ੍ਹਾਂ ਨੇ ਕਿਹਾ ਸੀ ਕਿ ਖ਼ੁਦਗਰਜ਼ ਜ਼ਮਾਨੇ ਦਾ ਵਾਤਾਵਰਨ ਦੇਖ ਕੇ ਇਕ ਇਨਸਾਨ ਦੇ ਮਨ ਵਿਚ ਅਜਨਬੀਪੁਣੇ ਦੀ ਭਾਵਨਾ ਜਾਗਦੀ ਹੈ। ਸਭ ਕੁਝ ਬਿਗਾਨਾ ਲੱਗਦਾ ਹੈ। ਨਾ ਕੋਈ ਅਸਲੀ ਸੰਤ ਹੈ,

ਨਾ ਕੋਈ ਅਸਲ ਮਿੱਤਰ ਹੈ। ਪਤਾ ਨਹੀਂ ਦੁਨੀਆਂ ਨੂੰ ਕੀ ਹੋ ਗਿਆ ਹੈ? ਇਸ ਸੰਦਰਭ ਵਿਚ ਗੁਰਬਾਣੀ ਦੇ ਫੁਰਮਾਨ ਪੇਸ਼ ਹਨ:

*-ਇਹ ਜਗਿ ਮੀਤੁ ਨ ਦੇਖਿਓ ਕੋਈ॥*
*ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥੧॥ਰਹਾਉ॥*
*ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥*
*ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

**(ਅ) ਸੰਸਾਰ : ਭਰਮ ਰੂਪ**

ਅਗਿਆਨ ਕਾਰਨ ਹੀ ਮਨੁੱਖ ਸੰਸਾਰ ਦੇ ਭਰਮੀਲੇ ਸਰੂਪ ਨੂੰ ਨਹੀਂ ਸਮਝਦਾ। ਭਰਮ ਤੋਂ ਭਾਵ ਹੈ ਕਿ ਚੀਜ਼ਾਂ ਅਸਲ ਵਿਚ ਉਸ ਤਰ੍ਹਾਂ ਦੀਆਂ ਨਹੀਂ ਹੁੰਦੀਆਂ, ਜਿਸ ਤਰ੍ਹਾਂ ਦੀਆਂ ਉਹ ਜਾਪਦੀਆਂ ਹਨ। ਜਿਵੇਂ ਰੱਸੀ ਸ਼ਾਮ ਵੇਲੇ ਸੱਪ ਜਾਪਦੀ ਹੈ, ਪਰ ਉਹ ਸੱਪ ਨਹੀਂ ਹੁੰਦੀ। ਭਗਤ ਰਵਿਦਾਸ ਜੀ ਨੇ ਭਰਮ-ਬਿਰਤੀ ਬਾਰੇ ਸਪੱਸ਼ਟ ਕਰਦਿਆਂ ਕਿਹਾ:

*ਮਾਧਵੇ ਕਿਆ ਕਹੀਐ ਭ੍ਰਮੁ ਐਸਾ॥*
*ਜੈਸਾ ਮਾਨੀਐ ਹੋਇ ਨ ਤੈਸਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੭)*

ਸੰਸਾਰ ਤੇ ਇਸ ਦੀਆਂ ਵਸਤੂਆਂ ਛਲ ਰੂਪ ਹਨ, ਭਰਮ ਰੂਪ ਹਨ। ਸੁਪਨੇ ਅਤੇ ਹਕੀਕਤ ਵਿਚ ਬੜਾ ਫ਼ਰਕ ਹੈ। ਜਿਵੇਂ ਕਿ ਇਕ ਬੱਚੇ ਨੂੰ ਅਗਿਆਨ ਕਾਰਨ ਮੱਘਦੇ ਲਾਲ-ਬਿੰਬ ਕੋਲੇ ਗੁਲਾਬ ਦੇ ਫੁੱਲਾਂ ਵਾਂਗ ਲੱਗਦੇ ਹਨ ਤੇ ਕਈ ਵਾਰ ਉਹ ਉਨ੍ਹਾਂ ਨੂੰ ਹੱਥਾਂ ਵਿਚ ਪਕੜਨਾ ਚਾਹੁੰਦਾ ਹੈ, ਪਰ ਉਸ ਦੀ ਮਾਂ ਉਸ ਨੂੰ ਤੁਰੰਤ ਰੋਕ ਦਿੰਦੀ ਹੈ, ਕਿਉਂਕਿ ਉਹ ਅੱਗ ਤੇ ਫੁੱਲਾਂ ਦੇ ਫ਼ਰਕ ਨੂੰ ਪਹਿਚਾਨਣ ਵਾਲੀ ਹੁੰਦੀ ਹੈ। ਬਸ ਇਸੇ ਤਰ੍ਹਾਂ ਸੰਸਾਰ ਦਿੱਸਣ ਨੂੰ ਭਾਵੇਂ ਸੁਹਣਾ ਤੇ ਖਿੱਚ ਭਰਪੂਰ ਹੈ, ਪਰ ਅਸਲੀਅਤ ਵਿਚ ਇਹ ਉਸ ਤਰ੍ਹਾਂ ਨਹੀਂ ਹੈ, ਜਿਵੇਂ ਇਹ ਦਿੱਸਦਾ ਹੈ। ਸੰਸਾਰ ਦੀਆਂ ਪਦਵੀਆਂ ਤੇ ਸਨਮਾਨ ਭਰੀਆਂ ਥਾਵਾਂ ਮਨੁੱਖ ਨੂੰ ਖਿੱਚਦੀਆਂ ਹਨ। ਕਈ ਵਾਰ ਉਹ ਪਦਾਰਥਕ ਬਾਹਰੀ ਚਮਕ ਦੇਖ ਕੇ ਮਨੁੱਖ ਆਪਣੇ ਅਸੂਲ ਤਿਆਗ ਕੇ ਮਾਇਆ ਲਈ ਵਿਕ ਜਾਂਦਾ ਹੈ। ਰਾਜਨੀਤੀ ਦੇ ਖੇਤਰ ਵਿਚ ਨਿੱਤ ਬੰਦੇ ਮਾਇਆ ਦੀ ਖ਼ਾਤਰ ਵਿਕਦੇ ਦੇਖੇ ਜਾ ਸਕਦੇ ਹਨ। ਇਹ ਵਿਕਣ ਵਾਲੇ ਆਪਣਾ ਆਤਮ-ਸਨਮਾਨ ਗੁਆਉਂਦੇ ਹਨ। ਇਸ ਸੰਬੰਧ ਵਿਚ ਗੁਰੂ ਜੀ ਦੇ ਬਚਨ ਵਿਸ਼ੇਸ਼ ਹਨ:

*ਸਾਧੋ ਇਹੁ ਜਗੁ ਭਰਮ ਭੁਲਾਨਾ॥*
*ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*

ਗੁਰੂ ਜੀ ਅਨੁਸਾਰ ਮਨੁੱਖ ਨੂੰ ਤਿੰਨ ਸਥਿਤੀਆਂ ਆਪਣਾ ਆਪਾ ਭੁਲਾ ਦਿੰਦੀਆਂ ਹਨ। ਜਵਾਨੀ, ਧਨ ਤੇ ਪ੍ਰਸਿੱਧੀ ਦੇ ਨਸ਼ੇ ਵਿਚ ਮਨੁੱਖ ਦੀ ਸੋਚ ਧੁੰਦਲੀ ਹੋ ਜਾਂਦੀ ਹੈ।

ਉਸ ਦੀਆਂ ਤਰਜੀਹਾਂ ਬਦਲ ਜਾਂਦੀਆਂ ਹਨ। ਉਸ ਨੂੰ ਆਮ ਵਿਅਕਤੀ ਦਿਸਣੋਂ ਹੱਟ ਜਾਂਦਾ ਹੈ। ਉਹ ਉਸ ਦੀ ਗੱਲ ਸੁਣ ਵੀ ਨਹੀਂ ਸਕਦਾ। ਇਸ ਸੰਬੰਧ ਵਿਚ ਗੁਰੂ ਜੀ ਦਾ ਫ਼ੁਰਮਾਨ ਸਪੱਸ਼ਟ ਹੈ ਅਤੇ ਗੁਰੂ ਜੀ ਮਨੁੱਖ ਨੂੰ ਸੁਝਵਾਨ ਬਣਾਉਣਾ ਚਾਹੁੰਦੇ ਹਨ। ਜਿਵੇਂ:

*-ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੫)*

## ੫. ਨੈਤਿਕ ਪਤਨ

ਜਦੋਂ ਇਨਸਾਨ ਵਿਚ ਲੋਭ ਦੀ ਤ੍ਰਿਸ਼ਨਾ ਵੱਧਦੀ ਹੈ, ਉਸ ਦਾ ਨੈਤਿਕ ਪਤਨ ਹੋ ਜਾਂਦਾ ਹੈ। ਗੁਰਬਾਣੀ ਵਿਚ ਤ੍ਰਿਸ਼ਨਾ ਨੂੰ ਅੱਗ ਨਾਲ ਤੁਲਨਾ ਦਿੱਤੀ ਗਈ ਹੈ। ਇਸ ਸੰਬੰਧ ਵਿਚ ਗੁਰੂ ਅਮਰਦਾਸ ਜੀ ਦਾ ਕਥਨ *ਤਿਸਨਾ ਅਗਨਿ ਜਲੈ ਸੰਸਾਰਾ* ਵਿਸ਼ੇਸ਼ ਹੈ। ਅਜੋਕੇ ਯੁੱਗ ਵਿਚ ਤ੍ਰਿਸ਼ਨਾ ਦਾ ਕੋਈ ਅੰਤ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਇਸ ਸੰਬੰਧ ਵਿਚ ਵਿਸ਼ੇਸ਼ ਹੈ। ਇਨਸਾਨ ਦੇ ਅੰਦਰ ਹਿੰਸਾ, ਨਿੱਜੀ ਲਗਾਵ, ਲੋਭ ਤੇ ਕ੍ਰੋਧ ਦੀਆਂ ਚਾਰ ਅੱਗ ਦੀਆਂ ਨਦੀਆਂ ਹਨ, ਭਾਵ ਇਹ ਮਨੁੱਖ ਨੂੰ ਜਲਾਉਣ ਵਾਲੀਆਂ ਭਾਵਨਾਵਾਂ ਹਨ। ਇਹ ਆਚਰਨ ਦੀ ਭ੍ਰਿਸ਼ਟਤਾ ਉਤਪੰਨ ਕਰਕੇ ਇਕ ਵਿਅਕਤੀ ਨੂੰ ਭ੍ਰਿਸ਼ਟਾਚਾਰ ਵੱਲ ਧੱਕ ਦਿੰਦੀਆਂ ਹਨ। ਇਸ ਤਰ੍ਹਾਂ ਦੀ ਸਥਿਤੀ ਤੋਂ ਕੇਵਲ ਨੇਕ ਕਰਮਾਂ ਵਿਚ ਲੱਗਣ ਕਾਰਨ ਛੁਟਕਾਰਾ ਮਿਲ ਸਕਦਾ ਹੈ। ਜਿਵੇਂ:

*ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥*
*ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੭)*

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਪਾਸ਼ਵਿਕ ਪ੍ਰਵਿਰਤੀਆਂ 'ਚ ਘਿਰਿਆ ਮਨੁੱਖ ਆਪਣੇ ਅਸਲ ਸਰੂਪ (ਹਰਿ ਮੂਰਤ) ਨੂੰ ਭੁੱਲ ਜਾਂਦਾ ਹੈ। ਉਹ ਹਰਿਮੰਦਰ ਦਾ ਆਪ ਸਰੂਪ ਹੈ, ਰੱਬੀ ਸ਼ਕਤੀਆਂ ਨਾਲ ਵਰੋਸਾਇਆ ਹੋਇਆ ਹੈ, ਪਰ ਉਸ ਦੀਆਂ ਪਾਸ਼ਵਿਕ ਪ੍ਰਵਿਰਤੀਆਂ ਉਸ ਨੂੰ ਆਪਣੀ ਹਕੀਕਤ ਭੁਲਾ ਦਿੰਦੀਆਂ ਹਨ ਤੇ ਉਸ ਦੀ ਮਾਨਵਤਾ ਪਸ਼ੂਤਾ ਵਿਚ ਬਦਲਣ ਲੱਗ ਜਾਂਦੀ ਹੈ। ਇਸ ਕਰਕੇ ਗੁਰੂ ਜੀ ਮਨੁੱਖ ਨੂੰ ਇਨ੍ਹਾਂ ਤੋਂ ਦੂਰੀ ਬਣਾਉਣ ਲਈ ਆਖਦੇ ਹਨ। ਜਿਵੇਂ:

*-ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*

*-ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*

## ੬. ਕਦਰਾਂ-ਕੀਮਤਾਂ ਦਾ ਨਿਘਾਰ

ਅਜੋਕੇ ਯੁੱਗ ਦੀ ਇਕ ਪ੍ਰਮੁੱਖ ਸਮੱਸਿਆ ਕਦਰਾਂ-ਕੀਮਤਾਂ ਦੇ ਨਿਘਾਰ ਦੀ ਸਮੱਸਿਆ ਹੈ, ਜਿਸ ਦਾ ਪ੍ਰਗਟਾਵਾ ਭਾਵੇਂ ਗੁਰੂ ਜੀ ਨੇ ਆਪਣੇ ਸਮੇਂ ਬਾਰੇ ਕੀਤਾ ਸੀ,

ਪਰ ਇਹ ਸਾਰਾ ਵਰਣਨ ਅਜੋਕੇ ਯੁੱਗ ਦਾ ਪ੍ਰਤੱਖ ਨਜ਼ਾਰਾ ਪੇਸ਼ ਕਰਦਾ ਹੈ। ਅੱਜ ਦਾ ਮਨੁੱਖ ਅਸਭਿਅਕ ਵਤੀਰੇ ਦਾ ਸ਼ਿਕਾਰ ਹੈ। ਪਰਾਏ ਧਨ ਦੀ ਲਾਲਸਾ ਹੈ। ਸੰਤੁਸ਼ਟੀ ਨਹੀਂ, ਉਸ ਕੋਲ ਸ੍ਵੈ-ਪੜਚੋਲ ਨਹੀਂ, ਮਾਨਵੀ ਹਿੱਤ ਨਹੀਂ, ਸ੍ਵੈ-ਹਿੱਤ ਹੈ, ਰੱਜ ਕੇ ਲੋਭੀ ਹੈ, ਉਸ ਕੋਲ ਆਤਮ-ਗੌਰਵ ਨਹੀਂ, ਖ਼ੁਦਗ਼ਰਜ਼ੀ ਹੈ। ਲਾਲਚ ਕਾਰਨ ਲੋਕਾਂ ਵੱਲੋਂ ਹਾਸੇ ਮਖ਼ੌਲ ਦੀ ਵੀ ਕੋਈ ਸ਼ਰਮ ਨਹੀਂ। ਮਾਇਕ ਮੋਹ ਕਾਰਨ ਨਿਰਭੈਤਾ ਨਹੀਂ। ਦਿਨ-ਰਾਤ ਪਾਪ ਤੇ ਭ੍ਰਿਸ਼ਟਾਚਾਰ ਦੀ ਭਾਵਨਾ ਵਿਚ ਮਗਨ ਹੈ ਤੇ ਉਹ ਆਪ-ਹੁਦਰੇਪਨ ਦਾ ਸ਼ਿਕਾਰ ਹੈ। ਉਹੀ ਕੁਝ ਕਰਦਾ ਹੈ, ਜੋ ਉਸ ਦੇ ਮਨ ਨੂੰ ਚੰਗਾ ਲੱਗਦਾ ਹੈ। ਗੁਰੂ ਜੀ ਦਾ ਆਸ਼ਾ ਅਜੋਕੇ ਯੁੱਗ ਵਿਚ ਸੰਪੂਰਨ ਮਨੁੱਖ ਦੀ ਤਲਾਸ਼ ਹੈ। ਅਜੋਕੇ ਯੁੱਗ ਵਿਚ ਉਸ ਦੇ ਆਚਰਣਕ ਸੰਕਟ ਦੀ ਤਸਵੀਰ ਗੁਰੂ ਤੇਗ ਬਹਾਦਰ ਜੀ ਦੇ ਹੇਠ-ਦਿੱਤੇ ਕੁਝ ਫੁਰਮਾਨਾਂ ਵਿੱਚੋਂ ਪ੍ਰਤੱਖ ਝਲਕਦੀ ਹੈ:

*-ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)*

*-ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*

### ੭. ਕਰਮ-ਕਾਂਡ ਦੀ ਸਮੱਸਿਆ

ਅਜੋਕੇ ਯੁੱਗ ਵਿਚ ਧਰਮ ਦੇ ਖੇਤਰ ਵਿਚ ਕਰਮ-ਕਾਂਡ ਪ੍ਰਧਾਨ ਹੋ ਰਿਹਾ ਹੈ। ਧਰਮ ਆਪਣੇ ਉਦੇਸ਼ ਤੋਂ ਕੱਟ ਗਿਆ ਹੈ ਤੇ ਇਹ ਕੁਝ ਨਿਸਚਿਤ ਰੀਤੀਆਂ ਵਿਚ ਸਿਮਟ ਕੇ ਰਹਿ ਗਿਆ ਹੈ। ਪ੍ਰਸਿੱਧ ਧਰਮ ਸ਼ਾਸਤਰੀ ਪਾਲ ਟਿਲਿਕ ਅਨੁਸਾਰ ਧਰਮ ਦਾ ਮਿੱਥ, ਰੀਤੀਆਂ ਤੇ ਧਰਮਗਤ ਸੰਸਥਾਵਾਂ ਵਿਚ ਵਿਕਸਿਤ ਹੋਣ ਦਾ ਅਰਥ ਮਨੁੱਖ ਦੇ ਰੂਹਾਨੀ ਜੀਵਨ ਦਾ ਆਪਣੇ ਹੀ ਆਧਾਰ 'ਤੇ ਡੂੰਘਿਆਈ ਤੋਂ ਕੱਟੇ ਜਾਣਾ ਹੈ। ਇਸ ਸਥਿਤੀ ਵਿਚ ਧਾਰਮਿਕ ਕਰਮ-ਕਾਂਡ ਅਰਥਾਂ ਤੋਂ ਟੁੱਟ ਕੇ, ਧਾਰਮਿਕ ਕੱਟੜਵਾਦ ਵਿਚ ਬਦਲ ਜਾਂਦਾ ਹੈ। ਲੋਕ ਨਿਸਚੇ 'ਤੇ ਟੇਕ ਰੱਖ ਕੇ, ਖ਼ੂਨੀ ਸੰਘਰਸ਼ਾਂ ਵਿਚ ਪ੍ਰਵੇਸ਼ ਕਰਦੇ ਹਨ ਤੇ ਘਿਣਾਉਣੇ ਗੁਨਾਹ ਕਰਨ ਵੱਲ ਰੁਚਿਤ ਹੋ ਜਾਂਦੇ ਹਨ।

ਸਿੱਖ ਗੁਰੂ ਸਾਹਿਬਾਨ ਨੇ ਹਰੇਕ ਕਰਮ ਦੀ ਵਿਗਿਆਨਕ ਪੜਤਾਲ ਕਰਨ ਦੀ ਪ੍ਰਵਿਰਤੀ ਨੂੰ ਉਤਸ਼ਾਹਿਤ ਕੀਤਾ ਤੇ ਰੂਹਾਨੀਅਤ ਨੂੰ ਸਮੁੱਚੇ ਜੀਵਨ ਦਾ ਅੰਗ ਬਣਾਉਣ ਦੀ ਪ੍ਰੇਰਣਾ ਕੀਤੀ। ਸਮੁੱਚੇ ਜੀਵਨ ਦੀ ਪਵਿੱਤਰਤਾ ਨੂੰ ਨੈਤਿਕ ਤੇ ਰੂਹਾਨੀ ਜੀਵਨ ਦੀ ਕੁੰਜੀ ਮੰਨਿਆ ਗਿਆ। ਇਸ ਤਰ੍ਹਾਂ ਸਿੱਖ ਧਰਮ ਧਾਰਮਿਕ ਕੱਟੜਵਾਦ ਦੇ ਕਲੰਕ ਤੋਂ ਬਚ ਗਿਆ। ਇਸ ਸੰਦਰਭ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵਿਚਾਰ ਵਿਸ਼ੇਸ਼ ਮਹਾਨਤਾ ਰੱਖਦੇ ਹਨ। ਉਹ ਫ਼ੁਰਮਾਨ ਕਰਦੇ ਹਨ ਕਿ ਜੇ ਮਨ ਦੀਆਂ ਡੂੰਘੀਆਂ ਤੈਹਾਂ ਤਕ ਆਤਮਿਕ ਜੀਵਨ ਦੇਣ ਵਾਲੀ ਸਿੱਖਿਆ ਨੂੰ ਗ੍ਰਹਿਣ ਨਹੀਂ ਕੀਤਾ ਜਾਂਦਾ ਤਾਂ ਸਿਰ ਮੁਨਾਉਣ ਤੇ ਭਗਵੇ ਵਸਤਰ ਪਾਉਣ ਨਾਲ ਸੰਬੰਧਿਤ ਕਰਮ-

ਕਾਂਡ ਵਿਅਰਥ ਹੈ। ਭਗਤ ਕਬੀਰ ਜੀ ਅਨੁਸਾਰ ਜੇ ਮਨ ਵਿੱਚੋਂ ਵਿਸ਼ੇ-ਵਿਕਾਰਾਂ ਦੀ ਮੈਲ ਨਹੀਂ ਕੱਟੀ ਗਈ ਤਾਂ ਵਾਲ ਕਟਾਉਣਾ ਕਿਸ ਅਰਥ ਹੈ? ਜਿਵੇਂ:

*-ਮਨ ਰੇ ਗਹਿਓ ਨ ਗੁਰ ਉਪਦੇਸੁ॥*
*ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

*-ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥*
*ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੯)*

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਆਖਿਆ ਕਿ ਜਦ ਤਕ ਮਨੁੱਖ ਮਨ ਦੀ ਪਵਿੱਤਰਤਾ ਦਾ ਮੂਲ ਮਕਸਦ ਨਹੀਂ ਅਪਣਾਉਂਦਾ ਤੇ ਮਨੁੱਖ ਨੂੰ ਮਨੁੱਖਤਾ ਤੋਂ ਪਤਿਤ ਕਰਨ ਵਾਲੀ ਵਿਸ਼ਿਆਂ ਦੀ ਦੌੜ 'ਤੇ ਬੰਧਨ ਨਹੀਂ ਲਾਉਂਦਾ ਤਾਂ ਇਹ ਤੀਰਥ ਇਸ਼ਨਾਨ, ਵਰਤ ਰੱਖਣ ਦੇ ਬਾਹਰੀ ਕਰਮ ਨਿਹਫਲ ਹਨ। ਜਿਵੇਂ:

*ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥*
*ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੧)*

ਅੱਜ ਕਿੰਨੀ ਲੋਕਾਈ ਤੀਰਥਾਂ ਤੇ ਧਾਰਮਿਕ ਅਸਥਾਨਾਂ ਦੀ ਯਾਤਰਾ 'ਤੇ ਜਾ ਰਹੀ ਹੈ, ਪਰ ਗਹਿਰੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਤੀਰਥ ਯਾਤਰਾਵਾਂ ਮਨੁੱਖੀ ਜੀਵਨ ਨੂੰ ਉਚਿਆਉਣ ਤੇ ਮਨ ਨੂੰ ਕੋਮਲ ਬਣਾਉਣ ਵਿਚ ਅਸਫਲ ਰਹੀਆਂ ਹਨ। ਅਸਲ ਯਾਤਰਾ ਤਾਂ ਮਨ ਦੀ ਯਾਤਰਾ ਹੈ, ਜਿਸ ਨਾਲ ਮਨ ਨੂੰ ਪਰਮ ਬੁਲੰਦ ਕੀਤਾ ਜਾ ਸਕਦਾ ਹੈ। ਗੁਰੂ ਜੀ ਦਾ ਇਹ ਸੰਦੇਸ਼ ਅਜੋਕੇ ਯੁੱਗ ਵਿਚ ਕਿੰਨਾ ਸਾਰਥਿਕ ਹੈ ਕਿ ਪ੍ਰਭੂ ਦੀਆਂ ਸਿਫ਼ਤਾਂ ਗਾਉਣ ਵਿਚ ਸਾਰੇ ਧਰਮਾਂ ਦਾ ਸਾਰ-ਤੱਤ ਆ ਜਾਂਦਾ ਹੈ ਤੇ ਉਸ ਦੇ ਗੁਣਾਂ ਦੇ ਚਿੰਤਨ ਨਾਲ ਉਸ ਵਿਚ ਸਮਾਈ ਹੋ ਜਾਂਦੀ ਹੈ। ਇਸ ਸੰਬੰਧ ਵਿਚ ਗੁਰੂ ਜੀ ਦਾ ਫੁਰਮਾਨ ਇਸ ਪ੍ਰਕਾਰ ਹੈ। ਜਿਵੇਂ:

*-ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੨)*

### ੮. ਅਜੋਕੇ ਮਨੁੱਖ ਦੇ ਸੰਕਟ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨੁੱਖੀ ਜੀਵਨ ਵਿਚ ਉਤਪੰਨ ਹੋਣ ਵਾਲੇ ਸੰਕਟਾਂ ਦਾ ਬਿਆਨ ਕੀਤਾ ਗਿਆ ਹੈ। ਉਹ ਸੰਕਟ ਅੱਜ ਵੀ ਮਿਲਦੇ ਹਨ। ਉਨ੍ਹਾਂ ਦੇ ਵੇਲੇ ਵੀ ਮਨੁੱਖ ਸੰਕਟ ਗ੍ਰਸਤ ਸੀ ਤੇ ਅਜੋਕੇ ਯੁੱਗ ਵਿਚ ਵੀ ਮਨੁੱਖੀ ਸਮਾਜ ਉਨ੍ਹਾਂ ਹੀ ਸੰਕਟਾਂ ਦਾ ਸ਼ਿਕਾਰ ਹਨ। ਅਜੋਕੇ ਕੁਝ ਸੰਕਟਾਂ ਦਾ ਵਰਣਨ ਇਸ ਪ੍ਰਕਾਰ ਹੈ:

**(ੳ) ਕਥਨੀ ਤੇ ਕਰਨੀ ਦਾ ਫ਼ਰਕ:** ਅਜੋਕੇ ਮਨੁੱਖ ਦੀ ਕਥਨੀ ਤੇ ਕਰਨੀ ਵਿਚ

ਬੜਾ ਫ਼ਰਕ ਹੈ। ਉਹ ਜੋ ਸੋਚਦਾ ਹੈ, ਉਹ ਉਸ ਦੇ ਬੁੱਲ੍ਹਾਂ 'ਤੇ ਨਹੀਂ ਆਉਂਦਾ ਤੇ ਜੋ ਉਹ ਬੋਲਦਾ ਹੈ, ਉਸ ਤਰ੍ਹਾਂ ਉਹ ਅਮਲ ਨਹੀਂ ਕਰਦਾ। ਉਸ ਨੂੰ ਮਨ, ਬਚਨ ਤੇ ਕਰਮ ਦੀ ਇਕਸੁਰਤਾ ਪ੍ਰਾਪਤ ਨਹੀਂ ਹੈ। ਪਰਮਾਤਮਾ ਵੱਲੋਂ ਜੋ ਉਸ ਨੂੰ ਦਲੀਲ ਦੀ ਜੋਤ ਤੇ ਪਰਖਣ ਵਾਲੀ ਸੁਰਤ ਮਿਲੀ ਹੈ ਅਰਥਾਤ ਉਸ ਨੂੰ ਚੰਗਾ-ਮੰਦਾ ਵਿਚਾਰਨ ਲਈ ਬਿਬੇਕ ਬੁੱਧ ਮਿਲੀ ਹੈ। ਉਹ ਇਸ ਅਨੁਸਾਰ ਕੰਮ ਨਹੀਂ ਕਰ ਸਕਦਾ। ਉਹ ਆਪਣੇ ਸਰੀਰਕ ਰਸਾਂ ਤੇ ਖ਼ੁਦਗਰਜ਼ੀ ਦੀਆਂ ਭਾਵਨਾਵਾਂ ਕਾਰਨ ਉਹ ਚਾਹੁੰਦਿਆਂ ਹੋਇਆਂ ਵੀ ਹੋਰਾਂ ਦਾ ਭਲਾ ਨਹੀਂ ਕਰ ਸਕਦਾ।

ਇਸ ਦੁਚਿੱਤੀ ਕਾਰਨ ਉਹ ਇਕ ਡਰ ਜਾਂ ਸਹਿਮ ਦੇ ਖ਼ਿਆਲ ਵਿਚ ਗ੍ਰਸਿਆ ਰਹਿੰਦਾ ਹੈ। ਜਿਵੇਂ:

*ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ॥*
*ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੫)*

## (ਅ) ਖਾਣ-ਪੀਣ ਦੇ ਸੰਜਮ ਦੀ ਅਣਹੋਂਦ

ਇਕ ਮਨੁੱਖ ਦੀ ਦੁਚਿੱਤੀ ਹੋਰ ਵੀ ਹੈ ਕਿ ਉਹ ਗੁਰੂ ਦੀ ਸਿੱਖਿਆ ਸੁਣਦਾ ਤਾਂ ਹੈ ਕਿ ਖਾਣ-ਪੀਣ ਵਿਚ ਸੰਜਮ ਹੋਣਾ ਚਾਹੀਦਾ ਹੈ, ਪਰ ਉਹ ਇਸ ਸਿੱਖਿਆ 'ਤੇ ਅਮਲ ਨਹੀਂ ਕਰ ਸਕਿਆ ਤੇ ਕਈ ਵਾਰੀ ਉਹ ਪਸ਼ੂਆਂ ਵਾਂਗ ਜ਼ਿਆਦਾ ਖਾਣ-ਪੀਣ ਲੱਗਦਾ ਹੈ। ਗੁਰਮਤਿ ਦਾ ਜੀਵਨ ਵਿਚ ਨਾ ਕਮਾ ਸਕਣਾ, ਉਸ ਦੀ ਚਿੰਤਾ ਦਾ ਕਾਰਨ ਬਣ ਕੇ ਸਾਹਮਣੇ ਆਉਂਦਾ ਹੈ। ਜਿਵੇਂ:

*ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੫)*

## (ੲ) ਮਨੁੱਖ ਦੀ ਹਸਤੀ ਤੇ ਹੋਂਦ ਦਾ ਵਿਘਟਨ (Disintegration)

ਅਜੋਕੇ ਮਨੁੱਖ ਦੀ ਇਕ ਹੋਰ ਸਮੱਸਿਆ ਮਨੁੱਖ ਦੀ ਹਸਤੀ ਤੇ ਹੋਂਦ ਦਾ ਵਿਘਟਨ ਹੈ, ਜੋ ਪ੍ਰਭੂ-ਪ੍ਰਾਪਤੀ ਦੇ ਜੀਵਨ ਆਦਰਸ਼ ਦੇ ਅਪੂਰਨ ਰਹਿਣ ਕਰਕੇ ਵਾਪਰਦੀ ਹੈ। ਮਨੁੱਖੀ ਇਕਸੁਰਤਾ ਦੇ ਟੁੱਟਣ ਦਾ ਕਾਰਨ ਨਾਸ਼ਵਾਨ ਸੰਸਾਰ ਦੀਆਂ ਵਸਤਾਂ ਨੂੰ ਸਦੀਵੀ ਸਮਝਣਾ ਹੈ। ਧਨ ਪਦਾਰਥ ਤੇ ਵਾਸ਼ਨਾਵੀ ਜੀਵਨ ਦੇ ਲਗਾਉ ਤੋਂ ਮਨੁੱਖੀ ਇਕਸੁਰਤਾ ਛਿੰਨ-ਭਿੰਨ ਹੋ ਜਾਂਦੀ ਹੈ। ਇਸ ਦਸ਼ਾ ਵਿਚ ਪ੍ਰਭੂ ਦੀ ਬੰਦਗੀ ਤੋਂ ਵਿਛੋੜਾ ਉਤਪੰਨ ਹੁੰਦਾ ਹੈ ਤੇ ਮਨੁੱਖ ਮਾਨਸਿਕ ਅਪਵਿੱਤਰਤਾ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਦਸ਼ਾ ਵਿਚ ਵਿਅਕਤੀ ਲਈ ਇੱਕੋ ਇਕ ਰਾਹ ਗੁਰੂ ਦੀ ਸ਼ਰਨ ਪੈਣਾ ਹੈ, ਜਿਸ ਨਾਲ ਉਸ ਨੂੰ ਆਤਮਿਕ ਉਚਾਈ ਦੀ ਪ੍ਰਾਪਤੀ ਹੋ ਸਕਦੀ ਹੈ। ਜਿਵੇਂ:

*ਕਹਉ ਕਹਾ ਅਪਨੀ ਅਧਮਾਈ॥*
*ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ॥੧॥ਰਹਾਉ॥*

*ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ॥...*
*ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੮)*

## (ਸ) ਲਾਚਾਰੀ ਤੇ ਮਨ ਦੀ ਨਿਰਾਸਤਾ

ਅਜੋਕੇ ਮਨੁੱਖ ਵਿਚ ਕਈ ਵਾਰ ਲਾਚਾਰੀ ਤੇ ਮਨ ਦੀ ਨਿਰਾਸ਼ਤਾ ਦੀ ਸਿਖਰ ਉਤਪੰਨ ਹੋ ਜਾਂਦੀ ਹੈ, ਜਿਸ ਦਾ ਕਾਰਨ ਉਸ ਦੀ ਪਾਪ ਤੇ ਭ੍ਰਿਸ਼ਟਾਚਾਰ ਲਈ ਮਨ ਦੀ ਨਿਰੰਤਰ ਭਟਕਣਾ ਹੈ। ਇਸ ਭਟਕਣਾ ਕਾਰਨ ਮਾਇਆ ਮਿਲਣ ਦੀ ਸੰਭਾਵਨਾ ਦੇ ਫ਼ਿਕਰ ਵਿਚ ਉਹ ਬਉਰਾ ਜਿਹਾ ਹੋ ਜਾਂਦਾ ਹੈ। ਅਮੁੱਲੇ ਸਰਬ ਸੁਖਦਾਈ ਬ੍ਰਹਮ ਗਿਆਨ ਦਾ ਉਸ ਨੂੰ ਕੋਈ ਗਿਆਨ ਨਹੀਂ। ਆਪਣੀ ਹਸਤੀ ਵਿਚ ਰੱਬ ਦਾ ਭੇਦ .ਵੀ ਉਹ ਨਹੀਂ ਸਮਝਦਾ। ਇਸ ਦਸ਼ਾ ਤੋਂ ਮੁਕਤ ਹੋਣ ਲਈ ਸੰਗਤ ਰਾਹੀਂ ਉਸ ਨੂੰ ਆਪਣੀ ਦੁਰਮਤਿ ਦੇ ਵਿਨਾਸ਼ ਦੀ ਜ਼ਰੂਰਤ ਹੈ ਤੇ ਪ੍ਰਭੂ ਦੇ ਸਿਮਰਨ ਦੀ ਅਤਿਅੰਤ ਲੋੜ ਹੈ, ਕਿਉਂਕਿ ਉਹ ਸਿਮਰਨ ਉਸ ਦੀਆਂ ਮਨੋਕਾਮਨਾਵਾਂ ਨੂੰ ਪੂਰਿਆਂ ਕਰਨ ਦੇ ਸਮਰੱਥ ਹੈ। ਜਿਵੇਂ:

*ਮਾਈ ਮਨੁ ਮੇਰੋ ਬਸਿ ਨਾਹਿ॥*
*ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥੧॥ਰਹਾਉ॥...*
*ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥*
*ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ॥੩॥੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)*

## (ਹ) ਜਾਣ-ਬੁੱਝ ਕੇ ਗਲਤ ਕੰਮ ਕਰਨਾ

ਅਜੋਕੇ ਮਨੁੱਖ ਦਾ ਇਹ ਵੀ ਇਕ ਵੱਡਾ ਸੰਕਟ ਹੈ ਕਿ ਉਹ ਜਾਣ-ਬੁੱਝ ਕੇ ਗ਼ਲਤ ਕੰਮ ਕਰਦਾ ਹੈ। ਉਸ ਨੂੰ ਪਤਾ ਹੈ ਕਿ ਨੇਕੀ ਕਿਸ ਕੰਮ ਵਿਚ ਹੈ ਤੇ ਕਿਹੜਾ ਕੰਮ ਕਰਨ ਯੋਗ ਹੈ। ਪਰ ਉਹ ਸਾਰਥਿਕ ਕਾਰਜ ਨੂੰ ਅੱਗੇ ਪਾਈ ਜਾਂਦਾ ਹੈ। ਉਹ ਨੀਵੇਂ ਆਪੇ (Lower self) ਵਿੱਚੋਂ ਪੈਦਾ ਹੁੰਦੀਆਂ ਨੀਵੀਆਂ ਵਾਸ਼ਨਾਵਾਂ ਜਾਂ ਕਮਜ਼ੋਰੀਆਂ ਦੇ ਗ਼ਲਬੇ ਨੂੰ ਪਰ੍ਹੇ ਨਹੀਂ ਹਟਾ ਸਕਦਾ। ਉਸ ਦਾ ਹਰ ਵੇਲੇ ਵਾਸਾ ਆਪਣੀਆਂ ਇੰਦਰੀਆਂ ਨਾਲ ਹੈ, ਜੋ ਉਸ ਦਾ ਨਾ ਕਿਹਾ ਮੰਨਦੀਆਂ ਹਨ, ਨਾ ਖਾਇਆਂ ਰੱਜਦੀਆਂ ਹਨ। ਇਸੇ ਕਰਕੇ ਉਸ ਦਾ ਮਨ ਡਾਵਾਂ-ਡੋਲ ਰਹਿੰਦਾ ਹੈ। ਇਸੇ ਕਰਕੇ ਉਹ ਮਾਲ-ਜਾਇਦਾਦ, ਗੱਡੀਆਂ, ਕਾਰਾਂ, ਦੌਲਤ ਤੇ ਰਾਜਸੀ ਇੱਛਾਵਾਂ ਦੇ ਅਸੰਤੁਲਿਤ ਲਗਾਉ ਦਾ ਸ਼ਿਕਾਰ ਰਹਿੰਦਾ ਹੈ। ਜੀਵਨ ਦੇ ਅੰਤ ਤਕ ਇਹ ਨਿਗੂਣੀਆਂ ਵਸਤਾਂ ਉਸ ਦਾ ਖਹਿੜਾ ਨਹੀਂ ਛੱਡਦੀਆਂ। ਗੁਰੂ ਜੀ ਅਨੁਸਾਰ ਇਹ ਪਗਲਾ ਇਨਸਾਨ ਆਪਣੀ ਕਾਰਜ-ਸ਼ੈਲੀ ਨੂੰ ਵਿਗਾੜ ਲੈਂਦਾ ਹੈ। ਪਾਪ ਤੇ ਹਉਮੈਂ ਕਰਨ ਤੋਂ ਇਹ ਰੁਕਦਾ ਨਹੀਂ। ਗੁਰੂ ਜੀ ਇਸੇ ਕਰਕੇ ਵਿਅਕਤੀ ਨੂੰ ਪ੍ਰਭੂ ਦੀ ਪਨਾਹ ਲੈਣ ਲਈ ਪ੍ਰੇਰਦੇ ਹਨ। ਇਸ ਸਮੁੱਚੇ ਸੰਦਰਭ ਵਿਚ ਨੌਵੇਂ ਪਾਤਸ਼ਾਹ ਦੇ ਫੁਰਮਾਨ

ਇਸ ਪ੍ਰਕਾਰ ਹਨ:

*-ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥*
*ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੭)*

*-ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥*
*ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੭)*

## ੯. ਮਨੁੱਖ ਦੀ ਸਮੁੱਚੀ ਪ੍ਰਕਿਰਤੀ ਦਾ ਗਿਆਨ ਤੇ ਨਿਰਵਾਨ ਪਦ ਦੀ ਪ੍ਰਾਪਤੀ

ਅਜੋਕੇ ਮਨੁੱਖ ਨੂੰ ਇਹ ਲੋੜ ਹੈ ਕਿ ਉਹ ਆਪਣੀ ਸੰਰਚਨਾ ਨੂੰ ਸਿਰਫ਼ ਮਾਦੇ ਤਕ ਹੀ ਨਾ ਸਮਝੇ, ਨਹੀਂ ਤਾਂ ਉਸ ਦਾ ਦ੍ਰਿਸ਼ਟੀਕੋਣ ਸੀਮਿਤ ਹੋ ਜਾਏਗਾ। ਮਨੁੱਖ ਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਉਸ ਨੂੰ ਉਸ ਦੀ ਅਸਲ ਪ੍ਰਕਿਰਤੀ ਦੀ ਜਾਣਕਾਰੀ ਦੇਣ ਵਾਲੀ ਉਸ ਦੀ ਤੀਜੀ ਗਿਆਨ ਦੀ ਅੱਖ ਹੈ ਤੇ ਉਹ ਅਸਲ ਵਿਚ ਅਨੰਤ ਅਮਰ ਤੇ ਸੰਪੂਰਨ ਹੋਂਦ ਦਾ ਵਾਰਸ ਹੋਣ ਦੇ ਨਾਤੇ ਜੰਮਿਆ ਹੈ। ਇਕ ਪ੍ਰਸਿੱਧ ਸੂਫ਼ੀ ਕਵੀ ਤੇ ਦਾਰਸ਼ਨਿਕ ਮਨਸੂਰ ਅਨੁਸਾਰ ਮਨੁੱਖ ਰੱਬ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਤੇ ਨਾਵਾਂ ਦਾ ਪ੍ਰਤੀ ਰੂਪ ਹੈ, ਜਿਨ੍ਹਾਂ ਰਾਹੀਂ ਰੱਬ ਪ੍ਰਗਟ ਹੋਇਆ ਹੈ। ਦੂਜੇ ਸ਼ਬਦਾਂ ਵਿਚ ਇੱਥੇ ਦਿਵਤਾ ਮਾਨਵਤਾ ਵਿਚ ਸਾਕਾਰ ਹੋਈ ਹੈ।[੧] ਪਰ ਮਨੁੱਖ ਦਾ ਦੁਖਾਂਤ ਇਹ ਹੈ ਕਿ ਉਸ ਨੇ ਆਪਣਾ ਵਤੀਰਾ ਉਸ ਭਿਖਾਰੀ ਵਾਂਗ ਬਣਾ ਰੱਖਿਆ ਹੈ ਤੇ ਉਹ ਆਪਣੇ ਤਜਰਬੇ ਦੇ ਮਲਬੇ ਵਿੱਚੋਂ ਖ਼ੁਸ਼ੀ ਤੇ ਪ੍ਰਸੰਨਤਾ ਦੇ ਟੋਟੇ ਚੁਗਦਾ ਫਿਰਦਾ ਹੈ।[੨] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੰਸਾਰ ਦੀਆਂ ਸਾਰੀਆਂ ਛਿੰਨ-ਭੰਗਰੀ ਵਸਤੂਆਂ ਦੀ ਹਕੀਕਤ ਦੇ ਸੰਦਰਭ ਵਿਚ ਨਿਰਵਾਨ ਪਦ ਦੀ ਪ੍ਰਾਪਤੀ ਨੂੰ ਮਨੁੱਖੀ ਜੀਵਨ ਦੀ ਸਭ ਤੋਂ ਉਚੇਰੀ ਮੰਜ਼ਲ ਦੱਸਿਆ ਸੀ। ਕਈ ਬੋਧੀ ਦਾਰਸ਼ਨਿਕ ਨਿਰਵਾਨ ਪਦ ਦੀ ਦਸ਼ਾ ਨੂੰ ਕਾਮਨਾਵਾਂ ਤੋਂ ਮੁਕਤੀ ਤਕ ਹੀ ਸਮਝਦੇ ਹਨ, ਪਰ ਸਿੱਖ ਧਰਮ ਨਿਰਵਾਨ ਜਾਂ ਮੁਕਤ ਪਦ ਸਿਰਫ਼ ਆਪਣੀਆਂ ਇੱਛਾਵਾਂ ਦੀ ਮੁਕਤੀ ਤਕ ਹੀ ਸੀਮਿਤ ਨਹੀਂ, ਸਗੋਂ ਇਹ ਸਮੁੱਚੇ ਵਿਸ਼ਵ ਦੀ ਮੁਕਤੀ ਨੂੰ ਵੀ ਆਪਣੀ ਗਲਵਕੜੀ ਵਿਚ ਲੈਂਦਾ ਹੈ। ਗੁਰੂ ਜੀ ਅਨੁਸਾਰ ਨਿਰਵਾਨ ਪਦ ਅਮਰ, ਅਚਲ ਤੇ ਨਿਰਭੈ ਅਵਸਥਾ ਦਾ ਪ੍ਰਤੀਕ ਹੈ, ਜਿਸ ਨੂੰ ਅਜਾਮਲ, ਗਨਕਾ, ਬਾਲਕ ਧ੍ਰੂ ਨੇ ਪ੍ਰਾਪਤ ਕਰ ਕੇ ਹੋਰਾਂ ਨੂੰ ਚਕ੍ਰਿਤ ਕਰ ਦਿੱਤਾ। ਜਿਵੇਂ:

*ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ॥*
*ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੦)* ■

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਆਲਮੀ ਦ੍ਰਿਸ਼ਟੀਕੋਣ

*-ਡਾ. ਰਾਜਿੰਦਰ ਸਿੰਘ ਕੁਰਾਲੀ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 'ਸ੍ਰਿਸ਼ਟੀ ਦੀ ਚਾਦਰ' ਹਨ। 'ਸ਼ਹੀਦ' ਸਚਿਆਰ ਅਤੇ ਗਿਆਨਵਾਨ ਮਹਾਂਪੁਰਸ਼ ਹੁੰਦਾ ਹੈ ਜੋ ਕੌਮਾਂ ਦੀ ਤਕਦੀਰ ਅਤੇ ਤਸਵੀਰ ਬਦਲ ਦਿੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਦੀ ਯੁੱਗ-ਪਲਟਾਊ ਘਟਨਾ ਹੈ। ਗੁਰੂ ਜੀ ਦੀ ਬਾਣੀ ਵਿਚ ਵਿਸ਼ਵ ਏਕਤਾ ਦਾ ਸੁਨੇਹਾ ਹੈ। ਇਨਸਾਨੀਅਤ ਦੇ ਉੱਚੇ ਮਿਆਰਾਂ ਲਈ ਆਦਰਸ਼ ਹੈ। ਵਿਰੋਧ ਦੀ ਥਾਂ ਮਿਲਵਰਤਨ ਦਾ ਸੁਨੇਹਾ ਹੈ। ਵਹਿਮ-ਪ੍ਰਸਤੀ ਦੀ ਥਾਂ ਗਿਆਨ ਦੀ ਪ੍ਰਭਾਤ ਹੈ। ਜ਼ੁਲਮ ਦੇ ਸ਼ਿਕਾਰ ਬਣੇ ਲੋਕਾਂ ਨੂੰ ਰੋਣ ਦੀ ਥਾਂ ਉੱਠਣ, ਸੰਗਠਿਤ ਹੋਣ ਤੇ ਜੂਝਣ ਦੀ ਬਲਵਾਨ ਪ੍ਰੇਰਨਾ ਹੈ। ਗੁਰੂ ਸਾਹਿਬ ਦਾ ਸਿਦਕ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਭਿਅੰਕਰ ਚੁਣੌਤੀਆਂ ਦੇ ਉਛਾਲੇ ਮਾਰਦੇ ਦਰਿਆ ਨੂੰ ਨਿਰਭੈ ਹੋ ਕੇ ਪਾਰ ਕਰਦਾ ਹੈ। ਗੁਰੂ ਸਾਹਿਬ ਦਾ ਪ੍ਰਵਚਨ ਅਜਿਹਾ ਸਮਾਜ ਸਿਰਜਣ ਲਈ ਯਤਨਸ਼ੀਲ ਹੈ ਜਿੱਥੇ ਮਨੁੱਖੀ ਇਖ਼ਲਾਕ ਦੀਆਂ ਕੀਮਤਾਂ ਪਰਉਪਕਾਰ ਤੇ ਸਹਿਯੋਗ ਦਾ ਰੂਪ ਧਾਰ ਕੇ ਸਚਾਈ ਅਤੇ ਇਨਸਾਫ ਦੀ ਜਗਮਗਾਉਂਦੀ ਇਬਾਰਤ ਸਾਂਝੀਵਾਲਤਾ ਦੇ ਵਿਸ਼ਾਲ ਗਗਨ ਵਿਚ ਲਿਖ ਦਿੰਦੀਆਂ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਕਿਸੇ ਵਿਸ਼ੇਸ਼ ਧਰਮ ਜਾਂ ਵਰਗ ਦੀ ਥਾਂ ਸਮੁੱਚੀ ਮਨੁੱਖਤਾ ਲਈ ਸੀ। ਗੁਰੂ ਜੀ *ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥* ਦਾ ਪੈਗਾਮ ਦਿੰਦਿਆਂ ਸਾਰੀ ਮਾਨਵਤਾ ਨੂੰ ਪਿਆਰ ਅਤੇ ਸਤਿਕਾਰ ਨਾਲ ਦੇਖਣ ਦਾ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਵਿਕਸਿਤ ਕਰਦੇ ਹਨ। ਸਾਰਾ ਸੰਸਾਰ ਉਨ੍ਹਾਂ ਨੂੰ ਇੱਕ ਵੱਡਾ ਪਰਵਾਰ ਨਜ਼ਰ ਆਉਂਦਾ ਹੈ। ਉਹ ਮਾਨਵਤਾ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਮਾਨਵਤਾ ਦੇ ਜ਼ਖ਼ਮਾਂ 'ਤੇ ਚਾਨਣ ਦਾ ਫੰਬਾ ਧਰਨ ਲਈ ਸਦਾ ਕਾਰਜ ਕਰਦੇ ਰਹੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਵਚਨ ਵਿਚ ਸ਼ੁਭ ਕਰਮ ਅਤੇ ਸਮਾਨਤਾ ਦਾ ਸੰਦੇਸ਼ ਹੈ। ਗੁਰੂ ਜੀ ਨੇ ਮਨੁੱਖੀ ਜੀਵਨ ਨੂੰ 'ਦੁਰਲਭ' ਮੰਨਦਿਆਂ ਸੰਸਾਰ ਵਿਚ ਉਸਾਰੂ ਭੂਮਿਕਾ ਨਿਭਾਉਣ ਪ੍ਰਤੀ ਮਨੁੱਖ ਨੂੰ ਪ੍ਰੇਰਿਤ ਕੀਤਾ। ਸੰਸਾਰਿਕ ਜ਼ਿੰਮੇਵਾਰੀ ਵੱਲ ਪਿੱਠ ਕਰਨ ਜਾਂ ਵਿਲਾਸਤਾ ਦੇ ਉਹ ਸਖ਼ਤ ਵਿਰੋਧੀ ਸਨ। ਜੀਵਨ ਸੰਸਾਰ ਨੂੰ ਸੁੰਦਰ ਬਣਾਉਣ ਦਾ ਸੁਨਹਿਰੀ ਅਵਸਰ ਹੈ। ਰਿਸ਼ਤਿਆਂ ਵਿਚ ਵਿਸ਼ਵਾਸ ਅਤੇ ਮਿਲਵਰਤਨ ਦੇ ਰੰਗ ਭਰਨ ਦਾ ਇਕਰਾਰ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ

** ਵਾਰਡ ਨੰ. ੭, ਮਾਸਟਰ ਕਾਲੋਨੀ, ਕੁਰਾਲੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-੧੪੦੧੦੩; ਮੋ. ੭੦੦੯੩੫੬੬੦੭*

ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਦਾ ਫ਼ਰਜ਼ ਹੈ। ਭੇਦ-ਭਾਵ ਤੇ ਸੁਆਰਥ ਗੁਰੂ ਸਾਹਿਬ ਦੀ ਸੋਚ ਦੇ ਪਾਵਨ ਮੰਡਲਾਂ ਵਿਚ ਪ੍ਰਵੇਸ਼ ਨਹੀਂ ਕਰ ਸਕਦੇ। ਕਿਸੇ ਉਤੇਜਨਾ ਜਾਂ ਜਨੂੰਨ ਦੀ ਥਾਂ "ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਿਸੇ ਨਿੱਜੀ ਮਾਮਲੇ ਜਾਂ ਆਪਣੇ ਮੱਤ ਦੀ ਸੁਰੱਖਿਆ ਦੀ ਥਾਂ ਸਮੁੱਚੇ ਹਿੰਦੁਸਤਾਨ ਦੇ ਧਰਮ ਕਰਮ, ਸੱਭਿਅਤਾ, ਸੱਭਿਆਚਾਰ ਤੇ ਵਿਸ਼ਵ ਵਿਆਪੀ ਮਾਨਵੀ ਸਿਧਾਂਤ ਦੀ ਸੁਰੱਖਿਆ ਲਈ ਸੋਚ ਵਿਚਾਰ ਕੇ ਦਿੱਤੀ ਗਈ ਸੀ।"[੧] ਅਜ਼ਾਦ ਭਾਰਤ ਦੇ ਸਭ ਤੋਂ ਪਹਿਲੇ ਰਾਸ਼ਟਰੀ ਪ੍ਰੋਫੈਸਰ ਸੁਨੀਤੀ ਕੁਮਾਰ ਚੈਟਰਜੀ ਸੀਸ ਗੰਜ ਸਾਹਿਬ ਨੂੰ ਇਤਿਹਾਸ ਦੀ ਮਹਾਨ ਤੇ ਸਭ ਤੋਂ ਸ਼ਾਨਦਾਰ ਸ਼ਹਾਦਤ ਦਾ ਪਾਵਨ ਮੁਕਾਮ ਮੰਨਦੇ ਹਨ। ਇਹ ਸਿੱਖਾਂ ਹਿੰਦੂਆਂ ਅਤੇ ਉਨ੍ਹਾਂ ਸਭ ਲੋਕਾਂ ਲਈ ਮਹਾਨ ਅਦਰਸ਼ਾਂ ਦਾ ਚਿੰਨ੍ਹ ਹੈ ਜੋ ਸਹਿਣਸ਼ੀਲਤਾ, ਸਮਝਦਾਰੀ, ਮਨੁੱਖਤਾ ਪ੍ਰਤੀ ਪਿਆਰ ਅਤੇ ਸੇਵਾ-ਭਾਵਨਾ ਨਾਲ਼ ਭਰਪੂਰ ਹਨ।[੨]

ਆਲਮੀ ਏਕਤਾ ਲਈ ਮਾਨਵਤਾ ਦੇ ਉੱਚੇ ਮਿਆਰ ਸਥਾਪਿਤ ਕਰਨ ਲਈ ਗੁਰੂ ਸਾਹਿਬ ਨੇ ਮਨੁੱਖੀ ਸੋਚ ਅਤੇ ਵਿਵਹਾਰ ਦੀਆਂ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕੀਤੀ। ਮਨੁੱਖ "ਧਨੁ ਦਾਰਾ (ਇਸਤਰੀ) ਸੰਪਤਿ" ਪ੍ਰਤੀ ਵਿਵੇਕ ਦੀ ਥਾਂ ਮੋਹ ਦੇ ਅਧੀਨ ਕੰਮ ਕਰਦਾ ਹੈ। ਧਨ ਦੀ ਪ੍ਰਾਪਤੀ ਤੇ ਪਰਿਵਾਰਿਕ ਕਾਮਨਾਵਾਂ ਦੀ ਪੂਰਤੀ ਲਈ ਹਰ ਜ਼ਾਇਜ਼-ਨਜ਼ਾਇਜ਼ ਢੰਗ ਵਰਤਦਾ ਹੈ। ਇਸ ਨਾਲ ਸਮਾਜ ਦੇ ਵਿਹੜੇ ਵਿਚ ਰਿਸ਼ਤਿਆਂ ਦੇ ਰੰਗ ਬਿਖਰ ਜਾਂਦੇ ਹਨ। ਗੁਰੂ ਸਾਹਿਬ ਅਨੁਸਾਰ ਗ੍ਰਿਹਸਤ ਧਰਮ ਵਿਚ ਰੁਕਾਵਟ ਨਹੀਂ ਧਰਮ ਦਾ ਜ਼ਰੂਰੀ ਅੰਗ ਹੈ। ਨਾਰੀ ਤ੍ਰਿਸਕਾਰ ਦੀ ਨਹੀਂ ਸਤਿਕਾਰ ਦੀ ਪਾਤਰ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਤਨੀ ਮਾਤਾ ਗੁਜਰੀ ਜੀ ਨੇ ਸਿੱਖ ਇਤਿਹਾਸ ਵਿਚ ਵੱਡੀ ਭੂਮਿਕਾ ਨਿਭਾਈ ਤੇ ਇਸਤਰੀ ਦਾ ਸਿਰ ਮਾਣ ਨਾਲ ਉੱਚਾ ਕੀਤਾ। ਗੁਰੂ ਸਾਹਿਬ ਪਰਿਵਾਰ ਛੱਡਣ ਲਈ ਨਹੀਂ ਲਾਲਸਾਵਾਂ ਜੋ ਮਨੁੱਖ ਨੂੰ ਅਨੈਤਿਕਤਾ ਅਤੇ ਸਮਾਜਿਕ ਸ਼ੋਸ਼ਣ ਵੱਲ ਤੋਰਦੀਆਂ ਹਨ ਨੂੰ ਤਿਆਗਣ ਲਈ ਆਖਦੇ ਹਨ। *ਮਦਿ ਮਾਇਆ ਕੈ ਅੰਧੁ* ਦੀ ਲਪੇਟ ਵਿਚ ਅਇਆ ਮਨੁੱਖ ਲਾਲਸਾ, ਹੰਕਾਰ, ਤਣਾਅ ਅਤੇ ਅਗਿਆਨਤਾ ਅੰਦਰ ਵਿਚਰਦਾ ਹੈ। "ਮਨੁੱਖ ਵਿਚ ਬਲ ਤੇ ਸਾਹਸ ਪੈਦਾ ਹੀ ਨਹੀਂ ਹੁੰਦੇ ਜਿੰਨੇ ਤੀਕ ਉਸ ਦੇ ਮਨ ਵਿਚ ਆਪਣੇ ਤਨ, ਸੁੱਖ ਪਰਿਵਾਰ ਦਾ ਮੋਹ ਹੈ। ਮੋਹ ਦੀ ਪਕੜ ਨੂੰ ਹਟਾਉਣਾ ਹੀ ਉਪਰਾਮਤਾ ਜਾਂ ਤਿਆਗ ਹੈ।"[੩] ਮੋਹ ਤੋਂ ਮੁਕਤ ਸਿਮਰਨ ਦੀ ਬਰਕਤ ਨਾਲ਼ ਭਰਪੂਰ ਸਿੱਖਾਂ ਨੇ ਆਰੇ ਦੇ ਤਿੱਖੇ ਦੰਦਿਆਂ, ਉਬਲਦੀਆਂ ਦੇਗਾਂ ਦੇ ਕਹਿਰ ਤੇ ਅੱਗ ਦੀਆਂ ਲਪਟਾਂ ਦੀ ਦਹਿਸ਼ਤ ਵਿਚ ਅਡੋਲਤਾ ਦੀ ਮਿਸਾਲ ਕਾਇਮ ਕਰ ਕੇ ਰੋਸ਼ਨ ਤਵਾਰੀਖ ਸਿਰਜੀ। ਮਨੁੱਖ ਦੁਆਰਾ ਇਕੱਠੀ ਕੀਤੀ ਬੇਹਿਸਾਬ ਦੌਲਤ ਅਤੇ ਭੋਗ ਸੁੱਖ ਦੀ ਥਾਂ *ਬਾਲੂ ਕੀ ਭੀਤਿ* ਅਰਥਾਤ ਰੇਤ ਦੀ ਕੰਧ ਵਾਂਗ ਇੱਕ ਝਟਕੇ ਵਿਚ ਬਿਨਸ ਜਾਣ ਵਾਲੇ ਹਨ। ਜਿਸ ਸਰੀਰ ਦੀ ਤਾਕਤ 'ਤੇ ਮਨੁੱਖ ਗਰਬ ਕਰਦਾ ਹੈ ਉਹ ਛਿਨ

ਵਿਚ ਮਿੱਟੀ ਵਿਚ ਮਿਲ ਜਾਂਦਾ ਹੈ। ਸੁੱਖ ਦਾ ਆਧਾਰ *ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥* ਵਿਚ ਵਿਆਪਕ ਹੈ। ਹੰਕਾਰ ਅਤੇ ਲਾਲਸਾ ਦੀ ਅੰਨ੍ਹੀ ਦੌੜ ਤਿਆਗ ਕੇ ਭਗਤੀ ਅਤੇ ਭਲਾਈ ਦੇ ਰਾਹ ਤੁਰਦੇ ਮਨੁੱਖ ਨੂੰ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਮਕਾਲ ਦਹਿਸ਼ਤ ਨਾਲ਼ ਭਰਪੂਰ ਸੀ। ਕੱਟੜਤਾ ਜ਼ੁਲਮ ਤੇ ਸ਼ੋਸ਼ਣ ਦੇ ਜੰਗਲ ਸਨ। ਇਨ੍ਹਾਂ ਵਿੱਚੋਂ ਲੰਘਣ ਲਈ ਸਿਰ ਤਲੀ 'ਤੇ ਧਰਨ ਵਾਲ਼ੇ ਸੂਰਮਿਆਂ ਦੀ ਲੋੜ ਸੀ। ਤਾਨਾਸ਼ਾਹ ਤੂਫਾਨ ਦੇ ਉਲਟ ਪਰਵਾਜ਼ ਕਰਨ ਲਈ ਸਰੀਰਕ ਬਲ ਦੇ ਨਾਲ਼ ਨਾਲ਼ ਆਤਮਿਕ ਬਲ ਬੇਹੱਦ ਜ਼ਰੂਰੀ ਸੀ। ਗੁਰੂ ਜੀ ਨੇ ਇਸ ਵਿਕਰਾਲ ਸਮੱਸਿਆ ਨੂੰ ਸੰਬੋਧਿਤ ਕੀਤਾ। ਗੁਰੂ ਜੀ ਨੇ ਮਾਨਵਤਾ ਵਿਰੋਧੀ ਸ਼ਕਤੀਆਂ ਨੂੰ ਨਕਾਰਿਆ ਹੀ ਨਹੀਂ ਵੰਗਾਰਿਆ ਵੀ। ਗੁਰੂ ਜੀ ਦੇ ਪ੍ਰਵਚਨ ਵਿਚ ਸੰਸਾਰੀ ਬਾਦਸ਼ਾਹ ਤੋਂ ਕਿਤੇ ਵੱਡੇ ਜਗਤ ਦੇ ਸਦੀਵੀ ਪਾਤਸ਼ਾਹ ਦੀ ਮਹਿਮਾ ਦਾ ਮੰਡਨ ਹੋਇਆ ਹੈ। ਨੇਕੀ ਦੇ ਰਾਹ ਤੁਰਨ ਵਾਲਿਆਂ ਲਈ ਸੰਸਾਰ ਦੇ ਸਭ ਸਾਥ ਛੁੱਟ ਜਾਣ 'ਤੇ ਸੱਚੇ ਪਾਤਸ਼ਾਹ ਅਕਾਲ ਪੁਰਖ ਦੀ ਟੇਕ ਹੁੰਦੀ ਹੈ:

*ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥*
*ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)*

ਅਕਾਲ ਪੁਰਖ ਦੀ ਓਟ ਲੈ ਕੇ ਜ਼ੁਲਮ-ਜ਼ਬਰ ਖਿਲਾਫ ਟੱਕਰ ਲੈਣ ਲਈ ਜਨਤਾ ਅੰਦਰ ਰੋਹ ਪਣਪ ਪਿਆ। ਗੁਰੂ ਜੀ ਦੀ ਸ਼ਹਾਦਤ ਪਿੱਛੋਂ ਇਹ ਹੋਰ ਪ੍ਰਚੰਡ ਹੋ ਗਿਆ। ਨਿਰਧਨ ਨੂੰ ਪਾਲਣ ਤੇ ਦੁਸ਼ਟ ਨੂੰ ਗਾਲਣ ਵਾਲ਼ੇ ਖ਼ਾਲਸੇ ਦਾ ਰੂਪ ਧਾਰ ਗਿਆ। ਜਨਰਲ ਜੇ. ਐੱਚ. ਜੋਨ ਗਾਰਡਨ ਅਨੁਸਾਰ ਜੋ ਤਿੱਖੀਆਂ ਸੂਲਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਲਹੂ ਨਾਲ਼ ਦਿੱਲੀ ਵਿਚ ਬੀਜੀਆਂ ਗਈਆਂ ਉਨ੍ਹਾਂ ਤੋਂ ਖਾਲਸੇ ਦੇ ਰੂਪ ਵਿਚ ਭਰਵੀਂ ਫਸਲ ਪੈਦਾ ਹੋਈ।[੪]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਪ੍ਰਚਾਰ ਕਰਨ ਦੇ ਨਾਲ਼ ਨਾਲ਼ "ਲੋਕਾਂ ਨੂੰ ਹਿੰਸਾ ਅਤੇ ਚੋਰੀ ਆਦਿ ਛੱਡ ਦੇਣ ਅਤੇ ਆਪਣੇ ਗੁਆਂਢੀਆਂ ਨਾਲ਼ ਅਮਨ ਅਤੇ ਸ਼ਾਂਤੀ ਨਾਲ਼ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਲੋਕਾਂ ਦੀ ਵਰਤੋਂ ਲਈ ਬਹੁਤ ਸਾਰੇ ਸਰੋਵਰ ਅਤੇ ਖੂਹ ਪੁਟਵਾਏ ਜੋ ਗਰਮੀ ਨਾਲ਼ ਝੁਲਸੇ ਹੋਏ ਇਲਾਕੇ ਲਈ ਵਰਦਾਨ ਸਾਬਤ ਹੋਏ।[੫] ਖਾਸ ਕਰਕੇ ਮਾਲਵੇ ਦੇ ਇਲਾਕੇ ਵਿਚ ਪਾਣੀ ਦੀ ਵੱਡੀ ਘਾਟ ਸੀ। ਲੋਕ ਬਰਸਾਤੀ ਢਾਬਾਂ ਜਾਂ ਛੱਪੜਾਂ 'ਤੇ ਨਿਰਭਰ ਸਨ। ਗੁਰੂ ਜੀ ਨੇ ਇਨ੍ਹਾਂ ਨੂੰ ਡੂੰਘੇ ਕਰਵਾਇਆ। "ਸਰੋਵਰ ਸਿੱਖ ਧਰਮ ਦੇ ਸਮਾਜਿਕ ਸੰਕਲਪ ਨਾਲ਼ ਸਬੰਧਿਤ ਹੈ। ਸਿੱਖ ਧਰਮ ਵਿਚ ਬਰਾਬਰਤਾ ਦਾ ਸੰਕਲਪ ਹੈ। ਸਰੋਵਰ ਇਸ ਸਿਧਾਂਤ ਨੂੰ ਅਮਲੀ ਰੂਪ ਦੇਣ ਵਾਲੇ ਅਸਥਾਨ ਹਨ। ਸਰੋਵਰ ਵਿੱਚ ਹਰ ਜਾਤ ਦਾ ਵਿਅਕਤੀ ਇਸ਼ਨਾਨ ਕਰੇਗਾ, ਇਸ ਨਾਲ਼ ਸਮਾਜਿਕ ਊਚ-ਨੀਚ ਦਾ ਭੇਦ ਖ਼ਤਮ ਹੁੰਦਾ ਹੈ।[੬]

ਕੱਟੜਤਾ, ਤਾਨਾਸ਼ਾਹੀ ਅਤੇ ਦਹਿਸ਼ਤ ਆਲਮੀ ਏਕਤਾ ਲਈ ਵੱਡੇ ਖ਼ਤਰੇ

ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਨਸਾਨੀਅਤ ਪ੍ਰਤੀ ਪ੍ਰੇਮ ਦੇ ਨਾਲ਼ ਨਾਲ਼ ਮਾਨਵਤਾ ਵਿਰੋਧੀ ਸ਼ਕਤੀਆਂ ਤੋਂ ਭੈ ਮੁਕਤ ਹੋ ਕੇ ਜਿਉਣ ਦਾ ਸੁਨੇਹਾ ਦਿੱਤਾ। *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* ਗਿਆਨ ਨੂੰ ਗੁਰੂ ਸਾਹਿਬ ਨੇ ਭੈ ਮੁਕਤ ਹੋਣ ਲਈ ਉਤਸ਼ਾਹਿਤ ਕੀਤਾ ਹੈ। ਤਾਂ ਜੋ ਤਾਨਾਸ਼ਾਹੀ ਸ਼ਕਤੀਆਂ ਅੱਗੇ ਗਿਆਨ ਹਥਿਆਰ ਸੁੱਟਣ ਦੀ ਥਾਂ ਮਨੁੱਖਤਾ ਦੇ ਭਲੇ ਲਈ ਹਿੱਕ ਤਾਣ ਕੇ ਖੜਾ ਹੋ ਸਕੇ। ਮੌਤ ਦੇ ਭੈ ਤੋਂ ਮੁਕਤ ਮਨੁੱਖ ਕੂੜ ਦੀਆਂ ਧੱਜੀਆਂ ਉਡਾਉਂਦਿਆਂ ਸ਼ਹਾਦਤ ਦੇ ਉੱਚੇ ਮੁਕਾਮਾਂ ਨੂੰ ਪ੍ਰਣਾਮ ਕਰਦਾ ਹੈ। ਸ਼ੋਸ਼ਣ ਦੇ ਪੀੜਤਾਂ ਨੂੰ ਜ਼ਿੰਦਗੀ ਦੀ ਪਰਿਭਾਸ਼ਾ ਦੱਸਦਾ ਹੈ ਅਤੇ ਸਮਾਜਿਕ ਪਰਿਵਰਤਨ ਲਈ ਲਾਮਬੰਦ ਕਰਦਾ ਹੈ। ਜਨਤਾ ਅੰਦਰ ਸਮਾਜਿਕ ਨਿਆਂ ਦੀ ਸਥਾਪਨਾ ਲਈ ਚੇਤਨਾ ਪੈਦਾ ਹੋਣ ਨਾਲ਼ ਜ਼ਾਲਮ ਨਿਜ਼ਾਮ ਦੇ ਤਖਤ ਅਤੇ ਤਾਜ ਹਿੱਲਦੇ ਹਨ। ਜਨਤਾ ਅੰਦਰ ਏਕਤਾ ਦੀ ਖ਼ੂਬਸੂਰਤ ਲਹਿਰ ਉੱਠਦੀ ਹੈ ਤੇ ਇਤਿਹਾਸ ਦੇ ਮਾਣਮੱਤੇ ਪੰਨੇ ਲਿਖੇ ਜਾਂਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਚੱਲ ਰਹੇ ਅੰਦੋਲਨਾਂ ਲਈ ਵੱਡੀ ਪ੍ਰੇਰਨਾ ਸ੍ਰੋਤ ਹੈ। "*ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਹਿ ਨਾ ਛੋੜੀਐ। ਗੁਰੂ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨਾ ਛੋੜੀਏ।* "ਦਾ ਨਾਦ ਆਲਮ ਵਿੱਚ ਗੂੰਜ਼ਦਾ ਅਤੇ ਧੱਕੇਸ਼ਾਹੀ ਵਿਰੁੱਧ ਖੜੇ ਹੋਣ ਦਾ ਬਲ ਬਖਸ਼ਦਾ ਹੈ।

ਆਲਮੀ ਏਕਤਾ ਅਤੇ ਵਿਕਾਸ ਲਈ ਮਨੁੱਖ ਨੂੰ "ਬੈਰੀ ਮੀਤ" ਦੇ ਭੇਦ-ਭਾਵ ਛੱਡ ਕੇ ਉਦਾਰਤਾ ਨਾਲ ਸੋਚਣ ਦੀ ਲੋੜ ਹੈ।" "ਹਰਖੁ ਸੋਗੁ" ਤੋਂ ਉੱਪਰ ਉੱਠ ਕੇ "ਕੰਚਨ" (ਅਮੀਰੀ), "ਲੋਹ" (ਗਰੀਬੀ) ਨੂੰ ਸਮਾਨ ਸਮਝਦਿਆਂ "ਉਸਤਤਿ ਨਿੰਦਿਆ", "ਲੋਭੁ ਮੋਹੁ ਅਭਿਮਾਨ" ਤੋਂ ਨਿਰਲੇਪ ਰਹਿਣ ਦੀ ਜ਼ਰੂਰਤ ਹੈ। ਮੇਰ-ਤੇਰ ਦੀ ਉਲਾਰ ਸੋਚ ਦੀ ਥਾਂ ਵਿਵੇਕ ਤੇ ਪ੍ਰੇਮ ਨਾਲ ਵਿਵਹਾਰ ਕਰਨ ਵਾਲ਼ਾ ਮਨੁੱਖ ਸਮਾਜ ਲਈ ਉਸਾਰੂ ਭੂਮਿਕਾ ਨਿਭਾਅ ਸਕਦਾ ਹੈ। ਉਹ ਆਤਮ ਵਿਸ਼ਵਾਸ ਨਾਲ਼ ਨਵੀਆਂ ਸੰਭਾਵਨਾਵਾਂ ਦੀ ਜ਼ਮੀਨ ਤਲਾਸ਼ਾਦਾ ਹੈ। ਸਮੱਸਿਆਵਾਂ ਦੇ ਹੱਲ ਲੱਭਦਾ ਹੈ ਸਫ਼ਲਤਾ ਦੇ ਸੁਪਨੇ ਦੇਖਦਾ ਹੈ।

*ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥*
*ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)*

ਅਲਮੀ ਏਕਤਾ ਲਈ ਧਰਮ ਅਤੇ ਸਮਾਜ ਨੂੰ ਸੰਕੀਰਨ ਸੋਚ ਵਾਲੇ ਲੋਕਾਂ ਤੋਂ ਮੁਕਤ ਕਰਨ ਦੀ ਲੋੜ ਹੈ। ਧਰਮ ਦੀ ਪ੍ਰਤਿਬੱਧਤਾ ਸਮਾਜ ਅੰਦਰ ਨੇਕੀ, ਸੇਵਾ, ਸਮਾਨਤਾ, ਦਇਆ ਅਤੇ ਸਚਾਈ ਜਿਹੇ ਗੁਣ ਵਿਕਸਿਤ ਕਰਨ ਅਤੇ ਦੂਜੇ ਧਰਮਾਂ

ਨਾਲ ਸੰਵਾਦ ਤੇ ਸਹਿਯੋਗ ਕਰਨ ਲਈ ਹੋਣੀ ਚਾਹੀਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਨੂੰ ਸਾਂਝੀਵਾਲਤਾ ਦੀ ਖ਼ੂਬਸੂਰਤੀ ਪ੍ਰਦਾਨ ਕਰਦਿਆਂ ਦੂਜਿਆਂ 'ਤੇ ਜ਼ਬਰਦਸਤੀ ਧਰਮ ਥੋਪਣ ਦਾ ਜ਼ੋਰਦਾਰ ਵਿਰੋਧ ਕੀਤਾ। ਸਭ ਧਰਮਾਂ ਦੇ ਸਨਮਾਨ ਦਾ ਸੁਹਿਰਦ ਵਾਤਾਵਰਨ ਉਸਾਰਿਆ। ਵਰਤਮਾਨ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਆਲਮੀ ਦ੍ਰਿਸ਼ਟੀਕੋਣ ਮਨੁੱਖਤਾ ਨੂੰ ਜੋੜਨ, ਸਦਭਾਵਨਾ ਦਾ ਮਾਹੌਲ ਤਿਆਰ ਕਰਨ, ਸਥਾਈ ਸ਼ਾਂਤੀ ਦੀ ਸਥਾਪਨਾ, ਸਮਾਜ ਦੇ ਸਭ ਵਰਗਾਂ ਦੇ ਉਥਾਨ ਅਤੇ ਇਨਸਾਨੀਅਤ ਨੂੰ ਜ਼ਿੰਦਾ ਰੱਖਣ ਲਈ ਬੇਹੱਦ ਜ਼ਰੂਰੀ ਹੈ।

**ਹਵਾਲੇ :**


**੧.** ਡਾ. ਹਰਨਾਮ ਸਿੰਘ ਸ਼ਾਨ, *ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੧, ਪੰਨਾ ੧੧੬-੧੧੭

**੨.** ਉਹੀ, ਪੰਨਾ ੧੨੭

**੩.** ਡਾ. ਤਾਰਨ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੫, ਪੰਨਾ ੮੦

**੪.** General Sir J. H. Gordan, *The Sikhs,* Langauage Department, Pb., 1988, Page 36

**੫.** ਪ੍ਰਿੰ. ਤੇਜਾ ਸਿੰਘ ਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੪ ਪੰਨਾ ੫੯

**੬.** ਡਾ. ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ ੨੦੦੦, ਪੰਨਾ ੧੬੫-੧੬੬

**੭.** ਸੰਪਾ. ਮਨਮੋਹਨ ਸਿੰਘ ਦਾਊਂ, *ਨੂਰੀ ਸੀਸ ਨੂੰ ਕਾਵਿ ਸਿਜਦਾ*, 'ਭੱਟ ਚਾਂਦ ਦੀ ਰਚਨਾ', ੨੦੨੦, ਪੰਨਾ ੨


■


## ਫ਼ਿਲਮ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਣਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ 'ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ 'ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

# ਅਧਿਆਤਮਿਕਤਾ ਅਤੇ ਸੰਸਾਰਕ ਸੰਘਰਸ਼ ਦਾ ਸੰਤੁਲਨ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

*-ਡਾ. ਗਗਨਦੀਪ ਸਿੰਘ**

**ਸੰਖੇਪ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸ਼ਨ ਨੂੰ ਆਧਿਆਤਮਿਕਤਾ ਅਤੇ ਸੰਸਾਰੀ ਸੰਘਰਸ਼ ਵਿਚ ਸੰਤੁਲਨ ਦੇ ਪ੍ਰਸੰਗ ਵਿਚ ਇਸ ਲੇਖ ਰਾਹੀਂ ਸਮਝਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਦੀ ਬਾਣੀ ਵਿਚਲੇ ਹਵਾਲਿਆਂ ਦੇ ਨਾਲ-ਨਾਲ ਵਿਦਵਾਨਾਂ, ਇਤਿਹਾਸਿਕ ਲਿਖਤਾਂ ਅਤੇ ਆਧੁਨਿਕ ਸ਼ੋਧਕਰਤਾਵਾਂ ਦੇ ਮਤਾਂ ਨੂੰ ਸ਼ਾਮਲ ਕਰ ਕੇ ਇਹ ਦਰਸਾਇਆ ਗਿਆ ਹੈ ਕਿ ਗੁਰੂ ਜੀ ਦਾ ਜੀਵਨ ਅੰਦਰੂਨੀ ਧੀਰਜ, ਸਮਾਜਿਕ ਜ਼ਿੰਮੇਵਾਰੀ ਅਤੇ ਤਿਆਗ ਦਾ ਮਿਲਾਪ ਹੈ। ਇਹ ਵਿਸ਼ਾ ਅੱਜ ਦੀ ਦੁਨੀਆ ਵਿਚ ਵੀ ਪ੍ਰਸੰਗਿਕ ਹੈ, ਖ਼ਾਸਕਰ ਧਾਰਮਿਕ ਅਸਹਿਣਸ਼ੀਲਤਾ ਅਤੇ ਮਾਨਸਿਕ ਤਣਾਅ ਦੀ ਪਿੱਠਭੂਮੀ ਵਿਚ।

**ਭੂਮਿਕਾ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਮੁਗਲ ਸਾਮਰਾਜ ਵੇਲੇ ੧੬੨੧ ਈ. ਨੂੰ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਉਹ ਬਚਪਨ ਤੋਂ ਹੀ ਬੜੀ ਧਾਰਮਿਕ ਬਿਰਤੀ ਅਤੇ ਦਇਆ ਦੀ ਮੂਰਤ ਸਨ। ਉਨ੍ਹਾਂ ਦਾ ਬਚਪਨ ਦਾ ਨਾਮ 'ਤਿਆਗ ਮੱਲ' ਸੀ। ਉਨ੍ਹਾਂ ਦਾ ਨਾਮ ਉਨ੍ਹਾਂ ਦੀ ਸ਼ਖ਼ਸੀਅਤ 'ਤੇ ਪੂਰਨ ਰੂਪ ਵਿਚ ਖਰਾ ਉਤਰਦਾ ਸੀ। ਇੱਕ ਵਾਰ ਬਾਲਕ ਤਿਆਗ ਮੱਲ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੇ ਵਿਆਹ ਸਮੇਂ ਉਨ੍ਹਾਂ ਨੂੰ ਸੁੰਦਰ ਪੁਸ਼ਾਕ ਪਹਿਨਾਈ ਗਈ, ਬਰਾਤ ਚੱਲਣ ਵਾਲੀ ਸੀ ਅਤੇ ਉਹ ਬਰਾਤ ਨਾਲ ਹੀ ਦਰਵਾਜੇ 'ਤੇ ਖੜੇ ਸਨ, ਅਚਾਨਕ ਉਨ੍ਹਾਂ ਨੂੰ ਉੱਥੇ ਇੱਕ ਬਹੁਤ ਹੀ ਗਰੀਬੀ ਦੀ ਹਾਲਤ ਵਿਚ ਬੱਚਾ ਨਜ਼ਰ ਪਿਆ ਜਿਸ ਦੇ ਤਨ ਉੱਪਰ ਕੋਈ ਕੱਪੜਾ ਨਹੀਂ ਪਹਿਨਿਆ ਹੋਇਆ ਸੀ। ਗੁਰੂ ਜੀ ਨੇ ਆਪਣੇ ਕੱਪੜੇ ਉਤਾਰ ਕੇ ਉਸ ਬੱਚੇ ਨੂੰ ਪਹਿਨਾ ਦਿੱਤੇ। ਮਾਤਾ ਨਾਨਕੀ ਜੀ ਦੁਆਰਾ ਅਜਿਹਾ ਕਰਨ ਦਾ ਕਾਰਨ ਪੁੱਛਣ 'ਤੇ ਉਨ੍ਹਾਂ ਜਵਾਬ ਦਿੱਤਾ ਕਿ, "ਮੈਨੂੰ ਤਾਂ ਹੋਰ ਮਿਲ ਜਾਣਗੇ... ਪਰ ਉਸ ਨੂੰ ਕਿਸ ਨੇ ਲੈ ਕੇ ਦੇਣੇ ਨੇ...?" ਇਸ ਤਰ੍ਹਾਂ ਤਿਆਗ ਦੀ ਭਾਵਨਾ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਬਚਪਨ ਤੋਂ ਹੀ ਦਿਖਾਈ ਦਿੰਦੀ ਹੈ। ਉਹ ਰਤਾ ਵੱਡੇ ਹੋਏ ਤਾਂ ਕਰਤਾਰਪੁਰ ਸਾਹਿਬ ਦੀ ਲੜਾਈ ਵਿਚ ਉਨ੍ਹਾਂ ਦੀ ਬਹਾਦਰੀ ਦੇ ਜੌਹਰਾਂ ਨੂੰ ਦੇਖਦੇ

** ਸਹਾਇਕ ਪ੍ਰੋਫੈਸਰ, ਮਾਤਾ ਸੁੰਦਰੀ ਕਾਲਜ ਆਫ ਵੂਮਨ, ਦਿੱਲੀ ਯੂਨੀਵਰਸਿਟੀ, ਦਿੱਲੀ। ਮੋ. ੭੮੮੮੫੧੨੮੦੨*

ਹੋਏ ਗੁਰੂ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਨ੍ਹਾਂ ਦਾ ਨਾਮ ਤੇਗ ਬਹਾਦਰ ਰੱਖਿਆ।

ਉਨ੍ਹਾਂ ਦਾ ਸਮੁੱਚਾ ਜੀਵਨ ਤਿਆਗ, ਧਰਮ ਰੱਖਿਆ ਲਈ ਭੈਅ ਰਹਿਤ ਡਟ ਕਿ ਖੜ੍ਹੇ ਹੋਣ ਵਾਲਾ ਰਿਹਾ ਹੈ। ਸਮੁੱਚੇ ਜੀਵਨ ਵਿਚ ਉਨ੍ਹਾਂ ਦੇ ਮਨ ਅੰਦਰ ਸੰਸਾਰੀ ਸੁਖਾਂ ਵਾਲਾ ਜੀਵਨ ਜੀਊਣ ਦੀ ਇੱਛਾ ਕਦੇ ਨਹੀਂ ਹੋਈ ਬਲਕਿ ਜਿਹਾ ਉਪਦੇਸ਼ ਉਹ ਅਪਣੀ ਬਾਣੀ ਰਾਹੀਂ ਦਿੰਦੇ ਹਨ ਉਸੇ ਤਰ੍ਹਾਂ ਦਾ ਜੀਵਨ ਹੀ ਉਹ ਜਿਊਂਦੇ ਹਨ। ਉਨ੍ਹਾਂ ਆਪਣੀ ਬਾਣੀ ਰਾਹੀਂ ਮਾਨਵਤਾ ਨੂੰ ਸਦਾ ਨੈਤਿਕ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਪੰਜੇ ਵਿਕਾਰਾਂ ਦੇ ਤਿਆਗ ਦੀ ਗੱਲ ਨੂੰ ਹਮੇਸ਼ਾ ਦੁਹਰਾਇਆ ਹੈ। ਉਨ੍ਹਾਂ ਕਿਸੇ ਸੰਸਾਰਿਕ ਵਸਤੂ ਨਾਲ ਕਦੇ ਵੀ ਕੋਈ ਸਦੀਵੀ ਮੋਹ ਨਹੀਂ ਪਾਇਆ। 'ਇੱਕ ਗਰੀਬ ਬ੍ਰਾਹਮਣ ਨੇ ਹਜ਼ੂਰ ਅੱਗੇ ਹੱਥ ਫੈਲਾਏ ਤੇ ਵਸਤਾਂ ਮੰਗੀਆਂ, ਤਾਂ ਆਪ ਨੇ ਗਹਿਣੇ ਤੇ ਵਸਤਰ ਉਤਾਰ ਕੇ ਉਸਨੂੰ ਦੇ ਦਿੱਤੇ।'[੧] 'ਇਸੇ ਤਰ੍ਹਾਂ ਇੱਕ ਵਾਰ ਹਜ਼ੂਰ ਆਪਣੇ ਵਸਤਰ ਉਤਾਰ ਕੇ ਇੱਕ ਡੂਮ ਨੂੰ ਦੇ ਆਏ ਜਿਹੜੀ ਚੀਜ਼ ਹਜ਼ੂਰ ਕੋਲ ਹੁੰਦੀ ਸਵਾਲੀ ਦੇ ਮੰਗਣ ਉੱਤੇ ਆਪ ਬਿਨਾਂ ਝਿਜਕ ਉਸ ਨੂੰ ਦੇ ਦਿੰਦੇ। ਛੇਵੇਂ ਪਾਤਸ਼ਾਹ ਇਹ ਕੌਤਕ ਵੇਖ ਕੇ ਕਈ ਵਾਰ ਫੁਰਮਾਇਆ ਕਰਦੇ ਇਹ ਮਹਾਂਪੁਰਸ਼ 'ਗ੍ਰਿਸਤ ਵਿਚ ਉਦਾਸ' ਦਾ ਧਾਰਨੀ ਹੋਵੇਗਾ।'[੨] ਤੇ ਉਨ੍ਹਾਂ ਦੀ ਸ਼ਹਾਦਤ ਭਲਾ ਕਿਸ ਤੋਂ ਲੁਕੀ ਹੈ? ਡਾ. ਹਰਭਜਨ ਸਿੰਘ ਨੇ ਆਪਣੇ ਅਧਿਐਨ 'The Philosophy of Guru Tegh Bahadur' (੧੯੬੫) ਵਿਚ ਦਰਸਾਇਆ ਕਿ ਗੁਰੂ ਜੀ ਨੇ ਅਧਿਆਤਮਿਕਤਾ ਨੂੰ ਸਮਾਜਿਕ ਨਿਆਂ ਨਾਲ ਜੋੜਿਆ। ਉਹ ਲਿਖਦੇ ਹਨ ਕਿ "ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦਰਸ਼ਨ ਵਿਅਕਤੀ ਨੂੰ ਅੰਦਰੂਨੀ ਤੌਰ 'ਤੇ ਮਜ਼ਬੂਤ ਕਰਦਾ ਹੈ ਤਾਂ ਜੋ ਉਹ ਬਾਹਰੀ ਅਨਿਆਂ ਦਾ ਸਾਹਮਣਾ ਕਰ ਸਕੇ।" ਗੁਰੂ ਜੀ ਨੇ ਅਧਿਆਤਮਿਕਤਾ ਨੂੰ ਸਿਰਫ਼ ਧਿਆਨ ਜਾਂ ਆਚਾਰ ਤਕ ਸੀਮਿਤ ਨਾ ਰੱਖ ਕੇ ਸਮਾਜ ਦੀ ਰੱਖਿਆ ਲਈ ਕਰੁਣਾ ਅਤੇ ਨਿਡਰਤਾ ਦਾ ਰੂਪ ਦਿੱਤਾ। ਗੁਰੂ ਜੀ ਨੇ ਦੱਸਿਆ ਕਿ ਸੱਚ, ਕਰੁਣਾ ਅਤੇ ਨਿਆਂ ਅਧਿਆਤਮਿਕ ਜੀਵਨ ਦੇ ਆਧਾਰ ਹਨ। ਇਹ ਸਭ ਲਈ ਸਾਂਝੇ ਮੁੱਲ ਹਨ।

**੧. ਅਧਿਆਤਮਿਕਤਾ ਦਾ ਮਤਲਬ- ਮਨ ਦੀ ਸ਼ੁੱਧਤਾ ਅਤੇ ਵਿਸ਼ਵਾਸ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਅਧਿਆਤਮਿਕਤਾ ਸਿਰਫ਼ ਅੰਦਰੂਨੀ ਧਿਆਨ ਜਾਂ ਤਪੱਸਿਆ ਤਕ ਸੀਮਿਤ ਨਹੀਂ। ਉਹ ਦੱਸਦੇ ਹਨ ਕਿ ਅਧਿਆਤਮਿਕਤਾ ਮਨ ਦੀ ਸ਼ੁੱਧਤਾ, ਵਿਸ਼ਵਾਸ ਅਤੇ ਧੀਰਜ ਦਾ ਵਿਕਾਸ ਕਰਦੀ ਹੈ। ਅੰਦਰੂਨੀ ਸ਼ਾਂਤੀ ਮਿਲਣ ਨਾਲ ਵਿਅਕਤੀ ਸੰਘਰਸ਼ ਵੇਲੇ ਵੀ ਡਟਿਆ ਰਹਿ ਸਕਦਾ ਹੈ। ਅਧਿਆਤਮਿਕ ਵਿਸ਼ਵਾਸ ਮਨੁੱਖ ਨੂੰ ਡਰ ਤੋਂ ਮੁਕਤ ਕਰਦਾ ਹੈ। ਉਨ੍ਹਾਂ ਨੇ ਅਧਿਆਤਮਿਕਤਾ ਨੂੰ ਜੀਵਨ ਦੀਆਂ ਚੁਣੌਤੀਆਂ ਨਾਲ ਨਿਪਟਣ ਦਾ ਹਥਿਆਰ ਬਣਾਇਆ। ਅਧਿਆਤਮਿਕਤਾ ਰਾਹੀਂ ਮਨੁੱਖ ਆਪਣੀ ਅੰਦਰੂਨੀ ਸ਼ਕਤੀ ਦਾ ਅਨੁਭਵ ਕਰਦਾ ਅਤੇ ਸੰਘਰਸ਼ ਵਿਚ ਟਿਕਿਆ ਰਹਿ ਸਕਦਾ ਹੈ। ਉਹ ਬਾਹਰੀ

ਕਰਮ-ਕਾਂਡਾਂ ਦੀ ਬਜਾਇ ਅੰਦਰੂਨੀ ਭਗਤੀ ਅਤੇ ਸੱਚੇ ਪ੍ਰੇਮ ਨੂੰ ਤਰਜੀਹ ਦਿੰਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੁਸਾਰ ਆਤਮਿਕ ਸ਼ੁੱਧਤਾ ਦਾ ਆਧਾਰ ਮਨ ਦੀ ਸ਼ੁੱਧਤਾ ਅਤੇ ਨਾਮ ਸਿਮਰਨ ਹੈ। ਮਨ ਵਿਚ ਵਿਸ਼ਵਾਸ ਨਾ ਹੋਣ 'ਤੇ ਸਰੀਰ ਦੀ ਸ਼ੁੱਧਤਾ ਵਿਅਰਥ ਹੈ। ਅਧਿਆਤਮਿਕਤਾ ਅੰਦਰੂਨੀ ਸ਼ੁੱਧਤਾ ਅਤੇ ਵਿਸ਼ਵਾਸ ਰਾਹੀਂ ਹੀ ਫਲਦਾਇਕ ਹੁੰਦੀ ਹੈ। ਵਿਸ਼ਵਾਸ ਮਨੁੱਖ ਨੂੰ ਸੰਘਰਸ਼ ਵਿਚ ਟਿਕਿਆ ਰਹਿਣ ਲਈ ਅੰਦਰੂਨੀ ਸ਼ਕਤੀ ਪ੍ਰਦਾਨ ਕਰਦਾ ਹੈ। ਨਾਮ ਸਿਮਰਨ ਰਾਹੀਂ ਮਾਨਸਿਕ ਸ਼ਕਤੀ ਹਾਸਿਲ ਹੁੰਦੀ ਹੈ। ਗੁਰੂ ਜੀ ਨੇ ਨਾਮ ਸਿਮਰਨ ਨੂੰ ਮਨ ਦੀ ਸ਼ੁੱਧਤਾ ਅਤੇ ਔਖਿਆਈਆਂ ਦਾ ਸਾਹਮਣਾ ਕਰਨ ਦਾ ਮਾਰਗ ਦੱਸਿਆ:

*ਰੇ ਮਨ ਰਾਮ ਸਿਉ ਕਰਿ ਪ੍ਰੀਤਿ॥*
*ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧)*

ਨਾਮ ਦਾ ਸਿਮਰਨ ਮਨ ਅਤੇ ਸਰੀਰ ਨੂੰ ਸ਼ੁੱਧ ਕਰਦਾ ਹੈ। ਜਿਸ ਨਾਲ ਮਨੁੱਖ ਕਠਿਨ ਹਾਲਾਤਾਂ ਵਿਚ ਵੀ ਧੀਰਜ ਨਾਲ ਟਿਕਿਆ ਰਹਿੰਦਾ ਹੈ। ਨਾਮ ਸਿਮਰਨ ਅਧਿਆਤਮਿਕ ਧੀਰਜ ਦਾ ਆਧਾਰ ਹੈ ਅਤੇ ਇਹ ਮਨੁੱਖ ਨੂੰ ਸੰਘਰਸ਼ ਵਿਚ ਸ਼ਾਂਤੀ ਅਤੇ ਸਥਿਰਤਾ ਦਿੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅਧਿਆਤਮਿਕਤਾ ਨੂੰ ਸਮਾਜਿਕ ਨਿਆਂ ਨਾਲ ਜੋੜਿਆ। ਧਾਰਮਿਕ ਅਜ਼ਾਦੀ ਦੀ ਰੱਖਿਆ ਲਈ ਉਨ੍ਹਾਂ ਨੇ ਸ਼ਹਾਦਤ ਦਿੱਤੀ। ਉਨ੍ਹਾਂ ਦਾ ਤਿਆਗ ਦਰਸਾਉਂਦਾ ਹੈ ਕਿ ਅਧਿਆਤਮਿਕਤਾ ਨਿਸ਼ਕ੍ਰਿਆ ਨਹੀਂ ਬਲਕਿ ਸਰਗਰਮ ਅਤੇ ਮਨੁੱਖੀ ਕਲਿਆਣ ਲਈ ਕੰਮ ਕਰਨ ਵਾਲੀ ਸ਼ਕਤੀ ਹੈ। ਅਧਿਆਤਮਿਕਤਾ ਵਿਅਕਤੀ ਨੂੰ ਅਹੰਕਾਰ ਛੱਡ ਕੇ ਸਮਰਪਣ ਦਾ ਰਾਹ ਦਿਖਾਉਂਦੀ ਹੈ।

ਨਿਡਰ ਅਤੇ ਨਿਰਵੈਰ ਵਿਅਕਤੀ ਹੀ ਨਾਮ ਨਾਲ ਜੁੜ ਸਕਦਾ ਹੈ ਜੋ ਸੰਘਰਸ਼ ਵੇਲੇ ਅੰਦਰੂਨੀ ਸ਼ਕਤੀ ਦਾ ਸਰੋਤ ਹੈ। ਇੱਥੇ ਅਧਿਆਤਮਿਕਤਾ ਦਾ ਅਰਥ ਅਹੰਕਾਰ ਦਾ ਤਿਆਗ ਅਤੇ ਨਿਡਰਤਾ ਹੈ ਜੋ ਵਿਅਕਤੀ ਨੂੰ ਸਮਾਜ ਦੀ ਰੱਖਿਆ ਲਈ ਤਿਆਰ ਕਰਦੀ ਹੈ।

### ੨. ਧਰਮ ਦੀ ਰੱਖਿਆ ਲਈ ਸ਼ਹਾਦਤ- ਕਰੁਣਾ ਅਤੇ ਸਮਰਪਣ ਦਾ ਮਿਲਾਪ

ਕਸ਼ਮੀਰੀ ਪੰਡਤਾਂ ਦੇ ਧਰਮ ਦੀ ਰੱਖਿਆ ਲਈ ਗੁਰੂ ਜੀ ਨੇ ਸ਼ਹਾਦਤ ਪ੍ਰਾਪਤ ਕਰ ਲਈ। ਡਾ. ਮਨਜੀਤ ਕੌਰ ਨੇ ਆਪਣੇ ਅਧਿਐਨ ਵਿਚ ਦਰਸਾਇਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ "ਅਧਿਆਤਮਿਕਤਾ ਸਿਰਫ਼ ਆਪਣੇ ਆਤਮਿਕ ਵਿਕਾਸ ਤਕ ਸੀਮਿਤ ਨਹੀਂ ਸਗੋਂ ਸਮਾਜ ਦੀ ਰੱਖਿਆ ਲਈ ਦੂਜਿਆਂ ਦੀ ਭਲਾਈ ਦਾ ਯਤਨ ਵੀ ਹੈ।" ਇਹ ਦਰਸ਼ਨ ਅਧਿਆਤਮਿਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਵਿਚ ਸੰਤੁਲਨ ਦਾ ਆਧਾਰ ਬਣਦਾ ਹੈ। ੧੭ਵੀਂ ਸਦੀ ਵਿਚ ਧਰਮ ਦੀ ਆੜ ਵਿਚ ਕੀਤੇ ਜਾਂਦੇ ਅੱਤਿਆਚਾਰ ਨੇ ਸਮਾਜ ਵਿਚ ਡਰ ਦਾ ਮਾਹੌਲ ਬਣਾਇਆ। ਗੁਰੂ ਜੀ

ਨੇ ਵਿਸ਼ਵਾਸ ਰਾਹੀਂ ਮਨ ਨੂੰ ਡਰ ਤੋਂ ਮੁਕਤ ਕਰਨ ਦਾ ਰਾਹ ਦੱਸਿਆ:-

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਭਾਵ ਕਿਸੇ ਤੋਂ ਡਰਨਾ ਨਹੀਂ ਅਤੇ ਨਾ ਹੀ ਡਰਾਉਣਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਉਪਦੇਸ਼ ਭੈਅ ਰਹਿਤ ਜੀਵਨ ਜੀਉਣ ਦਾ ਹੈ। ਉਹ ਨਾ ਡਰਨ ਅਤੇ ਨਾ ਹੀ ਡਰਾਉਣ ਵਿਚ ਵਿਸ਼ਵਾਸ ਰੱਖਦੇ ਹਨ। ਨਿਰਭੈਅ ਵਿਸ਼ਵਾਸ ਦੀ ਸਥਿਤੀ ਮਨ ਨੂੰ ਡਰ ਤੋਂ ਮੁਕਤ ਕਰਦੀ ਹੈ ਅਤੇ ਮਨੁੱਖ ਸੰਘਰਸ਼ ਵਿਚ ਜਿੱਤ ਹਾਸਲ ਕਰ ਸਕਦਾ ਹੈ। ਡਾ. ਹਰਭਜਨ ਸਿੰਘ ਅਨੁਸਾਰ ਵਿਸ਼ਵਾਸ ਮਨ ਨੂੰ ਮਜ਼ਬੂਤ ਕਰਕੇ ਵਿਅਕਤੀ ਨੂੰ ਸੰਘਰਸ਼ ਵਿਚ ਟਿਕਿਆ ਰਹਿਣ ਲਈ ਉਤਸ਼ਾਹਿਤ ਕਰਦਾ ਹੈ।

ਪ੍ਰੋ. ਗੁਰਮੁਖ ਸਿੰਘ Sikhism and Spiritual Resilience (੧੯੯੮) ਵਿਚ ਲਿਖਦੇ ਹਨ ਕਿ ਗੁਰੂ ਜੀ ਦਾ ਜੀਵਨ ਦੱਸਦਾ ਹੈ ਕਿ ਅਧਿਆਤਮਿਕਤਾ ਵਿਅਕਤੀਗਤ ਲਾਭ ਤਕ ਸੀਮਿਤ ਨਹੀਂ ਸਗੋਂ ਸਮਾਜ ਦੀ ਰੱਖਿਆ ਲਈ ਕਰੁਣਾ ਅਤੇ ਤਿਆਗ ਦਾ ਮਾਰਗ ਹੈ। ੧੭ਵੀਂ ਸਦੀ ਦਾ ਰਾਜਨੀਤਿਕ ਅਤੇ ਧਾਰਮਿਕ ਮਾਹੌਲ ਅਸਥਿਰ ਸੀ। ਧਾਰਮਿਕ ਦਬਾਅ, ਅਨਿਆਂ ਅਤੇ ਅਸਮਾਨਤਾ ਨੇ ਲੋਕਾਂ ਵਿਚ ਡਰ ਅਤੇ ਨਿਰਾਸ਼ਾ ਪੈਦਾ ਕੀਤੀ। ਗੁਰੂ ਜੀ ਨੇ ਦੱਸਿਆ ਕਿ ਡਰ ਮਨ ਨੂੰ ਕਮਜ਼ੋਰ ਕਰ ਦਿੰਦਾ ਹੈ ਅਤੇ ਵਿਸ਼ਵਾਸ ਮਨੁੱਖ ਨੂੰ ਮਜ਼ਬੂਤ ਬਣਾਉਂਦਾ ਹੈ। ਗੁਰਬਾਣੀ ਮਨ ਨੂੰ ਮਜ਼ਬੂਤ ਕਰਦੀ ਹੈ। ਉਹ ਵਿਅਕਤੀ ਨੂੰ ਅੰਦਰੋਂ ਸਥਿਰ ਕਰਕੇ ਸੰਘਰਸ਼ ਦਾ ਸਾਹਮਣਾ ਕਰਨ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਜੀ ਦਾ ਦਰਸ਼ਨ ਸਮਾਜਿਕ ਨਿਆਂ, ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਲਈ ਅਧਿਆਤਮਿਕ ਆਧਾਰ ਦਿੰਦਾ ਹੈ।

ਸਭ ਜੀਵਾਂ ਦਾ ਇੱਕੋ ਸਿਰਜਣਹਾਰ ਹੈ। ਇਸ ਲਈ ਸਭ ਨੂੰ ਸਮਾਨ ਅਧਿਕਾਰ ਮਿਲਣੇ ਚਾਹੀਦੇ ਹਨ। ਡਾ. ਹਰਭਜਨ ਸਿੰਘHuman Rights and Sikh Thought (੨੦੧੦) ਦਰਸਾਉਂਦੇ ਹਨ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਅਧਿਆਤਮਿਕ ਆਧਾਰ ਮੁਹੱਈਆ ਕਰਦੀਆਂ ਹਨ। ਗੁਰੂ ਸਾਹਿਬਾਨ ਨੇ ਅਧਿਆਤਮਿਕ ਜੀਵਨ ਨੂੰ ਸੱਚ ਅਤੇ ਸੇਵਾ ਨਾਲ ਜੋੜਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੱਚ ਦਾ ਰਾਹ ਚੁਣਿਆ ਜੋ ਮਨੁੱਖ ਨੂੰ ਵਿਅਕਤੀਗਤ ਲਾਭ ਤੋਂ ਉੱਪਰ ਉੱਠ ਕੇ ਸਮਾਜ ਲਈ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਨੇ ਦੱਸਿਆ ਕਿ ਧਰਮ ਲਈ ਜੀਉਣਾ ਹੀ ਅਸਲ ਅਧਿਆਤਮਿਕਤਾ ਹੈ। ਮੌਤ ਦਾ ਡਰ ਛੱਡ ਕੇ ਸੱਚ ਲਈ ਖੜ੍ਹਾ ਹੋਣਾ ਅਧਿਆਤਮਿਕ ਸ਼ਕਤੀ ਦਾ ਪ੍ਰਮਾਣ ਹੈ। ਜੀਵ ਮੌਤ ਤੋਂ ਡਰਦਾ ਹੈ ਤੇ ਮੌਤ ਦੇ ਡਰ ਕਾਰਨ ਸਦਾ ਚਿੰਤਤ ਰਹਿੰਦਾ ਹੈ। ਜੇ ਮਨੁੱਖ ਪਦਾਰਥਕ, ਦ੍ਰਿਸ਼ਮਾਨ ਸੰਸਾਰ ਦੇ ਬਿਨਸਨ ਨੂੰ ਗ੍ਰਹਿਣ ਕਰ ਲਵੇ ਤਾਂ ਸਰੀਰ ਦੇ ਨਾਸ਼ ਹੋਣ ਦੀ ਚਿੰਤਾ ਨਹੀਂ ਰਹਿੰਦੀ। ਸਰੀਰ ਮਿਟਣ

ਯੋਗ ਹੈ। ਇਸ ਦੇ ਮਿਟਣ ਦੀ ਚਿੰਤਾ ਕਰਨਾ ਵਿਅਰਥ ਹੈ:

*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥*
*ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)*

## ੩. ਆਤਮ ਸਮਰਪਣ- ਵਿਅਕਤੀਗਤ ਹਿੱਤ ਤੋਂ ਉੱਪਰ ਉਠਣਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੱਸਦੀ ਹੈ ਕਿ ਆਤਮ ਸਮਰਪਣ ਹੀ ਪ੍ਰਭੂ ਨਾਲ ਜੁੜਨ ਦਾ ਰਾਹ ਹੈ। ਸਮਰਪਣ ਦਾ ਮਤਲਬ ਆਪਣੀ ਸੁਖ-ਸੁਵਿਧਾ ਨੂੰ ਛੱਡ ਦੂਜਿਆਂ ਦੀ ਭਲਾਈ ਲਈ ਖੁਦ ਨੂੰ ਅਰਪਿਤ ਕਰਨਾ ਹੈ। ਇਹ ਦਰਸ਼ਨ ਵਿਅਕਤੀ ਨੂੰ ਨਿਡਰ ਅਤੇ ਸਥਿਰ ਬਣਾਉਂਦਾ ਹੈ। ਡਾ. ਮਨਜੀਤ ਕੌਰ ਲਿਖਦੇ ਹਨ ਕਿ "ਸਮਰਪਣ ਧਿਆਨ ਦੀ ਅਵਸਥਾ ਹੀ ਨਹੀਂ, ਸਗੋਂ ਸਮਾਜ ਦੀ ਰੱਖਿਆ ਲਈ ਆਪਣਾ ਸਭ ਕੁਝ ਅਰਪਣ ਕਰਨਾ ਵੀ ਹੈ।" ਇਹ ਦਰਸ਼ਨ ਅਧਿਆਤਮਿਕਤਾ ਅਤੇ ਸਮਾਜਿਕ ਸੇਵਾ ਵਿਚ ਸੰਤੁਲਨ ਦਾ ਕੇਂਦਰ ਬਣਦਾ ਹੈ। ਆਤਮ ਸਮਰਪਣ ਅੰਦਰੂਨੀ ਡਰ ਨੂੰ ਦੂਰ ਕਰਕੇ ਵਿਅਕਤੀ ਨੂੰ ਨਿਡਰ ਬਣਾਉਂਦਾ ਹੈ:

*ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਇਸ ਅਵਸਥਾ ਵਿਚ ਇਨਸਾਨ ਖੁਸ਼ੀ ਅਤੇ ਗਮੀ ਨੂੰ ਮਹਿਸੂਸ ਨਹੀਂ ਕਰਦਾ। ਉਸ ਲਈ ਵੈਰੀ ਅਤੇ ਮਿੱਤਰ ਸਮਾਨ ਹੋ ਜਾਂਦੇ ਹਨ। ਇਸ ਅਵਸਥਾ ਦੀ ਇਕ ਹੋਰ ਉਦਹਾਰਨ ਭਾਈ ਘਨ੍ਹੱਈਆ ਜੀ ਦੇ ਰੂਪ ਵਿਚ ਵੀ ਸਿੱਖ ਇਤਿਹਾਸ ਵਿਚ ਦੇਖਣ ਨੂੰ ਮਿਲਦੀ ਹੈ। ਇਹ ਉਹ ਸਥਿਤੀ ਹੈ ਜਿੱਥੇ ਆਪਣਾ ਆਪ ਪ੍ਰਭੂ ਨੂੰ ਅਰਪਣ ਕਰਕੇ ਹੀ ਮਨੁੱਖ ਨਿਡਰ ਅਤੇ ਧੀਰਜਵਾਨ ਬਣਦਾ ਹੈ। ਸਮਰਪਣ ਅਧਿਆਤਮਿਕ ਸ਼ਕਤੀ ਦਾ ਸਰੋਤ ਹੈ ਜੋ ਵਿਅਕਤੀ ਨੂੰ ਸੰਘਰਸ਼ਸ਼ੀਲ ਬਣਾਉਦਾ ਹੈ।

## ੪. ਵੈਰਾਗ ਅਤੇ ਧੀਰਜ- ਸੰਘਰਸ਼ ਵਿਚ ਮਨ ਦੀ ਸ਼ਕਤੀ

ਵੈਰਾਗ ਮਨ ਨੂੰ ਸੰਸਾਰੀ ਆਕਰਸ਼ਣਾਂ ਤੋਂ ਦੂਰ ਕਰਦਾ ਹੈ। ਬਾਣੀ ਦੱਸਦੀ ਹੈ ਕਿ ਮੋਹ ਅਤੇ ਮਾਇਆ ਛੱਡ ਕੇ ਹੀ ਮਨ ਸੱਚ ਵੱਲ ਕੇਂਦਰਿਤ ਹੋ ਸਕਦਾ ਹੈ। ਧੀਰਜ ਔਖੇ ਵੇਲੇ ਵਿਚ ਵੀ ਸ਼ਾਂਤੀ ਦੇਣ ਵਾਲੀ ਅਵਸਥਾ ਹੈ। ਵੈਰਾਗ ਮਨੁੱਖ ਨੂੰ ਭਟਕਾਵਾਂ ਤੋਂ ਦੂਰ ਕਰਕੇ ਧਿਆਨ ਰਾਹੀਂ ਅੰਦਰੂਨੀ ਸੰਤੁਲਨ ਦਿੰਦਾ ਹੈ। ਇਹ ਦਰਸਾਉਂਦਾ ਹੈ ਕਿ ਅਧਿਆਤਮਿਕਤਾ ਵਿਅਕਤੀ ਨੂੰ ਔਖੀਆਂ ਪ੍ਰਸਥਿਤੀਆਂ ਵਿਚ ਮਜ਼ਬੂਤ ਰੱਖਣ ਵਾਲੀ ਸ਼ਕਤੀ ਹੈ। ਵੈਰਾਗ ਮਨ ਨੂੰ ਸੰਸਾਰੀ ਆਕਰਸ਼ਣਾਂ ਤੋਂ ਦੂਰ ਕਰਦਾ ਹੈ ਅਤੇ ਧੀਰਜ ਔਖੇ ਵੇਲੇ ਮਨ ਨੂੰ ਸ਼ਾਂਤੀ ਦਿੰਦਾ ਹੈ:

*ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ॥*
*ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੦)*

ਭਾਵ ਵੈਰਾਗ ਦੀ ਸਥਿਤੀ ਵਿਚ ਪਹੁੰਚ ਮਨੁੱਖ ਪੂਰਨ ਰੂਪ ਵਿਚ ਪਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ। ਇਸ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਤੁਸੀਂ ਉਸ ਮਨੁੱਖ ਨੂੰ ਪਰਮਾਤਮਾ ਨਾਲ ਡੂੰਘੀ ਸਾਂਝ ਰੱਖਣ ਵਾਲਾ ਸਮਝੋ ਜਿਸ ਨੂੰ ਦੁੱਖ-ਸੁੱਖ ਆਪਣੇ ਪ੍ਰਭਾਵ ਵਿਚ ਨਹੀਂ ਬੰਨ੍ਹ ਸਕਦਾ। ਉਸ ਵਿਅਕਤੀ ਨੂੰ ਹੀ ਦੁੱਖ-ਸੁੱਖ ਤੋਂ ਖਲਾਸੀ ਵਾਲਾ ਸਮਝੋ ਜਿਸ ਨੇ ਇਸ ਪ੍ਰਕਾਰ ਦੀ ਜੀਵਨ ਜੁਗਤ ਅਪਣਾਈ ਹੈ। ਮੋਹ ਅਤੇ ਮਾਇਆ ਛੱਡ ਕੇ ਸੱਚ ਦਾ ਧਿਆਨ ਕਰਨਾ ਹੀ ਅਧਿਆਤਮਿਕ ਉੱਥਾਨ ਦਾ ਰਾਹ ਹੈ। ਪ੍ਰੋ. ਗੁਰਮੁਖ ਸਿੰਘ ਦਰਸਾਉਂਦੇ ਹਨ ਕਿ ਵੈਰਾਗ ਸੰਘਰਸ਼ ਵਿਚ ਮਨ ਨੂੰ ਟਿਕਿਆ ਰੱਖਣ ਦੀ ਸ਼ਕਤੀ ਦਿੰਦਾ ਹੈ।

### ੫. ਧਿਆਨ ਅਤੇ ਸੇਵਾ- ਜੀਵਨ ਦਾ ਰਾਹ

ਗੁਰੂ ਜੀ ਨੇ ਦੱਸਿਆ ਕਿ ਧਿਆਨ ਮਨ ਨੂੰ ਸ਼ੁੱਧ ਕਰਦਾ ਹੈ। ਜਦ ਕਿ ਸੇਵਾ ਸਮਾਜ ਨੂੰ ਮਜ਼ਬੂਤ ਕਰਦੀ ਹੈ। ਦੋਹਾਂ ਦਾ ਸੰਤੁਲਨ ਜੀਵਨ ਦੀ ਪੂਰਨਤਾ ਹੈ। ਗੁਰਬਾਣੀ ਅਨੁਸਾਰ ਸੇਵਾ ਕਰਦੇ ਹੋਏ ਮਨ ਵਿਚ ਸੱਚ ਦਾ ਚਿੰਤਨ ਹੋਣਾ ਚਾਹੀਦਾ ਹੈ। ਇਹ ਦਰਸ਼ਨ ਵਿਅਕਤੀਗਤ ਅਤੇ ਸਮਾਜਿਕ ਜੀਵਨ ਵਿਚ ਸੰਤੁਲਨ ਬਣਾਉਣ ਦੀ ਰੀਤ ਦੱਸਦਾ ਹੈ। ਧਿਆਨ ਅਤੇ ਸੇਵਾ ਦਾ ਮਿਲਾਪ ਹੀ ਗੁਰੂ ਜੀ ਦੇ ਦਰਸ਼ਨ ਦਾ ਮੂਲ ਹੈ। ਇਹ ਦੱਸਦਾ ਹੈ ਕਿ ਅਧਿਆਤਮਿਕ ਅਭਿਆਸ ਨਿਸ਼ਕ੍ਰਿਆ ਜਾਂ ਨਿਰਜੀਵ ਨਹੀਂ, ਸਗੋਂ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਅੰਦਰੂਨੀ ਸ਼ਕਤੀ ਦਿੰਦਾ ਹੈ। ਧਿਆਨ ਮਨ ਨੂੰ ਸ਼ੁੱਧ ਕਰਦਾ ਹੈ ਅਤੇ ਸੇਵਾ ਸਮਾਜ ਦੀ ਰੱਖਿਆ ਕਰਦੀ ਹੈ। ਦੋਹਾਂ ਦਾ ਸੰਤੁਲਨ ਹੀ ਪੂਰਨ ਅਧਿਆਤਮਿਕ ਜੀਵਨ ਹੈ:

*ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ॥*
*ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੨)*

ਭਾਵ ਜਿਸ ਮਨੁੱਖ ਨੇ ਪਰਮਾਤਮਾ ਦੀ ਸਿਫਤ ਸਲਾਹ ਦਾ ਗੀਤ ਗਾਉਣਾ ਅਰੰਭ ਕਰ ਦਿੱਤਾ ਹੈ ਉਸ ਨੂੰ ਇਸ ਤਰ੍ਹਾਂ ਮੰਨੋ ਕਿ ਉਸ ਨੇ ਸਾਰੇ ਹੀ ਧਾਰਮਿਕ ਕੰਮ ਕਰ ਲਏ ਹਨ। ਪਰਮਾਤਮਾ ਸੰਸਾਰ ਦਾ ਇਕ ਮਾਤਰ ਸੱਚ ਹੈ। ਮਨੁੱਖ ਨੂੰ ਇਸੇ ਹੀ ਸੱਚ ਦਾ ਚਿੰਤਨ ਕਰਨਾ ਚਾਹੀਂਦਾ ਹੈ ਸੱਚ ਦਾ ਚਿੰਤਨ ਕਰਦੇ ਹੋਏ ਸੇਵਾ ਕਰਨਾ ਹੀ ਆਧਿਆਤਮਿਕਤਾ ਦਾ ਆਧਾਰ ਹੈ।

### ੬. ਮਨੁੱਖ ਧਰਮ ਅਤੇ ਸਰਵਭੌਮ ਮੁੱਲ- ਧਾਰਮਿਕ ਵੰਡ ਨੂੰ ਖ਼ਤਮ ਕਰਨ ਦਾ ਰਾਹ

*ਸਭਨਾ ਜੀਆ ਕਾ ਇਕੁ ਦਾਤਾ* ਬਾਣੀ ਦੀਆਂ ਤੁਕਾਂ ਅਨੁਸਾਰ ਪ੍ਰਭੂ ਸਭ ਵਿਚ ਇਕੋ ਜਿਹਾ ਵੱਸਦਾ ਹੈ। ਇਸ ਲਈ ਹਰ ਵਿਅਕਤੀ ਨੂੰ ਆਪਣੀ ਆਸਥਾ ਦੀ ਅਜ਼ਾਦੀ ਹੋਣੀ ਚਾਹੀਦੀ ਹੈ। ਇਹ ਦਰਸ਼ਨ ਧਾਰਮਿਕ ਵੰਡ, ਨਫ਼ਰਤ ਅਤੇ

ਅਸਹਿਣਸ਼ੀਲਤਾ ਦਾ ਹੱਲ ਦਿੰਦਾ ਹੈ। ਮਨੁੱਖਤਾ ਦੇ ਸਰਵਭੌਮ ਮੁੱਲ ਹੀ ਧਰਮ ਦੀ ਰੱਖਿਆ ਦਾ ਆਧਾਰ ਹਨ। ਇਹ ਦਰਸ਼ਨ ਅੰਤਰ-ਧਾਰਮਿਕ ਸੰਵਾਦ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਸੰਗਿਕ ਹੈ।

**ਸਾਰ**

ਇਹ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦਰਸ਼ਨ ਅਧਿਆਤਮਿਕਤਾ ਅਤੇ ਸੰਸਾਰੀ ਸੰਘਰਸ਼ ਵਿਚ ਸੰਤੁਲਨ ਬਣਾਉਣ ਦਾ ਇੱਕ ਸੰਪੂਰਨ ਮਾਰਗ ਹੈ। ਉਨ੍ਹਾਂ ਦੀ ਬਾਣੀ ਮਨ ਨੂੰ ਧੀਰਜ ਦਿੰਦੀ ਹੈ, ਸਮਾਜਿਕ ਸੇਵਾ ਦਾ ਰਾਹ ਦਿਖਾਉਂਦੀ ਹੈ ਅਤੇ ਵਿਅਕਤੀ ਨੂੰ ਡਰ ਅਤੇ ਅਨਿਆਂ ਦਾ ਸਾਹਮਣਾ ਕਰਨ ਲਈ ਮਜ਼ਬੂਤ ਕਰਦੀ ਹੈ। ਡਾ. ਹਰਭਜਨ ਸਿੰਘ, ਪ੍ਰੋ. ਗੁਰਮੁਖ ਸਿੰਘ ਅਤੇ ਡਾ. ਮਨਜੀਤ ਕੌਰ ਵਰਗੇ ਵਿਦਵਾਨਾਂ ਨੇ ਆਪਣੇ ਅਧਿਐਨ ਵਿਚ ਦਰਸਾਇਆ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਵਿਸ਼ਵ ਪੱਧਰ 'ਤੇ ਪ੍ਰਸੰਗਿਕ ਹਨ। ਅਧਿਆਤਮਿਕਤਾ ਮਨ ਦੀ ਸ਼ੁੱਧਤਾ, ਧੀਰਜ ਅਤੇ ਆਤਮ ਸਮਰਪਣ ਰਾਹੀਂ ਸਮਾਜ ਦੀ ਰੱਖਿਆ ਕਰ ਸਕਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦਰਸ਼ਨ ਅਧਿਆਤਮਿਕਤਾ ਅਤੇ ਸੰਸਾਰੀ ਸੰਘਰਸ਼ ਵਿਚ ਸੰਤੁਲਨ ਦਾ ਇਕ ਸਮੱਗਰੀਕ ਮਾਰਗ ਦਰਸਾਉਂਦਾ ਹੈ। ਉਨ੍ਹਾਂ ਦੀ ਬਾਣੀ ਮਨ ਦੀ ਸ਼ੁੱਧਤਾ, ਨਾਮ ਸਿਮਰਨ, ਧੀਰਜ, ਸਮਰਪਣ, ਵੈਰਾਗ ਅਤੇ ਕਰੁਣਾ ਰਾਹੀਂ ਵਿਅਕਤੀ ਨੂੰ ਸੰਘਰਸ਼ ਦੌਰਾਨ ਅੰਦਰੂਨੀ ਸ਼ਕਤੀ ਦਿੰਦੀ ਹੈ। ਇਤਿਹਾਸਿਕ ਘਟਨਾਵਾਂ ਅਤੇ ਵਿਦਵਾਨਾਂ ਦੇ ਅਧਿਐਨ ਇਸ ਦਰਸ਼ਨ ਨੂੰ ਹੋਰ ਪ੍ਰਮਾਣਿਕ ਬਣਾਉਂਦੇ ਹਨ। ਅੱਜ ਦੇ ਸਮਾਜ ਵਿਚ ਧਾਰਮਿਕ ਵੰਡ, ਤਣਾਅ, ਚਿੰਤਾ ਅਤੇ ਅਨਿਆਂ ਦਾ ਸਾਹਮਣਾ ਕਰਨ ਲਈ ਗੁਰੂ ਜੀ ਦੀਆਂ ਸਿੱਖਿਆਵਾਂ ਅਤਿਅੰਤ ਪ੍ਰਸੰਗਿਕ ਹਨ।

**ਹਵਾਲੇ :**

**੧.** *ਤਵਾਰੀਖ ਗੁਰੂ ਖਾਲਸਾ,* ਗਿਆਨੀ ਗਿਆਨ ਸਿੰਘ, ਭਾਸ਼ਾ ਵਿਭਾਗ, ੧੯੭੦, ਪੰਨਾ ਨੰਬਰ. ੬੪੦

**੨.** *ਲਸਾਨੀ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ,* ਸੋਹਣ ਸਿੰਘ ਸੀਤਲ, ਲਾਹੌਰ ਬੁਕ ਸ਼ਾਪ, ਲੁਧਿਆਣਾ, ਅਕਤੂਬਰ ੧੯੭੫, ਪੰਨਾ ੧੮

**੩.** *ਸ੍ਰੀ ਗੁਰੂ ਗ੍ਰੰਥ ਸਾਹਿਬ,* ੬੨, ੧੨੪੫, ੭੨੧, ੭੨੬, ੧੩੭੫

**੪.** ਡਾ. ਹਰਭਜਨ ਸਿੰਘ, *The Philosophy of Guru TeghBahadur,* ਪੰਜਾਬੀ ਯੂਨੀਵਰਸਿਟੀ, ੧੯੬੫

**੫.** Prof. Gurmukh singh, *Sikhism and Spiritual Resilience,* Amritsar, ੧੯੯੮

**੬.** ibid, *Interfaith Dialogues in Sikh Thought,* Chandigarh, ੨੦੦੫

**੭.** Dr. Manjit kaur, *Spiritual Ethics in Sikhism,* Delhi, ੨੦੦੨

**੮.** Ibid, *Mental Health and Sikh Spiritual Practices,* Ludhiana, ੨੦੧੦

**੯.** Dr. Harbhajan singh, *Human Rights and Sikh Thought,* Amritsar, ੨੦੧੦

**੧੦.** ਗੁਰੂ ਗ੍ਰੰਥ ਸਾਹਿਬ, ਸੰਪਾਦਨ: *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮਾਣਿਕ ਸੰਸਕਰਣ,* ਦਮਦਮਾ ਸਾਹਿਬ, ੨੦੦੩

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਸਕਾਰ ਦੀ ਵਾਰਤਾ

*-ਡਾ. ਅਮਨ ਸਿੰਘ ਕਤਲੌਰ**

ਸੰਸਾਰ ਦੇ ਇਤਿਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਬਿਲਕੁਲ ਵਿਲੱਖਣ ਹੈ, ਕਿਉਂਕਿ ਗੁਰੂ ਜੀ ਨੇ ਉਸ ਧਰਮ ਨੂੰ ਬਚਾਉਣ ਲਈ ਸ਼ਹੀਦੀ ਦਿੱਤੀ, ਜਿਸ ਧਰਮ ਦੇ ਸਿਧਾਂਤਾਂ ਵਿਚ ਉਨ੍ਹਾਂ ਦਾ ਬਿਲਕੁਲ ਵੀ ਵਿਸ਼ਵਾਸ ਨਹੀਂ ਸੀ। ਇਹ ਉਹ ਧਰਮ ਸੀ, ਜਿਸ ਦੇ ਧਾਰਮਿਕ ਚਿੰਨ੍ਹ ਪਹਿਨਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਦ੍ਰਿੜ੍ਹਤਾ ਤੇ ਤਰਕ ਸਹਿਤ ਮਨ੍ਹਾ ਕਰ ਦਿੱਤਾ ਸੀ। ਜਦੋਂ ਕਸ਼ਮੀਰੀ ਬ੍ਰਾਹਮਣਾਂ ਦੇ ਉਹੀ ਧਾਰਮਿਕ ਚਿੰਨ੍ਹ ਔਰੰਗਜ਼ੇਬ ਨੇ ਜ਼ਬਰੀ ਉਤਾਰਨੇ ਅਰੰਭ ਕੀਤੇ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਨ੍ਹਾਂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇ ਦਿੱਤੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਰਾਖੀ ਲਈ ਆਪ ਚੱਲ ਕੇ ਦਿੱਲੀ ਦਰਬਾਰ ਪਹੁੰਚੇ। ਉੱਥੇ ਗੁਰੂ ਜੀ ਨੂੰ ਕਰਾਮਾਤ ਦਿਖਾਉਣ, ਇਸਲਾਮ ਕਬੂਲ ਕਰਨ ਜਾਂ ਮੌਤ ਕਬੂਲ ਕਰਨ ਵਿੱਚੋਂ ਕੋਈ ਇਕ ਚੁਣਨ ਲਈ ਆਖਿਆ ਗਿਆ। ਗੁਰੂ ਜੀ ਨੇ ਪਹਿਲੇ ਦੋਵੇ ਕੰਮ ਪ੍ਰਵਾਨ ਨਾ ਕੀਤੇ, ਤੀਜੇ ਭਾਵ ਮੌਤ ਨੂੰ ਕਬੂਲ ਕੀਤਾ। ਗੁਰੂ ਜੀ ਨੂੰ ਇਸਲਾਮ ਕਬੂਲ ਨਾ ਕਰਨ ਅਤੇ ਕਰਾਮਾਤ ਨਾ ਦਿਖਾਉਣ ਕਰਕੇ ਚਾਂਦਨੀ ਚੌਕ ਵਿਖੇ ਸੀਸ ਧੜ ਤੋਂ ਅਲੱਗ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਉਪਰੰਤ ਗੁਰੂ ਜੀ ਦੇ ਧੜ ਅਤੇ ਸੀਸ ਦਾ ਸਸਕਾਰ ਦੋ ਵੱਖ-ਵੱਖ ਥਾਵਾਂ ਉੱਤੇ ਕੀਤਾ ਗਿਆ। ਗੁਰੂ ਜੀ ਦੇ ਧੜ ਦਾ ਸਸਕਾਰ ਗੁਰੂ-ਘਰ ਦੇ ਸ਼ਰਧਾਲੂ ਭਾਈ ਲੱਖੀ ਸ਼ਾਹ ਜੀ ਵਣਜਾਰਾ ਨੇ ਸਤਿਕਾਰ ਸਹਿਤ ਆਪਣੇ ਘਰ ਲਿਜਾ ਕੇ, ਪੂਰੇ ਘਰ ਨੂੰ ਹੀ ਅੱਗ ਲਗਾ ਕੇ ਕੀਤਾ। ਗੁਰੂ ਜੀ ਦੇ ਸੀਸ ਦਾ ਸਸਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤਾ ਗਿਆ। ਇਸ ਲੇਖ ਵਿਚ ਗੁਰੂ ਜੀ ਦੇ ਧੜ ਅਤੇ ਸੀਸ ਦੇ ਸਸਕਾਰ ਦੀ ਵਾਰਤਾ ਇਤਿਹਾਸਿਕ ਸਰੋਤਾਂ ਦੇ ਆਧਾਰ 'ਤੇ ਵਰਣਨ ਕੀਤੀ ਗਈ ਹੈ;

**ਗੁਰੂ ਜੀ ਦੇ ਧੜ ਦਾ ਸਸਕਾਰ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਦਿੱਲੀ ਵਿਚ ਵਸਦੇ ਭਾਈ ਜੈਤਾ, ਭਾਈ ਨੰਨੂਆ, ਭਾਈ ਊਦਾ ਅਤੇ ਭਾਈ ਆਗਿਆ ਆਦਿਕ ਸਿੱਖਾਂ ਨੇ ਗੁਰੂ ਜੀ ਦੇ ਸਰੀਰ ਨੂੰ ਚਾਂਦਨੀ ਚੌਂਕ ਵਿੱਚੋਂ ਚੁੱਕਣ ਅਤੇ ਉਪਰੰਤ ਸਸਕਾਰ

** ਮੁਖੀ, ਯੂਨੀ. ਸਕੂਲ ਆਫ਼ ਸ੍ਰੀ ਗੁਰੂ ਗੋਬਿੰਦ ਸਿੰਘ ਅਧਿਐਨ ਅਤੇ ਖੋਜ, ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਪੰਜਾਬ, ਰੈਲ ਮਾਜਰਾ (ਸ਼ਹੀਦ ਭਗਤ ਸਿੰਘ ਨਗਰ)-੧੪੪੫੩੩; ਮੋ. ੮੧੪੬੩੮੭੩੮੮*

ਕਰਨ ਲਈ ਸਲਾਹ ਬਣਾਈ। ਉਨ੍ਹਾਂ ਨੇ ਇਸ ਕਾਰਜ ਲਈ ਅਮੀਰ ਵਪਾਰੀ ਸਿੱਖ ਭਾਈ ਲੱਖੀ ਸ਼ਾਹ ਦੀ ਸਹਾਇਤਾ ਲੈਣ ਲਈ ਵੀ ਵਿਚਾਰ ਕੀਤੀ। ਇਸਦਾ ਜ਼ਿਕਰ 'ਗੁਰੂ ਕੀਆਂ ਸਾਖੀਆਂ' ਵਿਚ ਇੰਵ ਕੀਤਾ ਗਿਆ ਹੈ–

"ਇਹ ਦਿਹਲੀ ਮੇਂ ਹੂਆ ਸਾਕਾ ਭਾਈ ਜੈਤਾ, ਗੁਰਬਖਸ਼ ਆਦਿ ਸਿੱਖਾਂ ਅਪਨੀ ਆਂਖੋਂ ਸੇ ਦੇਖਾ, ਇਹ 'ਧੰਨ ਗੁਰੂ ਜੀ, ਧੰਨ ਗੁਰੂ ਜੀ' ਅਲਾਪਦੇ ਘਰਾਂ ਕੋ ਆਏ । ਸਤਿਗੁਰੂ ਜੀ ਤੇ ਤੀਨ ਸਿੱਖੋਂ ਕੀ ਸ਼ਹਾਦਤ ਨੇ ਦਿਲਵਾਲੀ ਸਿੱਖਾਂ ਕੇ ਮਨਾਂ ਤੋਂ ਗਹਿਰਾ ਅਸਰ ਕੀਆ। ਰਾਤ ਕੇ ਸਮੇਂ ਦਿਲਵਾਲੀ ਸਿੱਖਾਂ ਏਕ ਦੂਜੇ ਕੋ ਬੁਲਾਇ ਭਾਈ ਨਾਨੂ ਰਾਇ ਛੀਪੇ ਸਿੱਖ ਕੇ ਘਰ ਇਕੱਠੇ ਹੂਏ । ਬੀਚਾਰ ਕਰਨੇਂ ਲਾਗੇ, ਹਮੈ ਕਿਆ ਕਰਨਾ ਚਾਹੀਏ– –ਭਾਈ ਤੁਲਸੀ ਨੇ ਕਹਾ–ਮਹਾਰਾਜ ਜੀ ਕੀ ਲਾਸ਼ ਤੇ ਸੀਸ ਚਾਂਦਨੀ ਚਉਂਕ ਮੇਂ ਪੜੇ ਹੈਂ ਕੈਸੇ ਉਨੈ ਉਠਾਇਆ ਜਾਏ। ਨਾਨੂੰ ਰਾਇ ਛੀਪੇ ਨੇ ਕਹਾ, ਨਾਇਕ ਲੱਖੀਦਾਸ ਸੇ ਪੁਛੀਏ। ਉਸਕਾ ਟਾਂਡਾ ਆਜ ਹੀ ਨਾਰਨੌਲ ਸੇ ਆਇਆ ਹੈ। ਭਾਈ ਆਗਿਆ ਆਦਿ ਸਾਰੇ ਸਿੱਖ ਦਿਲਵਾਲੀ ਮਹੱਲੇ ਸੇ ਚੱਲ ਕੇ ਆਗੇ ਪੀਛੇ ਜਮਨਾਂ ਕੇ ਕਿਨਾਰੇ ਲੱਖੀ ਸ਼ਾਹ ਕੇ ਡੇਰੇ ਮੇਂ ਆਇ ਗਏ। ਇਨ੍ਹੈ ਜਾਇ ਗੁਰੂ ਜੀ ਤੇ ਤੀਨ ਸਿੱਖੋਂ ਕੀ ਸ਼ਹਾਦਤ ਕਾ ਸਾਰਾ ਬਿਰਤਾਂਤ ਲੱਖੀ ਦਾਸ ਸੇ ਸੁਨਾਇਆ। ਇਸੇ ਕਹਾ, ਹਮੈ ਗੁਰੂ ਜੀ ਕੀ ਸ਼ਹਾਦਤ ਕਾ ਕਾਈ ਪਤਾ ਨਹੀਂ, ਮੈਂ ਆਜ ਹੀ ਨਾਰਨੌਲ ਸੇ ਕਲੀ ਚੂਨਾ ਲੈ ਕੇ ਆਇ ਰਹਾ ਹੂੰ। ਭਾਈ ਲੱਖੀ ਦਾਸ ਗੁਰੂ ਜੀ ਕਾ ਅਨਿੰਨ ਸਿੱਖ ਥਾ, ਇਸ ਹਾਥ ਬਾਂਧ ਕੇ ਕਹਾ– ਆਪ ਜੈਸੇ ਕਹੈਂ ਮੈਂ ਸੇਵਾ ਕਰਨੇ ਕੇ ਲੀਏ ਤਿਆਰ ਹਾਂ। ਇਸੀ ਤਰਹ ਬਾਤੇਂ ਕਰਤੇ ਆਧੀ ਰਾਤ ਹੋਇ ਆਈ। ਲੱਖੀ ਦਾਸ ਕਾ ਟਾਂਡਾ ਕਿਲੋ ਸੇ ਕੋਤਵਾਲੀ ਕੀ ਤਰਫ ਆਇਆ।"[੧]

ਭਾਈ ਲੱਖੀ ਸ਼ਾਹ ਇਸ ਉਪਰੰਤ ਆਪਣੇ ਪੁੱਤਰ ਦੀ ਸਹਾਇਤਾ ਨਾਲ ਗੁਰੂ ਜੀ ਦਾ ਧੜ ਚੁੱਕ ਕੇ ਆਪਣੇ ਟਾਂਡੇ ਵਿਚਲੇ ਬਲਦ ਵਾਲੇ ਗੱਡੇ ਉਤੇ ਸਤਿਕਾਰ ਸਹਿਤ ਰੱਖ ਲਿਆਇਆ ਅਤੇ ਆਪਣੇ ਘਰ ਲਿਜਾ ਕੇ ਟਿਕਾ ਦਿੱਤਾ। ਉਸ ਨੇ ਗੁਰੂ ਜੀ ਦਾ ਸਸਕਾਰ ਕਰਨ ਲਈ ਆਪਣੇ ਪੂਰੇ ਘਰ ਨੂੰ ਹੀ ਅੱਗ ਲਗਾ ਦਿੱਤੀ ਤਾਂ ਜੋ ਮੁਗ਼ਲ ਸੈਨਿਕਾਂ ਨੂੰ ਗੁਰੂ ਜੀ ਦਾ ਧੜ ਅਤੇ ਸੀਸ ਚੁੱਕ ਕੇ ਲਿਜਾਏ ਜਾਣ ਸੰਬੰਧੀ ਪਤਾ ਨਾ ਚੱਲ ਜਾਵੇ। ਇਸ ਦਾ ਵਰਣਨ ਗੁਰੂ ਕੀਆਂ ਸਾਖੀਆਂ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ–

"ਪੀਛੇ ਸੇ ਭਾਈ ਲੱਖੀ ਦਾਸ ਅਪਨੇ ਬੇਟੇ ਨਗਾਹੀਆ ਆਦਿ ਕੀ ਸਹਾਇਤਾ ਸੋ ਗੁਰੂ ਜੀ ਕੀ ਦੇਹ ਏਕ ਬੇਲ (ਬੈਲ ਗੱਡੀ) ਕੇ ਉਪਰ ਰਾਖ ਕੋ ਚਲਦਾ ਬਨਾਂ। ਟਾਂਡਾ ਪੀਛੇ ਸੇ ਧੀਰੇ ਧੀਰੇ ਚਲਾ ਆਇਆ, ਭਾਈ ਲਖੀਏ

ਸਿੱਖ ਨੇ ਰਸੀਨੇ ਨਗਰ ਪਹੁੰਚ ਗੁਰੂ ਜੀ ਕੇ ਧੜ ਕੇ ਗ੍ਰਿਹਿ ਮੇਂ ਰਾਖ ਸਮਸਤ ਘਰ ਕੋ ਆਗ ਲਗਾਇ ਦਈ।"[੨]

ਭਾਈ ਲੱਖੀ ਸ਼ਾਹ ਆਦਿ ਸਿੱਖਾਂ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਕਰਨ ਉਪਰੰਤ ਚੌਥੇ ਦਿਨ ਅਸਥੀਆਂ ਚੁਣੀਆਂ ਅਤੇ ਅਨੰਦਪੁਰ ਸਾਹਿਬ ਵੱਲ ਜਾਣ ਦੀ ਤਿਆਰੀ ਕੀਤੀ। ਇਸ ਦਾ ਵੇਰਵਾ 'ਗੁਰੂ ਕੀਆਂ ਸਾਖੀਆਂ' ਵਿਚ ਇੰਵ ਦਰਜ ਹੈ-

"ਭਾਈ ਲੱਖੀ ਦਾਸ ਦਿਹਲੀ ਸੰਗਤ ਕੇ ਗੈਲ ਗੁਰੂ ਜੀ ਕੀਆਂ ਅਸਤੀਆਂ ਲੈ ਕੇ ਮਾਰਗ ਦਾ ਪੰਧ ਮੁਕਾਇ ਚੱਕ ਨਾਨਕੀ ਮੇਂ ਆਇ ਗਿਆ। ਇਸੇ ਦੇਖ ਬਾਲਾ ਗੁਰੂ ਜੀ ਖਲੇ ਹੋਇ ਦਿਹਲੀ ਸੇ ਆਈਆਂ ਗੁਰੂ ਜੀ ਕੀਆਂ ਅਸਤੀਆਂ ਕਾ ਸਤਿਕਾਰ ਕੀਆ। ਭਾਈ ਲੱਖੀਦਾਸ ਕੋ ਕਲਾਵੇ ਮੈਂ ਲੈ ਕੇ ਤੀਨ ਵਾਰ 'ਧੰਨ ਸਿੱਖੀ' ਕਹਿ ਕੇ ਸਤਿਕਾਰਿਆ। ਇਸ ਹਾਥ ਬਾਂਧ ਬੇਨਤੀ ਕੀ ਮਹਾਰਾਜ! ਅਸੀਂ ਸਤਿਗੁਰਾਂ ਕੀ ਦੇਹ ਕੋ ਗ੍ਰਿਹਿ ਮੇਂ ਲੈ ਜਾਇ ਕੇ ਸਮੱਸਤ ਘਰ ਕੋ ਅਗਨੀ ਮੇਂ ਜਲਾਇ ਦੀਆ ਥਾ।...ਸਤਿਗੁਰਾਂ ਇਸ ਥੀਂ ਦਿਹਲੀ ਕਾ ਸਾਰਾ ਬਿਰਤਾਂਤ ਸੁਨ ਕੇ- ਇਨ੍ਹਾਂ ਦਾਏ ਬਾਜੂ ਸੇ ਪਕੜ ਆਪਨੀ ਗੈਲ ਸਿੰਘਾਸਨ ਤੇ ਬਹਾਇ ਲੀਆ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਨੇ ਬੜਾ ਵੈਰਾਗ ਕੀਆ। ਸਤਿਗੁਰਾਂ ਸਭ ਕੋ ਧੀਰਜ ਦਈ।"[੩]

ਗੁਰੂ ਜੀ ਨੇ ਉਸ ਸਮੇਂ ਆਪਣੇ ਮੁੱਖ ਤੋਂ ਇਹ ਬਚਨ ਉਚਾਰਨ ਕੀਤਾ:

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥*

*(ਬਚਿਤ੍ਰ ਨਾਟਕ)*

## ਗੁਰੂ ਜੀ ਦੇ ਸੀਸ ਦਾ ਸਸਕਾਰ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਜੀ ਦਾ ਪਵਿੱਤਰ ਸੀਸ ਲੈ ਕੇ ਭਾਈ ਜੈਤਾ ਜੀ ਅਤੇ ਉਨ੍ਹਾਂ ਦੇ ਸਾਥੀ ਸਿੱਖ ਅਨੰਦਪੁਰ ਸਾਹਿਬ ਵੱਲ ਚੱਲ ਪਏ ਅਤੇ ਉੱਥੇ ਪੁੱਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੀਸ ਸੌਂਪ ਦਿੱਤਾ। ਗੁਰਸਿੱਖਾਂ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਚੁੱਕਣਾ ਅਤੇ ਫਿਰ ਅਨੰਦਪੁਰ ਸਾਹਿਬ ਲੈ ਕੇ ਜਾਣਾ ਬਹੁਤ ਹੀ ਜੋਖਮ ਭਰਿਆ ਕਾਰਜ ਸੀ। ਭਾਈ ਜੈਤਾ ਜੀ ਆਦਿ ਸਿੱਖਾਂ ਨੇ ਗੁਰੂ ਸਾਹਿਬ ਅੱਗੇ ਅਰਦਾਸ ਕਰਨ ਉਪਰੰਤ ਬਹੁਤ ਸਿਦਕ ਅਤੇ ਦ੍ਰਿੜ੍ਹਤਾ ਨਾਲ ਇਹ ਸੇਵਾ ਨਿਭਾਈ।

ਇਨ੍ਹਾਂ ਸਿੱਖਾਂ ਦੁਆਰਾ ਚਾਂਦਨੀ ਚੌਂਕ ਵਿੱਚੋਂ ਗੁਰੂ ਜੀ ਦਾ ਸੀਸ ਚੁੱਕਣ ਅਤੇ ਸ੍ਰੀ ਅਨੰਦਪੁਰ ਸਾਹਿਬ ਵੱਲ ਲੈ ਕੇ ਜਾਣ ਸੰਬੰਧੀ ਜਿਕਰ 'ਗੁਰੂ ਕੀਆਂ ਸਾਖੀਆਂ' ਵਿਚ ਇਸ ਤਰ੍ਹਾਂ ਕੀਤਾ ਹੋਇਆ ਹੈ-

"ਭਾਈ ਨਾਨੂੰ ਰਾਇ, ਆਗਿਆ, ਜੈਤਾ ਤੇ ਭਾਈ ਊਦਾ ਇਹ ਚਾਰੇ

ਸਿੱਖ ਟਾਂਡੇ ਬੀਚ ਚਾਂਦਨੀ ਚਉਂਕ ਪਹੁੰਚ, ਗੁਰੂ ਜੀ ਕੇ ਸੀਸ ਕੋ ਉਠਾਇ ਲਾਏ। ਇਨ ਚਾਰੋਂ ਸਿੱਖਾਂ ਮਿਲ ਕੇ ਦਿਲਵਾਲੀ ਮਹੱਲੇ ਭਾਈ ਜੈਤੇ ਕੇ ਗ੍ਰਿਹਿ ਮੇਂ ਜਾਇ ਟਿਕਾਇਆ। ...ਭਾਈ ਜੈਤਾ ਗੁਰੂ ਜੀ ਕਾ ਸੀਸ ਏਕ ਰੁਮਾਲ ਮੇਂ ਵਲ੍ਹੇਟ ਖਾਰੀ ਮੇਂ ਪਾਇ ਮਾਖੋਵਾਲ ਕੀ ਤਰਫ ਚਲਦਾ ਬਣਾ। ਭਾਈ ਆਗਿਆ, ਨਾਨੂੰ ਤੇ ਊਦਾ ਰਾਠੌਰ ਯਿਹ ਤੀਨੋ ਸਿੱਖ ਰਾਸਤੇ ਮੇਂ ਭਾਈ ਜੈਤੇ ਕੋ ਜਾਇ ਮਿਲੇ। ਇਹਨਾਂ ਚਹੁੰਆਂ ਸਿੱਖਾਂ ਰੈਨ ਦਿਵਸ ਏਕ ਕਰ ਕੇ ਰਾਸਤੇ ਕਾ ਪੰਧ ਮੁਕਾਇ ਚੱਕ ਨਾਨਕੀ ਮੇਂ ਗੁਰੂ ਜੀ ਕੇ ਦਰਬਾਰ ਮੇਂ ਜਾਇ ਨਾਂਵੇਂ ਸਤਿਗੁਰਾਂ ਕਾ ਸੀਸ ਜਾਇ ਟਿਕਾਇਆ। ਸ੍ਰੀ ਦਸਮੇਸ਼ ਜੀ ਨੇ ਇਨਾਂ ਚਹੁੰਆਂ ਸਿੱਖਾਂ ਕਾ ਬੜਾ ਸਤਿਕਾਰ ਕੀਆ। ਭਾਈ ਜੈਤੇ ਕੋ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਕੇ ਨਿਵਾਜਿਆ।"[੪]

ਭਾਈ ਜੈਤਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਕੀਰਤਪੁਰ ਸਾਹਿਬ ਵਿਖੇ ਪਹੁੰਚਣ ਤੋਂ ਪਹਿਲਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਵਿਖੇ ਸੁਨੇਹਾ ਭੇਜ ਦਿੱਤਾ ਗਿਆ ਸੀ। ਜਦੋਂ ਇਹ ਖ਼ਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀ ਤਾਂ ਉਨ੍ਹਾਂ ਨੇ ਮਾਤਾ ਗੁਜਰੀ ਜੀ ਅਤੇ ਦਾਦੀ ਮਾਤਾ ਨਾਨਕੀ ਜੀ ਨਾਲ ਸਲਾਹ ਕੀਤੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦਾ ਸਸਕਾਰ ਕਿਸ ਅਸਥਾਨ 'ਤੇ ਕਰਨਾ ਹੈ। ਉਸ ਸਮੇਂ ਕੋਲ ਖੜ੍ਹੇ ਮਸੰਦਾਂ ਨੇ ਆਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਸਕਾਰ ਤੋਂ ਬਾਅਦ ਤੋਂ ਸੋਢੀਆਂ ਦੇ ਸਸਕਾਰ ਕੀਰਤਪੁਰ ਸਾਹਿਬ ਵਿਚ ਹੀ ਕੀਤੇ ਜਾਂਦੇ ਹਨ। ਪਰ ਮਾਤਾ ਗੁਜਰੀ ਜੀ ਨੇ ਆਖਿਆ ਕਿ ਹੋਰ ਸੋਢੀਆਂ ਨੇ ਕੋਈ ਨਗਰ ਨਹੀਂ ਵਸਾਇਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਨਾਂ ਦਾ ਨਗਰ ਵਸਾਇਆ ਸੀ। ਇਸ ਲਈ ਉਨ੍ਹਾਂ ਦੇ ਪਵਿੱਤਰ ਸੀਸ ਦਾ ਸਸਕਾਰ ਅਨੰਦਪੁਰ ਸਾਹਿਬ ਵਿਖੇ ਹੀ ਕੀਤਾ ਜਾਵੇ। ਇਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ:

*ਗੁਜਰੀ ਜੁਤਿ ਸ਼੍ਰੀ ਨਾਨਕੀ ਤਿਨ ਢਿਗ ਸਤਿਗੁਰ ਜਾਇ।*
*ਕਿਤ ਸਸਕਾਰਹਿਂ ਗੁਰੂ ਸਿਰ ? ਬੂਝਯੋ ਜਿਮ ਬਨਿ ਆਇ॥੧॥*
*ਬ੍ਰਿੰਦ ਮਸੰਦ ਕਹਯੋ ਕਰ ਬੰਦਿ 'ਗੁਰੂ ਹਰਿਗੋਵਿੰਦ ਜੀ ਸਸਕਾਰੇ।*
*ਤਾਂ ਦਿਨ ਤੇ ਗਨ ਸੋਢਿਨਿ ਬੰਸ ਸਭੈ ਪੁਰਿ ਕੀਰਤਿ ਕੇਰ ਮਝਾਰੇ।'*
*ਜਯੋਂ ਮਰਜੀ ਅਬਿ ਰਾਵਰ ਕੀ ਕਰਿਯੇ ਤਿਮ ਆਛਿਯ ਬੁੱਧਿ ਬਿਚਾਰੇ।*
*ਸ੍ਰੀ ਗੁਜਰੀ ਸੁਨਿ ਕੈ ਤਿਨ ਤੇ ਨਹਿਂ ਮਾਨਤਿ ਭੀ ਮੁਖ ਬਾਕ ਉਚਾਰੇ॥੨॥*
*ਔਰਨਿ ਕੋ ਨ ਰਚਯੋ ਪੁਰਿ ਕੋ ਇਸ ਕਾਰਨ ਤੇ ਤਹਿਂ ਲੇ ਸਸਕਾਰੇ।*
*ਏ ਜਿਸ ਕਾਲ ਲਈ ਗੁਰਤਾ ਤਜਿ ਪੂਰਬ ਬਾਸ ਉਠੇ ਉਰ ਧਾਰੇ।...*

*ਬ੍ਰਿੰਦ ਦਯੋ ਧਨ, ਮੋਲ ਲਈ ਧਰ ਔਰ ਉਪਾਇ ਕਰੇ ਸਭਿ ਭਾਂਤੀ।*
*ਆਨੰਦ ਦਾ ਪਿਖਿ ਥਾਨ ਮਹਾਂਨ ਧਰਯੋ ਤਬਿ ਨਾਮ ਭਯੋ ਬੱਖਯਾਤੀ।*
*ਆਨਿ ਕਰੋ ਸਸਕਾਰ ਇਹਾਂ, ਬਿਰਧਾ ਤਿਨ ਮਾਤ ਬਡੀ ਬਿਲਲਾਤੀ।*[੫]

ਇਸ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਵਾਰ ਸਮੇਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲਿਆਉਣ ਲਈ ਕੀਰਤਪੁਰ ਵੱਲ ਚੱਲ ਪਏ। ਭਾਈ ਸੰਤੋਖ ਸਿੰਘ ਇਸ ਬਾਰੇ ਇੰਞ ਲਿਖਦੇ ਹਨ ਕਿ ਜਿੰਨੇ ਵੀ ਲੋਕਾਂ ਨੇ ਗੁਰੂ ਜੀ ਦੀ ਸ਼ਹਾਦਤ ਬਾਰੇ ਸੁਣਿਆ ਉਹ ਸਾਰੇ ਬਹੁਤ ਸ਼ੋਕਗ੍ਰਸਤ ਹੋਏ। ਸਿੱਖਾਂ ਨੇ ਗੁਰੂ ਜੀ ਦਾ ਸੀਸ ਇੱਕ ਬਿਬਾਨ ਵਿਚ ਰੱਖਿਆ, ਉਸ ਬਿਬਾਨ ਨੂੰ ਬਹੁਤ ਸਾਰੀਆਂ ਸੰਗਤਾਂ ਨੇ ਚੁੱਕ ਲਿਆ ਅਤੇ ਗੁਰੂ ਜੀ ਨੂੰ ਨਮਨ ਕਰਨ ਲੱਗੇ:

*ਇਮ ਤਯਾਰੀ ਸਤਿਗੁਰੂ ਕਰੀ ਸਰਬ ਭਾਂਤਿ ਕੀ ਜੋਇ।*
*ਉਤ ਤੇ ਲੇ ਕੀਰਤਪੁਰੇ ਪਹੁਚਯੋ ਗੁਰ ਸਿੱਖ ਜੋਇ॥੨੭॥...*
*ਜਹਿਂ ਸੀਸ ਲਿਏ ਗੁਰ ਕੋ ਸਿਖ ਥੋ ਪੁਰਿ ਤੇ ਪਰਿ ਬਾਹਰ ਜਾਤਿ ਭਏ।*
*ਨਰ ਨਾਰਿਨਿ ਸ਼੍ਰੌਨ ਸੁਨਯੋ ਸਭਿ ਕਾਰਨ, ਦਾਰੁਨ ਸੰਕਟ ਸ਼ੋਕ ਭਏ।*
*ਹਹਕਾਰ ਉਚਾਰਤਿ, ਹੋਤਿ ਦੁਖਾਰਤ, ਜਾਇ ਮਿਲੇ ਸਭਿ ਦੋਖ ਲਏ।*
*ਤਤਕਾਲ ਬਿਮਾਨ ਕੇ ਬੀਚ ਟਿਕਾਇ ਉਠਾਇ ਸਮੂਹ ਨਮੋ ਸੁ ਕਏ॥੭॥*[੬]

ਇੱਥੋਂ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਅਤੇ ਫਿਰ ਸਸਕਾਰ ਦੀ ਤਿਆਰੀ ਅਰੰਭ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲਿਆ ਅਤੇ ਰੁਮਾਲ ਨਾਲ ਸਾਫ ਕੀਤਾ। ਉਪਰੰਤ ਸ਼ਰਧਾ ਸਹਿਤ ਸੀਸ ਦਾ ਇਸ਼ਨਾਨ ਕਰਵਾਇਆ ਅਤੇ ਚੰਦਨ ਦੀ ਚਿਖਾ ਤਿਆਰ ਕੀਤੀ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ੧੭ ਨਵੰਬਰ, ੧੬੭੫ ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦਾ ਸਸਕਾਰ ਅਨੰਦਪੁਰ ਸਾਹਿਬ ਵਿਖੇ ਕੀਤਾ।[੭] ਭਾਈ ਕੇਸਰ ਸਿੰਘ ਛਿੱਬਰ ਨੇ ਇਸ ਤਰ੍ਹਾਂ ਜਿਕਰ ਕੀਤਾ ਹੈ:

*ਗੁਲਾਬ ਮੰਗਾਇ ਸੀਸੁ ਧੁਆਇਆ। ਫਿਰ ਜਲ ਨਾਲ ਨਵਾਇਆ।*
*ਚੰਦਨ ਨਾਲ ਕੀਤਾ ਸੰਸਕਾਰੁ। ਅਤੇ ਰਸਨਾ ਤੇ ਕੀਤਾ ਇਹ ਉਚਾਰੁ॥੧੪੧॥*[੮]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸੰਬੰਧੀ ਨਿਮਨ ਬਚਨ ਵੀ ਉਚਾਰਨ ਕੀਤੇ, ਜਿਨ੍ਹਾਂ ਦਾ ਵਰਣਨ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਪ੍ਰਾਪਤ ਹੁੰਦਾ ਹੈ:

*ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥*
*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥*

*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥*[੯]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅੰਗੀਠੇ ਵਾਲੀ ਜਗ੍ਹਾ ਉਤੇ ਧਾਰਮਿਕ ਅਸਥਾਨ ਦੀ ਉਸਾਰੀ ਕਰਵਾਈ, ਜਿੱਥੇ ਅੱਜ ਕਲ੍ਹ 'ਗੁਰਦੁਆਰਾ ਸੀਸ ਗੰਜ ਸਾਹਿਬ' ਸੁਸ਼ੋਭਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਛੱਡਣ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੇਹੁਰੇ ਅਤੇ ਹੋਰ ਗੁਰਧਾਮਾਂ ਦੀ ਸੇਵਾ-ਸੰਭਾਲ ਉਦਾਸੀ ਸਾਧੂ ਭਾਈ ਗੁਰਬਖਸ਼ ਨੂੰ ਸੌਂਪੀ ਸੀ।[੧੦] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੀਸ ਗੰਜ ਸਾਹਿਬ ਵਾਲੇ ਅਸਥਾਨ ਉੱਤੇ ਗਏ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ 'ਤੇ ਅਰਦਾਸ ਕੀਤੀ। ਗੁਰੂ ਜੀ ਨੇ ਆਵਾਜ਼ ਦੇ ਕੇ ਕਿਸੇ ਨੂੰ ਨਜ਼ਦੀਕ ਹੋਣ ਬਾਰੇ ਪੁੱਛਿਆ। ਗੁਰੂ ਜੀ ਨੇ ਤਿੰਨ ਵਾਰ ਆਵਾਜ਼ ਲਗਾਈ, ਡਰਦੇ ਹੋਏ ਕਿਸੇ ਨੇ ਵੀ ਜਵਾਬ ਨਾ ਦਿੱਤਾ। ਫਿਰ ਗੁਰੂ ਜੀ ਨੇ ਭਾਈ ਗੁਰਬਖਸ਼ ਜੀ ਨੂੰ ਨੇੜ੍ਹੇ ਦੇਖ ਕੇ ਇਸ ਅਸਥਾਨ ਦੀ ਸੇਵਾ ਕਰਨ ਬਾਰੇ ਆਦੇਸ਼ ਕੀਤਾ। ਇਸ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਹੈ:

*ਨਿਕਸੇ ਪ੍ਰਥਮ ਗਏ ਤਿਸ ਜਾਇ। ਸ੍ਰੀ ਗੁਰ ਤੇਗ ਬਹਾਦਰ ਥਾਇ।*
*ਖਰੇ ਹੋਇ ਦਰਬਾਰ ਅਗਾਰੀ। ਕਰਿ ਅਰਦਾਸ ਬੰਦਨਾ ਧਾਰੀ॥੧੧॥*
*ਬਹੁਰੋ ਊਚੇ ਕੀਨ ਬਖਾਨ। ਹੈ ਕੋ ਸਾਧ ਰਹੈ ਇਸ ਥਾਨ ?*
*ਝਾਰੂ ਦੀਪਕ ਨਿਤ ਪ੍ਰਤਿ ਕਰੈ। ਸ੍ਰੀ ਗੁਰਦੇਵ ਸੇਵ ਹਿਤ ਧਰੈ॥੧੨॥*
*ਤੀਨ ਬਾਰਿ ਗੁਰ ਬਚਨ ਉਚਾਰਾ। ਨਹਿਂ ਕੋ ਬੋਲਯੋ ਡਰ ਉਰ ਧਾਰਾ।*
*ਅਚਰਜ ਸਾਂਗ ਬਿਸਾਲ ਅਰੰਭੇ। ਰਹੀ ਨ ਧੀਰਜ ਭਏ ਅਚੰਭੇ॥੧੩॥*
*ਇੱਕ ਗੁਰੁਬਖਸ ਸਾਧੁ ਢਿਗ ਖਰਯੋ। ਤਿਸੈ ਵਿਲੋਕਤ ਵਾਕ ਉਚਰਯੋ।*
*'ਬਸੋ ਇਹਾਂ ਤੁਮ ਸੇਵਾ ਕਰੋ। ਕਰ ਸੇਵਾ ਨਿਜ ਜਨਮ ਸੁਧਰੋ'॥੧੪॥*[੧੧]

ਇਸ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਣਾਈ ਉਸ ਸਮੇਂ ਦੀ ਇਮਾਰਤ ਦਾ ਕੁਝ ਹਿੱਸਾ ਅਜੇ ਵੀ ਮੌਜੂਦ ਹੈ, ਜਿਸ ਸੰਬੰਧੀ ਜ਼ਿਕਰ ਗੁਰਦੁਆਰਾ ਸਾਹਿਬ ਵਿਚ ਲਿਖੇ ਇਤਿਹਾਸ ਦੇ ਬੋਰਡ ਉਤੇ ਵੀ ਕੀਤਾ ਹੋਇਆ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸੰਸਾਰ ਵਿੱਚੋਂ ਸਭ ਤੋਂ ਵਿਲੱਖਣ ਹੈ ਕਿਉਂਕਿ ਗੁਰੂ ਜੀ ਨੇ ਉਨ੍ਹਾਂ ਸਿਧਾਂਤਾਂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੱਤੀ ਜਿਨ੍ਹਾਂ ਵਿਚ ਉਨ੍ਹਾਂ ਦਾ ਵਿਸ਼ਵਾਸ ਵੀ ਨਹੀਂ ਸੀ। ਦਿੱਲੀ ਵਿਖੇ ਜਿੱਥੇ ਚਾਂਦਨੀ ਚੌਂਕ ਵਿਚ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਉਥੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਜਿਹੇ ਇਕੋ ਇਕ ਧਾਰਮਿਕ ਆਗੂ ਹਨ, ਜਿਨ੍ਹਾਂ ਦੇ ਪਵਿੱਤਰ ਧੜ ਅਤੇ ਸੀਸ ਦਾ ਸਸਕਾਰ ਦੋ ਥਾਵਾਂ ਉਤੇ ਹੋਇਆ। ਸਰੀਰ ਦਾ ਸਸਕਾਰ ਦਿੱਲੀ ਵਿਚ ਕੀਤਾ

ਗਿਆ ਜਿੱਥੇ ਅੱਜ ਕਲ੍ਹ 'ਗੁਰਦੁਆਰਾ ਰਕਾਬ ਗੰਜ ਸਾਹਿਬ' ਸੁਸ਼ੋਭਿਤ ਹੈ ਅਤੇ ਸੀਸ ਦਾ ਸਸਕਾਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤਾ। ਮੌਜੂਦਾ ਸਮੇਂ ਉੱਥੇ 'ਗੁਰਦੁਆਰਾ ਸੀਸ ਗੰਜ ਸਾਹਿਬ' ਬਣਿਆ ਹੋਇਆ ਹੈ।

**ਹਵਾਲੇ :**


**੧.** ਸ੍ਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸਿੰਘ ਬ੍ਰਦਰਜ਼, ਪਿਆਰਾ ਸਿੰਘ ਪਦਮ (ਸੰਪਾ.), ਅੰਮ੍ਰਿਤਸਰ, ਪੰਨਾ ੮੪.

**੨.** ਉਹੀ, ਪੰਨਾ ੮੪.

**੩.** ਉਹੀ, ਪੰਨੇ ੮੪-੮੫.

**੪.** ਸ੍ਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨੇ ੮੪-੮੫.

**੫.** ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਗਿਆਰਵੀਂ), ਸੰਪਾ. ਭਾਈ ਵੀਰ ਸਿੰਘ, ਪੰਨਾ ੪੫੦੫.

**੬.** ਉਹੀ, ਪੰਨੇ ੪੫੦੫-੦੬.

**੭.** ਜਸਬੀਰ ਸਿੰਘ ਸਰਨਾ ਅਤੇ ਦਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨਾ ੨੩.

**੮.** ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪੰਨਾ ੧੨੨.

**੯.** *ਬਚਿਤ੍ਰ ਨਾਟਕ*, ਪੰਨਾ ੧੨੨.

**੧੦.** ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ ੪੨੦.

**੧੧.** ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਸੰਪਾ. ਭਾਈ ਵੀਰ ਸਿੰਘ, ਪੰਨਾ ੫੮੫੭.


■

## ਅੰਮ੍ਰਿਤ-ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

*-ਡਾ. ਮਨਿੰਦਰ ਕੌਰ**

ਕਿਸੇ ਵੀ ਧਰਮ ਜਾਂ ਕੌਮ ਦੀ ਆਪਣੀ ਵੱਖਰੀ ਹੋਂਦ ਲਈ ਜਿਨ੍ਹਾਂ ਪੰਜ ਤੱਤਾਂ ਨੂੰ ਪ੍ਰਵਾਨ ਕੀਤਾ ਗਿਆ ਹੈ ਉਹ ਹਨ- ਧਰਮ ਬਾਨੀ, ਲਿਪੀ, ਸਭਿਆਚਾਰ, ਧਰਮ ਗ੍ਰੰਥ ਅਤੇ ਧਰਮ ਗ੍ਰੰਥ ਦੇ ਸਿਧਾਂਤਾਂ 'ਤੇ ਉੱਸਰੇ ਹੋਏ ਬਾਹਰੀ ਸਰੂਪ।

ਸਿੱਖ ਧਰਮ ਜਾਂ ਕੌਮੀਅਤ ਦੀ ਵੱਖਰੀ ਹੋਂਦ ਨਿਰਧਾਰਿਤ ਕਰਨ ਵਾਲੇ ਪੰਜ ਮੂਲ ਤੱਤ ਬਾਨੀ (ਦਸ ਗੁਰੂ ਸਾਹਿਬਾਨ), ਆਪਣੀ ਲਿਪੀ ਗੁਰਮੁਖੀ, ਆਪਣਾ ਸੂਰਮਗਤੀ ਵਾਲਾ ਵਿਲੱਖਣ ਸੱਭਿਆਚਾਰ, ਆਪਣਾ ਪਵਿੱਤਰ ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਅਤੇ ਆਪਣਾ ਬਾਹਰੀ ਸਰੂਪ (ਖਾਲਸਾ) ਉਪਲੱਬਧ ਹੈ। ਅੱਜ ਤੋਂ ਪੰਜ ਸੌ ਛਪੰਜਾ ਸਾਲ ਪਹਿਲਾਂ ਇਸ ਧਰਮ ਦੇ ਬਾਨੀ ਨੇ ਰਾਇ ਭੋਇ ਦੀ ਤਲਵੰਡੀ (ਅੱਜ-ਕਲ੍ਹ ਪਾਕਿਸਤਾਨ) ਵਿਖੇ ਪ੍ਰਕਾਸ਼ ਧਾਰਿਆ। ਭਾਈ ਗੁਰਦਾਸ ਜੀ ਨੇ ਇਨ੍ਹਾਂ ਪਲ਼ਾਂ ਦਾ ਚਿਤਰਨ ਬਹੁਤ ਹੀ ਖ਼ੂਬਸੂਰਤੀ ਨਾਲ ਕੀਤਾ ਹੈ:

*ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।* *(ਵਾਰ ੧:੨੭)*

ਗੁਰੂ ਨਾਨਕ ਪਾਤਸ਼ਾਹ ਨੇ ਸਿੱਖੀ ਦੇ ਨਿਰਾਲੇ ਸਿਧਾਂਤ ਨੂੰ ਭਾਈ ਲਹਿਣਾ ਜੀ ਦੀ ਝੋਲੀ ਪਾ ਸ੍ਰੀ ਗੁਰੂ ਅੰਗਦ ਦੇਵ ਬਣਾ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਪਾਤਸ਼ਾਹ ਨੇ ਸਿੱਖੀ ਦੇ ਬੂਟੇ ਨੂੰ ਅੱਗੇ ਵਧਾਇਆ। ਉਨ੍ਹਾਂ ਨੇ ਲਿਪੀ ਤਿਆਰ ਕਰ ਕੇ ਸਿੱਖ ਕੌਮ ਦੀ ਵੱਖਰੀ ਲਿਪੀ 'ਗੁਰਮੁਖੀ' ਨਾਂ ਹੇਠ ਸਥਾਪਿਤ ਕਰ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਅਹਿਮ ਕਦਮ ਚੁੱਕੇ ਅਤੇ ਸਿੱਖ ਕੌਮ ਦੀ ਵੱਖਰੀ ਹੋਂਦ ਦਾ ਸਭਿਆਚਾਰੀ ਗੁਣ ਵੀ ਰੂਪਮਾਨ ਹੋ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਨੇ ਆਪਣੇ ਲਹੂ ਨਾਲ ਸਿੱਖੀ ਦੇ ਬੂਟੇ ਨੂੰ ਸਿੰਜਿਆ ਅਤੇ ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦਾ ਪ੍ਰਕਾਸ਼ ਕਰ ਹਮੇਸ਼ਾ ਲਈ ਸਿੱਖਾਂ ਦੀ ਵੱਖਰੀ ਹੋਂਦ 'ਤੇ ਮੋਹਰ ਲਾ ਦਿੱਤੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਇਸ ਧਰਮ ਲਈ ਵਾੜ ਦਾ ਕੰਮ ਕੀਤਾ।

** ੨-ਬੀ, ਕੋ-ਆਪਰੇਟਿਵ ਕਲੋਨੀ, ਭੰਡਾਰੀ ਹਸਪਤਾਲ ਦਾ ਪਿਛਲਾ ਪਾਸਾ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ; ਮੋ.੯੮੧੪੮੯੯੬੦੦*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੂਰ-ਦੁਰਾਡੇ ਪ੍ਰਚਾਰ ਯਾਤਰਾਵਾਂ ਕਰ ਕੇ ਸਿੱਖੀ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਆਪਣੀ ਸ਼ਹਾਦਤ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਨਾਨਕ ਘਰ ਚਹੁ ਵਰਨਾਂ ਲਈ ਸਾਂਝਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਖਰੀ ਤੱਤ ਸਰੂਪ ਨੂੰ ਸਥਾਪਿਤ ਕਰਦਿਆਂ ਖਾਲਸਾ ਪੰਥ ਦੀ ਸਿਰਜਣਾ ਕੀਤੀ।

ਵਿਸ਼ਵ ਸਭਿਅਤਾ ਦੇ ਇਤਿਹਾਸ ਵਿਚ ਅਜਿਹੀ ਕੋਈ ਵੀ ਉਦਾਹਰਨ ਨਹੀਂ ਹੋਵੇਗੀ ਜਿੱਥੇ ਦੂਜੇ ਧਰਮ ਦੀ ਰੱਖਿਆ ਲਈ ਕਿਸੇ ਹੋਰ ਧਰਮ ਦੇ ਸੰਚਾਲਕ ਨੇ ਕੁਰਬਾਨੀ ਦਿੱਤੀ ਹੋਵੇ। ਆਪਣਾ ਧਰਮ ਸਭ ਨੂੰ ਪਿਆਰਾ ਹੁੰਦਾ ਹੈ ਅਤੇ ਧਰਮ ਦੀ ਆਨ-ਸ਼ਾਨ ਨੂੰ ਕਾਇਮ ਰੱਖਣ ਲਈ ਅਨੇਕਾਂ ਸਿੱਖ ਸੂਰਬੀਰਾਂ ਯੋਧਿਆਂ ਦੀ ਕੁਰਬਾਨੀਆਂ ਦਾ ਜ਼ਿਕਰ ਸਾਨੂੰ ਇਤਿਹਾਸ ਵਿੱਚੋਂ ਮਿਲਦਾ ਹੈ; ਪ੍ਰੰਤੂ ਧਾਰਮਿਕ ਵਿਸ਼ਵਾਸ ਦੀ ਸੁਤੰਤਰਤਾ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਜੋ ਸ਼ਹਾਦਤ ਨੌਵੇਂ ਗੁਰੂ ਜੀ ਨੇ ਦਿੱਤੀ; ਉਹ ਬੇਮਿਸਾਲ ਹੈ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਵੈਸਾਖ ਵਦੀ ੫, ਸੰਮਤ ੧੬੭੮ ਮੁਤਾਬਕ ੧ ਅਪ੍ਰੈਲ ੧੬੨੧ ਈ. ਨੂੰ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਆਪ ਜੀ ਦੇ ਪਿਤਾ ਸਨ। ਆਪ ਦੀ ਪੜ੍ਹਾਈ-ਲਿਖਾਈ ਪਿਤਾ ਸ੍ਰੀ ਹਰਿਗੋਬਿੰਦ ਸਾਹਿਬ ਦੀ ਦੀ ਨਿਗਰਾਨੀ ਹੇਠ ਹੋਈ। ਪਹਿਲੀ ਫੱਟੀ ਬਾਬਾ ਬੁੱਢਾ ਜੀ ਨੇ ਲਿਖਾਈ, ਗੁਰਬਾਣੀ ਤੇ ਧਰਮ ਗ੍ਰੰਥ ਦੀ ਵਿੱਦਿਆ ਭਾਈ ਗੁਰਦਾਸ ਜੀ ਨੇ ਦਿੱਤੀ। ਆਪ ਨੇ ਆਤਮਿਕ ਵਿੱਦਿਆ ਦੇ ਨਾਲ-ਨਾਲ ਸ਼ਸਤਰ ਵਿੱਦਿਆ ਵਿਚ ਵੀ ਪ੍ਰਪੱਕਤਾ ਹਾਸਲ ਕੀਤੀ। ਆਪ ਬਾਲ-ਉਮਰ ਦੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬੜੀ ਬਾਰੀਕੀ ਨਾਲ ਦੇਖਣ ਲੱਗੇ। ਬਾਲ ਤੇਗ ਬਹਾਦਰ ਜੀ ਆਪਣੇ ਗੁਰੂ ਪਿਤਾ ਦੀ ਨਿਗਰਾਨੀ ਹੇਠ ਸ਼ਸਤਰ ਵਿੱਦਿਆ ਪ੍ਰਾਪਤ ਕਰਦੇ ਰਹੇ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸ਼ਾਹੀ ਹਕੂਮਤ ਨਾਲ ਹੋਈਆਂ ਤਿੰਨ ਲੜਾਈਆਂ ਵਿਚ ਹਿੱਸਾ ਲਿਆ। ਆਪ ਨੇ ਸ਼ਸਤਰ ਵਿੱਦਿਆ ਦੇ ਅਜਿਹੇ ਜੌਹਰ ਦਿਖਾਏ ਕਿ ਆਪ ਦਾ ਨਾਮ ਜੋ ਪਹਿਲਾਂ ਤਿਆਗ ਮੱਲ ਸੀ, ਕਰਤਾਰਪੁਰ ਵਾਲੀ ਜੰਗੀ ਬਹਾਦਰੀ ਸਦਕਾ 'ਤੇਗ ਬਹਾਦਰ' ਹੋ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਮਾਤਾ ਅਤੇ ਸੁਪਤਨੀ ਗੁਜਰੀ ਜੀ ਨਾਲ ਬਕਾਲੇ ਰਹਿਣ ਲੱਗ ਪਏ। ਆਪ ਗ੍ਰਹਿਸਥੀ ਹੋ ਕੇ ਵੀ ਸ਼ਾਂਤ-ਚਿੱਤ, ਅਡੋਲ ਤੇ ਨਾਮ ਸਿਮਰਨ ਵਿਚ ਲੱਗੇ ਰਹਿੰਦੇ। ਆਪ ਇੱਥੇ ਇਕ ਸਾਧਾਰਨ ਜਿਹੇ ਮਕਾਨ ਵਿਚ ਬੜਾ ਹੀ ਸਾਦਾ ਜੀਵਨ ਬਤੀਤ ਕਰਦਿਆਂ ਲਗਪਗ ੨੦ ਕੁ ਸਾਲ ਨਿਵਾਸ ਕੀਤਾ। ਨਾਮ ਸਿਮਰਨ ਜਪ-ਤਪ ਤੇ ਸਹਿਜ-ਯੋਗ ਵਿਚ ਰਹਿੰਦਿਆ ਲਗਾਤਾਰ ਕਈ-ਕਈ ਘੰਟੇ ਪ੍ਰਭੂ-ਭਗਤੀ ਵਿਚ ਲੀਨ ਰਹਿੰਦੇ। ਜਦ ਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਗੁਰੂ ਰੂਪ ਵਿਚ ਪ੍ਰਗਟ ਨਾ ਹੋਏ, ਮਾਤਾ ਗੁਜਰੀ ਜੀ ਨੇ ਬਕਾਲੇ ਰਹਿ ਕੇ ਆਪ ਦੀ ਦਿਨ-ਰਾਤ ਸੇਵਾ ਕੀਤੀ।

ਅੱਠਵੇਂ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਗੁਰਿਆਈ ਸੰਭਾਲ ਲਈ 'ਬਾਬਾ ਬਕਾਲੇ' ਕਹਿ ਕੇ ਇਸ਼ਾਰਾ ਕਰ ਗਏ ਕਿ ਅਗਲਾ ਗੁਰੂ ਹੁਣ ਬਾਬੇ ਬਕਾਲੇ ਵਿਚ ਹੈ। ਉਨ੍ਹਾਂ ਨੇ ਆਪਣੇ ਸਿੱਖ ਪ੍ਰੇਮੀ ਦੀਵਾਨ ਦਰਘਾ ਮੱਲ ਨੂੰ ਇਕ ਨਾਰੀਅਲ ਅਤੇ ਪੰਜ ਪੈਸੇ ਦੇ ਕੇ ਬਕਾਲੇ ਭੇਜਿਆ। ਜਿਉਂ ਹੀ ਇਹ ਖ਼ਬਰ ਗੁਰੂ ਹਰਿਗੋਬਿੰਦ ਸਾਹਿਬ ਦੇ ਸੋਢੀ ਰਿਸ਼ਤੇਦਾਰਾਂ ਨੂੰ ਮਿਲੀ, ਉਹ ਆਪਣੇ ਮਸੰਦਾਂ ਸਮੇਤ ਬਕਾਲੇ ਆ ਕੇ ਆਪਣੇ ਆਪ ਨੂੰ ਗੁਰਿਆਈ ਦਾ ਵਾਰਸ ਸਿੱਧ ਕਰਨ ਲੱਗੇ। ਇਹ ਸਮਾਂ ਸਿੱਖ ਸੰਗਤ ਲਈ ਭਾਰੀ ਸੰਕਟ ਭਰਿਆ ਸੀ ਕਿ ਅਸਲੀ ਗੁਰੂ ਕੌਣ ਹੈ। ਇਸ ਸਮੇਂ ਦੌਰਾਨ ਇਕ ਅਜਿਹੀ ਘਟਨਾ ਵਾਪਰੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨੌਵਾਂ ਗੁਰੂ ਹੋਣ ਦਾ ਪ੍ਰਤੱਖ ਸਬੂਤ ਸੰਗਤ ਨੂੰ ਮਿਲ ਗਿਆ। ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਸੁੱਖਣਾ ਦੀਆਂ ਮੋਹਰਾਂ ਰੱਖ ਕੇ ਗੁਰੂ ਤੇਗ ਬਹਾਦਰ ਅੱਗੇ ਮੱਥਾ ਟੇਕਿਆ ਤਾਂ ਗੁਰੂ ਸਾਹਿਬ ਫੁਰਮਾਏ, "ਮੱਖਣ ਸ਼ਾਹ! ਗੁਰੂ ਦੀ ਅਮਾਨਤ ਦਿੱਤਿਆਂ ਹੀ ਭਲੀ ਹੈ।" ਇਹ ਸੁਣਦਿਆਂ ਭਾਈ ਮੱਖਣ ਸ਼ਾਹ ਉੱਚੀ-ਉੱਚੀ ਖੁਸ਼ੀ ਵਿਚ ਪੁਕਾਰਨ ਲੱਗਾ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" ਇਸ ਪ੍ਰਕਾਰ ਨੌਵੇਂ ਗੁਰੂ ਪ੍ਰਗਟ ਹੋਏ ਅਤੇ ਸਿੱਖ ਸੰਗਤ ਨੇ ਗੁਰੂ ਜੀ ਦੇ ਚਰਨੀਂ ਮੱਥਾ ਟੇਕਿਆ।

ਗੁਰਿਆਈ ਮਿਲਦਿਆਂ ਗੁਰੂ ਸਾਹਿਬ ਨੂੰ ਕਈ ਵਿਰੋਧੀ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪਿਆ, ਪ੍ਰੰਤੂ ਆਪ ਦੇ ਵਿਸ਼ਾਲ ਦ੍ਰਿਸ਼ਟੀਕੋਣ, ਸਹਿਣਸ਼ੀਲਤਾ ਤੇ ਧੀਰਜ ਦੇ ਅੱਗੇ ਵਿਰੋਧੀਆਂ ਦੀ ਕੋਈ ਪੇਸ਼ ਨਾ ਚੱਲੀ। ਗੁਰੂ ਸਾਹਿਬ ਉੱਪਰ ਉਹ ਸਾਰੀਆਂ ਜ਼ਿੰਮੇਵਾਰੀਆਂ ਪਈਆਂ ਸਨ ਜਿਨ੍ਹਾਂ ਨੂੰ ਵਕਤ ਦੀ ਲੋੜ ਅਨੁਸਾਰ ਪਹਿਲੇ ਅੱਠ ਗੁਰੂ ਸਾਹਿਬਾਨ ਨੇ ਵਾਰੀ-ਵਾਰੀ ਉਠਾਇਆ ਸੀ। ਗੁਰੂ ਜੀ ਸਿੱਖ ਸੰਗਤ ਨੂੰ ਉਪਦੇਸ਼ ਦਿੰਦੇ ਤੇ ਗੁਰਬਾਣੀ ਕੀਰਤਨ ਦੇ ਦੀਵਾਨ ਸੱਜਦੇ। ਨਿਮਰ ਸ਼ਖ਼ਸੀਅਤ ਦੇ ਪ੍ਰਭਾਵ ਅਧੀਨ ਆਪ ਨਾਲ ਸਿੱਖ ਸੰਗਤ ਜੁੜਨ ਲੱਗੀ। ੧੬੬੫ ਈ. ਵਿਚ ਆਪ ਜੀ ਨੇ ਮਾਖੋਵਾਲ ਵਿਖੇ ਜ਼ਮੀਨ ਖਰੀਦ ਕੇ ਚੱਕ ਨਾਨਕੀ ਨਗਰ ਵਸਾਇਆ ਜੋ ਬਾਅਦ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ੍ਰੀ ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਸਿੱਖੀ ਦੇ ਪ੍ਰਚਾਰ ਉਪਰੰਤ ਆਪ ਪੰਜਾਬੋਂ ਬਾਹਰ ਆਗਰਾ, ਅਲਾਹਾਬਾਦ, ਬਨਾਰਸ, ਗਯਾ, ਪਟਨਾ, ਆਸਾਮ, ਢਾਕੇ, ਆਦਿ ਥਾਵਾਂ ਤੋਂ ਹੁੰਦੇ ਹੋਏ ਹੋਏ ਸ੍ਰੀ ਅਨੰਦਪੁਰ ਸਾਹਿਬ ਵਾਪਸ ਆ ਗਏ। ਮਨੁੱਖਤਾ ਦੇ ਕਲਿਆਣ ਹਿੱਤ ਆਪ ਨੇ ਆਪਣੇ ਪਰਵਾਰ ਵਿਚ ਕਦੇ ਵੀ ਟਿਕ ਕੇ ਬੈਠਣਾ ਮੁਨਾਸਿਬ ਨਾ ਸਮਝਿਆ। ਆਪ ਨੇ ਬਿਨਾਂ ਕਿਸੇ ਵਿਤਕਰੇ ਦੇ ਲੰਗਰ ਤਿਆਰ ਕੀਤੇ, ਖੂਹ ਲਗਵਾਏ, ਲੋੜਵੰਦਾਂ ਦੀ ਹਰ ਪ੍ਰਕਾਰ ਦੀ ਮਦਦ ਕੀਤੀ। ਆਪ ਦੇ

ਅਜਿਹੇ ਲੋਕ-ਭਲਾਈ ਕਾਰਜਾਂ ਸਦਕਾ ਛੇਤੀ ਹੀ ਸੰਗਤ ਵਿਚ ਆਪ ਚਰਚਾ ਦਾ ਕੇਂਦਰ ਬਣ ਗਏ। ਉੱਧਰ ਔਰੰਗਜ਼ੇਬ ਨੂੰ ਗੁਰੂ ਸਾਹਿਬ ਦੇ ਧਰਮ ਪ੍ਰਚਾਰ ਦੀਆਂ ਖ਼ਬਰਾਂ ਮਿਲ ਰਹੀਆਂ ਸਨ। ਉਸ ਨੂੰ ਗੁਰੂ ਸਾਹਿਬ ਦੀ ਸਿੱਖ ਸੰਸਥਾ ਬਗਾਵਤ ਨਜ਼ਰ ਆਉਂਦੀ ਸੀ।

ਔਰੰਗਜ਼ੇਬ ਨੇ ਵਿਚ ਹੁਕਮ ਜਾਰੀ ਕੀਤਾ ਕਿ ਹਿੰਦੂਆਂ ਨੂੰ ਇਸਲਾਮ ਧਰਮ ਗ੍ਰਹਿਣ ਕਰਵਾਇਆ ਜਾਵੇ। ਇਹ ਤਜਰਬਾ ਕਸ਼ਮੀਰ ਤੋਂ ਸ਼ੁਰੂ ਕੀਤਾ ਗਿਆ। ਜਦੋਂ ਕਸ਼ਮੀਰੀ ਪੰਡਤ ਔਰੰਗਜ਼ੇਬ ਦੀਆਂ ਧਾਰਮਿਕ ਨੀਤੀਆਂ ਦਾ ਸ਼ਿਕਾਰ ਹੋਏ ਤਾਂ ਉਹ ਗੁਰੂ ਸਾਹਿਬ ਕੋਲ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਅਤੇ ਆਪਣੇ ਨਾਲ ਹੋਈਆਂ ਵਧੀਕੀਆਂ ਤੇ ਜ਼ੁਲਮਾਂ ਦੀ ਵਿਥਿਆ ਸੁਣਾਈ, ਅਜਿਹੇ ਹੌਲਕਾਰ ਵਾਕੇ ਸੁਣ ਕੇ ਗੁਰੂ ਜੀ ਗੰਭੀਰ ਸੋਚ ਵਿਚ ਪੈ ਗਏ। ਬਾਲ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ) ਨੇ ਪਿਤਾ ਨੂੰ ਅਜਿਹੀ ਗੰਭੀਰ ਅਵਸਥਾ ਵਿਚ ਵੇਖ ਕੇ ਪੁੱਛਿਆ ਕਿ ਕਸ਼ਮੀਰੀ ਪੰਡਤ ਕੀ ਸੁਨੇਹਾ ਲਿਆਏ ਹਨ; ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਿਹਾ ਕਿ, "ਪੁੱਤਰ! ਕੁਰਬਾਨੀ ਦਾ ਸਮਾਂ ਆ ਗਿਆ ਹੈ, ਹਿੰਦੁਸਤਾਨ ਦੀ ਸੁੱਤੀ ਸ਼ਕਤੀ ਨੂੰ ਜਗਾਉਣ ਲਈ ਸ਼ਹੀਦੀ ਦੀ ਲੋੜ ਹੈ।" ਇਹ ਗੱਲ ਸੁਣ ਕੇ ਬਾਲ ਗੋਬਿੰਦ ਰਾਇ ਜੀ ਨੇ ਕਿਹਾ ਕਿ, "ਪਿਤਾ ਜੀ ਤੁਹਾਡੇ ਤੋਂ ਵੱਡਾ ਪਰਉਪਕਾਰੀ ਕੌਣ ਹੋ ਸਕਦਾ ਹੈ, ਧਰਮ ਦੀ ਰੱਖਿਆ ਅਤੇ ਮਨੁੱਖਤਾ ਦੀ ਲਾਜ ਜੇਕਰ ਸ਼ਹਾਦਤ ਨਾਲ ਰੱਖੀ ਜਾਣੀ ਹੈ ਤਾਂ ਤੁਸੀ ਜਾਓ, ਸ਼ਹੀਦੀ ਦਿਓ!" ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਕਹਿਣ 'ਤੇ ਪੰਡਤਾਂ ਨੇ ਔਰੰਗਜ਼ੇਬ ਨੂੰ ਸੁਨੇਹਾ ਭੇਜਿਆ ਕਿ ਜੇ ਸਾਡਾ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣਾ ਧਰਮ ਬਦਲ ਲੈਣ ਤਾਂ ਅਸੀਂ ਵੀ ਬਦਲ ਲਵਾਂਗੇ। ਔਰੰਗਜ਼ੇਬ ਦੁਆਰਾ ਗੁਰੂ ਸਾਹਿਬ ਨੂੰ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਗ੍ਰਿਫਤਾਰ ਕਰ ਕੇ ਦਿੱਲੀ ਲਿਆ ਕੇ ਤਸੀਹੇ ਦੇ ਕੇ ਕੋਹਿਆ ਗਿਆ। ਕਰਾਮਾਤਾਂ ਦਿਖਾਉਣ ਧਰਮ ਬਦਲਣ ਜਾਂ ਮੌਤ ਕਬੂਲਣ ਲਈ ਕਿਹਾ ਗਿਆ, ਗੁਰੂ ਸਾਹਿਬ ਨੇ ਸ਼ਹੀਦੀ ਨੂੰ ਪਹਿਲ ਦਿੱਤੀ। ਭਾਈ ਮਤੀ ਦਾਸ ਜੀ ਨੂੰ ਗੁਰੂ ਜੀ ਦੇ ਸਾਹਮਣੇ ਆਰੇ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਕੇ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ; ਪ੍ਰੰਤੂ ਇਹ ਗੁਰੂ ਦੇ ਮਹਾਨ ਸਿੱਖ ਸਿਦਕੋਂ ਨਹੀਂ ਡੋਲੇ ਅਤੇ ਸ਼ਹੀਦੀਆਂ ਪ੍ਰਾਪਤ ਕਰ ਗਏ।

੧੧ ਨਵੰਬਰ, ੧੬੭੫ ਈ. ਨੂੰ ਸਵੇਰ ਵੇਲੇ ਕਾਜ਼ੀ ਨੇ ਫਤਵਾ ਪੜ੍ਹਿਆ ਤੇ ਬਾਦਸ਼ਾਹੀ ਹੁਕਮ ਅਨੁਸਾਰ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਸਾਹਿਬ ਦੇ ਪਵਿੱਤਰ ਸੀਸ ਨੂੰ ਚੁੱਕ ਕੇ ਭਾਈ ਜੈਤਾ ਜੀ ਸ੍ਰੀ ਅਨੰਦਪੁਰ ਸਾਹਿਬ ਲੈ ਆਏ। ਬਾਲ ਗੋਬਿੰਦ ਰਾਇ ਜੀ ਨੇ ਉਸ ਨੂੰ ਛਾਤੀ ਨਾਲ ਲਾਇਆ ਅਤੇ "ਰੰਗਰੇਟਾ ਗੁਰੂ ਕਾ

ਬੇਟਾ" ਕਹਿ ਕੇ ਨਿਵਾਜਿਆ। ਗੁਰੂ ਸਾਹਿਬ ਦੇ ਧੜ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਗੱਡੇ ਵਿਚ ਪਾ ਕੇ ਘਰ ਲੈ ਗਿਆ ਅਤੇ ਘਰ ਨੂੰ ਅੱਗ ਲਾ ਕੇ ਪੂਰੇ ਸਤਿਕਾਰ ਨਾਲ ਗੁਰੂ ਜੀ ਦੇ ਸਰੀਰ ਦਾ ਸਸਕਾਰ ਕੀਤਾ।

ਦਸਵੇਂ ਗੁਰੂ ਜੀ ਨੇ ਸਮੇਂ ਦੀ ਹਕੂਮਤ ਨਾਲ ਆਹਮੋ-ਸਾਹਮਣੇ ਦੀ ਟੱਕਰ ਲਈ। ਖਾਲਸਾ ਪੰਥ ਦੀ ਸਿਰਜਣਾ ਕੀਤੀ, ਜਿਸਦੇ ਬੀਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨਾਲ ਬੀਜੇ ਜਾ ਚੁੱਕੇ ਸਨ। ਗੁਰੂ ਸਾਹਿਬ ਦੀ ਸ਼ਹੀਦੀ ਵਿਲੱਖਣ ਤੇ ਮਹਾਨ ਹੈ। ਉਨ੍ਹਾਂ ਮਾਨਵਤਾ ਤੇ ਧਰਮ ਦੇ ਰੱਖਿਅਕ ਬਣ ਕੇ ਆਪਣਾ ਸੀਸ ਧਰਮ ਦੀ ਅਜ਼ਾਦੀ ਲਈ ਵਾਰਿਆ। ਇਸ ਲਾਸਾਨੀ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ:

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥੧੩॥*
*ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥*

*(ਬਚਿਤ੍ਰ ਨਾਟਕ)*

## ਸਹਾਇਕ ਸ੍ਰੋਤ:

**੧.** *ਗੁਰੂ ਤੇਗ ਬਹਾਦਰ: ਜੀਵਨ ਸੰਦੇਸ਼ ਤੇ ਸ਼ਹਾਦਤ:* ਤਾਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**੨.** *ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ:* ਤਾਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**੩.** *ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਸ਼ਲੇਸ਼ਨਾਤਮਿਕ ਅਧਿਐਨ,* ਡਾ. ਮਹਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

**੪.** *ਬਚਨ: ਗੁਰੂ ਤੇਗ ਬਹਾਦਰ ਜੀ ਦੇ,* ਡਾ. ਮਹਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

**੫.** *ਵਿਸ਼ਵ ਧਰਮ ਬਾਨੀ ਗ੍ਰੰਥ,* ਸੰਪ੍ਰਦਾਇ ਅਤੇ ਚਿੰਤਕ, ਡਾ. ਸਰਬਜਿੰਦਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

■

***ਕਾਹੇ ਰੇ ਬਨ ਖੋਜਨ ਜਾਈ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥੨॥੧॥***

***(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)***

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਆਏ ਦ੍ਰਿਸ਼ਟਾਂਤ

*-ਡਾ. ਹਰਪ੍ਰੀਤ ਸਿੰਘ ਨਾਜ਼**

## ੧.੦ ਭੂਮਿਕਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਉਹ ਅਧਿਆਤਮਿਕ ਅਨੁਭਵਾਂ ਨਾਲ ਭਰਪੂਰ ਅਤੇ ਡੂੰਘੇ ਚਿੰਤਨ ਵਾਲੀ ਹੈ, ਜਿਸ ਨੂੰ ਸਮਝਣ ਲਈ ਲੰਮੇ ਅਨੁਭਵ ਦੀ ਜ਼ਰੂਰਤ ਹੈ ਪਰ ਗੁਰੂ ਸਾਹਿਬ ਨੇ ਸਾਡੇ 'ਤੇ ਪਰਉਪਕਾਰ ਕਰਦੇ ਹੋਏ ਬਾਣੀ ਵਿਚ ਦ੍ਰਿਸ਼ਟਾਂਤ ਦੀ ਵਰਤੋਂ ਵਿਸ਼ੇਸ਼ ਰੂਪ ਵਿਚ ਕੀਤੀ ਹੈ। ਜਿਸ ਨਾਲ ਅਸੀਂ ਇਸ ਵਿਚ ਆਏ ਉਪਦੇਸ਼ਾਂ ਨੂੰ ਆਸਾਨੀ ਨਾਲ ਸਮਝ ਸਕੀਏ।

## ੨.੦ ਦ੍ਰਿਸ਼ਟਾਂਤ

ਦ੍ਰਿਸ਼ਟਾਂਤ ਅਸਲ ਵਿਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜੋ ਦ੍ਰਿਸ਼ਟ ਅਤੇ ਅੰਤ (दृष्ट+अन्त=दृष्टांत ) ਤੋਂ ਮਿਲ ਕੇ ਬਣਿਆ ਹੈ, ਜਿਸ ਦਾ ਅਰਥ ਹੈ - ਦ੍ਰਿਸ਼ ਦੁਆਰਾ ਪ੍ਰਤੱਖ ਕਰਕੇ ਅੰਤਮ ਰੂਪ ਪ੍ਰਦਾਨ ਕਰਨਾ। ਜਦੋਂ ਕੋਈ ਸੂਖਮ ਗੂੜ੍ਹ ਗੱਲ ਆਸਾਨ ਢੰਗ ਨਾਲ ਸਮਝਾਉਣੀ ਹੋਵੇ ਤਾਂ ਸਧਾਰਨ 'ਲੋਕ ਸਿਆਣਪ' ਵਿੱਚੋਂ ਕਿਸੇ ਇੱਕ ਮੁਹਾਵਰੇ ਨਾਲ ਸਮਝਾਉਣ ਨੂੰ ਦ੍ਰਿਸ਼ਟਾਂਤ ਕਹਿ ਦਿੱਤਾ ਜਾਂਦਾ ਹੈ। ਇਸ ਵਿਚ ਇੱਕ ਪੁਰਾਣੀ ਅਤੇ ਪ੍ਰਮਾਣਿਕ ਘਟਨਾ ਜਾਂ ਵਸਤੂ ਦਰਸਾਈ ਜਾਂਦੀ ਹੈ, ਜਿਸ ਤੋਂ ਗੱਲ ਸਪੱਸ਼ਟ ਹੋ ਜਾਵੇ।

ਦ੍ਰਿਸ਼ਟਾਂਤਾਂ ਵਿਚ ਅਕਸਰ ਕਿਸੇ ਮਨੁੱਖੀ ਪਾਤਰ, ਜਾਨਵਰ, ਨਿਰਜੀਵ ਵਸਤੂਆਂ ਨੂੰ ਦਰਸਾਇਆ ਜਾਂਦਾ ਹੈ। ਇਨ੍ਹਾਂ ਦੀ ਵਰਤੋਂ ਅਕਸਰ ਧਾਰਮਿਕ ਜਗਤ ਵਿਚ ਸਿੱਖਿਆ, ਪ੍ਰੇਰਨਾ ਅਤੇ ਨੈਤਿਕ ਮਾਰਗ-ਦਰਸ਼ਨ ਲਈ ਕੀਤੀ ਜਾਂਦੀ ਹੈ। ਇਸ ਨੂੰ ਅਸੀਂ ਆਮ ਤੌਰ 'ਤੇ ਉਦਾਹਰਨ ਵੀ ਕਹਿ ਦਿੰਦੇ ਹਾਂ। ਇਸ ਨੂੰ ਅੰਗਰੇਜ਼ੀ ਵਿਚ Illustration, Instance, Exemplification ਅਤੇ ਫ਼ਾਰਸੀ ਵਿਚ ਮਿਸਾਲ ਕਿਹਾ ਜਾਂਦਾ ਹੈ।

### ੨.੧ ਨੌਵੇਂ ਪਾਤਸ਼ਾਹ ਦੀ ਬਾਣੀ ਵਿਚ ਦ੍ਰਿਸ਼ਟਾਂਤ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਸਾਨੂੰ ਕਈ ਦ੍ਰਿਸ਼ਟਾਂਤ ਮਿਲਦੇ ਹਨ। ਗੁਰੂ ਜੀ ਨੇ ਜੋ ਦ੍ਰਿਸ਼ਟਾਂਤ ਪਸ਼ੂਆਂ ਦੇ ਦਿੱਤੇ ਹਨ, ਜਿਨ੍ਹਾਂ ਵਿਚ 'ਕੁੱਤੇ' ਅਤੇ 'ਹਾਥੀ' ਦੀਆਂ ਉਦਾਹਰਣਾਂ ਦਿੱਤੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ

---

** ਚਿੱਤਰਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ। ਮੋ. ੮੫੬੭੦-੨੦੯੯੫*

ਮਨੁੱਖੀ ਜ਼ਿੰਦਗੀ ਵਿਚ ਵਰਤੀਆਂ ਜਾਂਦੀਆਂ ਵਸਤਾਂ: 'ਘੜੇ' ਅਤੇ 'ਸ਼ੀਸ਼ੇ' ਦਾ ਜ਼ਿਕਰ ਕੀਤਾ ਹੈ। ਗੁਰੂ ਜੀ ਨੇ ਸੁਪਨੇ, ਬੁਲਬਲੇ, ਬੱਦਲਾਂ ਦੀ ਛਾਂ, ਰੇਤ ਦੀ ਕੰਧ ਦੇ ਰੂਪਕ ਵੀ ਬਾਣੀ ਵਿਚ ਦਿੱਤੇ ਹਨ। ਇਨ੍ਹਾਂ ਸਭਦਾ ਵਰਨਣ ਇਸ ਤਰ੍ਹਾਂ ਹੈ:

**ਸੁਆਨ**

ਸੁਆਨ ਸੰਸਕ੍ਰਿਤ ਦੇ ਸ੍ਵਾਨ ਦਾ ਹੀ ਬਦਲਵਾਂ ਰੂਪ ਹੈ, ਜਿਸ ਦਾ ਅਰਥ ਹੈ। ਕੁੱਤਾ ਲੋਕ ਸਿਆਣਪਾਂ ਵਿਚ ਕੁੱਤੇ ਦੀ ਪੂਛ ਬਾਰੇ ਮਸ਼ਹੂਰ ਹੈ ਕਿ ਇਹ ਸਿੱਧੀ ਨਹੀਂ ਹੋ ਸਕਦੀ। ਇਸ ਲਈ ਨੌਵੇਂ ਪਾਤਸ਼ਾਹ ਕਹਿੰਦੇ ਹਨ, ਜਿਵੇਂ ਕੁੱਤੇ ਦੀ ਪੂਛ ਸਿੱਧੀ ਨਹੀਂ ਰਹਿੰਦੀ, ਇਸੇ ਤਰ੍ਹਾਂ ਮੈਂ ਬਹੁਤ ਜਤਨ ਕੀਤਾ ਹੈ ਮੇਰਾ ਮਨ ਸਿੱਧਾ ਨਹੀਂ ਰਹਿੰਦਾ। ਹੇ ਨਾਨਕ! ਮੇਰੀ ਲਾਜ ਰੱਖ ਤਾਂ ਜੋ ਮੈਂ ਤੇਰਾ ਨਾਮ ਲੈ ਸਕਾਂ:

*ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ॥*
*ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ॥੩॥੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

**ਸੁਪਨਾ**

ਸੰਸਕ੍ਰਿਤ ਦੇ ਸ੍ਵਪਨ ਤੋਂ ਹੀ ਸੁਪਨਾ ਸ਼ਬਦ ਬਣਿਆ ਹੈ, ਜਿਸਦਾ ਅਰਥ ਹੈ, ਨੀਦ ਵਿਚ ਕੁਝ ਦੇਖਣ ਦੀ ਕ੍ਰਿਆ। ਸੁੱਤਾ ਵਿਅਕਤੀ ਜੋ ਕੁਝ ਸੁਪਨੇ ਵਿਚ ਦੇਖਦਾ ਹੈ, ਉਹ ਸਭ ਉਸ ਨੂੰ ਸੱਚ ਲਗਦਾ ਹੈ ਪਰ ਜਦੋਂ ਉਹ ਜਾਗਦਾ ਹੈ ਤਾਂ ਸਭ ਝੂਠ ਲਗਦਾ ਹੈ। ਇਸ ਲਈ ਹੀ ਗੁਰੂ ਸਾਹਿਬ ਫੁਰਮਾਉਂਦੇ ਹਨ, ਪ੍ਰਭੂ ਜੋ ਗਰੀਬਾਂ ਉਤੇ ਦਇਆ ਕਰਨ ਵਾਲਾ ਹੈ, ਜੋ ਸਦਾ (ਜੀਵਾਂ ਦੇ) ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ, ਤੂੰ ਉਸ ਨਾਲ ਪਿਆਰ ਕਿਉਂ ਨਹੀਂ ਵਧਾਉਂਦਾ। ਹੇ ਭਾਈ! ਜਿਵੇਂ ਰਾਤ ਦਾ ਸੁਪਨਾ ਹੁੰਦਾ ਹੈ ਤਿਵੇਂ ਇਹ ਸਾਰਾ ਜਗਤ ਤਾਂ ਨਾਸ਼ਵੰਤ ਹੈ, ਇਸ ਲਈ ਇਸ ਨੂੰ ਮਿਥਿਆ ਮੰਨੋ:

*ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ॥*
*ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ॥੨॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੧)*

ਇੱਕ ਹੋਰ ਥਾਂ ਤੇ ਗੁਰੂ ਸਾਹਿਬ ਕਹਿੰਦੇ ਹਨ ਕਿ ਜਿਵੇਂ ਸੁੱਤੇ ਪਏ ਸੁਪਨਾ ਆਉਂਦਾ ਹੈ ਅਤੇ ਉਸ ਵਿਚ ਜੋ ਦੇਖਦੇ ਹਾਂ, ਤਿਵੇਂ ਇਸ ਜਗਤ ਨੂੰ ਸਮਝ ਲੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਜਗਤ ਵਿਚ ਦਿਸ ਰਹੇ ਪਦਾਰਥਾਂ ਵਿਚ ਕੋਈ ਸਦੀਵੀ ਨਹੀਂ ਹੈ:

*ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥*
*ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

**ਕੁੰਚਰ ਇਸ਼ਨਾਨ**

ਹਾਥੀ, ਕੁੰਜ (ਸੰਘਣੇ ਜੰਗਲ) ਵਿਚ ਰਹਿੰਦਾ ਹੈ, ਇਸ ਲਈ ਉਸ ਦਾ ਨਾਮ ਕੁੰਜਰ ਜਾਂ ਕੁੰਚਰ ਪਿਆ। ਹਾਥੀ ਦੀ ਇੱਕ ਆਦਤ ਹੈ ਕਿ ਉਹ ਨਹਾਉਣ ਤੋਂ ਬਾਅਦ ਫਿਰ ਸਰੀਰ ਉੱਪਰ ਮਿੱਟੀ ਪਾ ਲੈਂਦਾ ਹੈ। ਇਸ ਮਾੜੀ ਆਦਤ ਨੂੰ ਮੁੱਖ ਰੱਖ ਕੇ ਗੁਰੂ ਜੀ ਫੁਰਮਾਉਂਦੇ ਹਨ, ਪਰਮਾਤਮਾ ਦਾ ਭਜਨ ਛੱਡ ਕੇ ਮਨੁੱਖ ਤੀਰਥ-ਇਸ਼ਨਾਨ ਕਰ, ਵਰਤ ਰੱਖ, ਦਾਨ-ਪੁੰਨ ਕਰ ਕੇ (ਆਪਣੇ) ਮਨ ਵਿਚ ਅਹੰਕਾਰ ਕਰਦਾ ਹੈ ਕਿ ਮੈਂ ਧਰਮੀ ਬਣ ਗਿਆ ਹਾਂ, ਪਰ ਉਸ ਦੇ ਇਹ ਸਾਰੇ ਕੀਤੇ ਕਰਮ ਇਉਂ ਵਿਅਰਥ ਚਲੇ ਜਾਂਦੇ ਹਨ ਜਿਵੇਂ ਹਾਥੀ ਦਾ ਕੀਤਾ ਹੋਇਆ ਇਸ਼ਨਾਨ:

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥੪੬॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)*

**ਘਟ**

ਸੰਸਕ੍ਰਿਤ ਦੀ ਧਾਤੂ ਘਟ ਦਾ ਅਰਥ ਹੈ - ਹੋਣਾ, ਇੱਕਠਾ ਕਰਨਾ ਹੈ। ਮਿੱਟੀ ਦਾ ਪਾਤਰ ਜਿਸ ਵਿਚ ਪਾਣੀ ਇਕੱਠਾ ਕੀਤਾ ਜਾਵੇ ਉਸ ਨੂੰ 'ਘਟ' ਜਾਂ 'ਘੜਾ' ਕਿਹਾ ਜਾਂਦਾ ਹੈ। ਪਰ ਘੜਾ ਮਿੱਟੀ ਦਾ ਬਣਿਆ ਹੁੰਦਾ ਹੈ, ਇਸ ਲਈ ਉਹ ਛੇਤੀ ਤਿੜਕ ਜਾਂਦਾ ਹੈ। ਇਸ ਦੀ ਉਦਾਹਰਨ ਦਿੰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ, ਹੇ ਮਨੁਖ! ਜੇ ਤੂੰ ਪਰਮਾਤਮਾ ਦਾ ਨਾਮ ਸਿਮਰਨਾ ਹੈ ਤਾਂ ਦਿਨ ਰਾਤ ਇੱਕ ਕਰ ਕੇ ਸਿਮਰਨਾ ਸ਼ੁਰੂ ਕਰ ਦੇ, (ਕਿਉਂਕਿ) ਜਿਵੇਂ ਤਿੜਕੇ ਹੋਏ ਘੜੇ ਵਿੱਚੋਂ ਪਾਣੀ ਹੌਲੀ-ਹੌਲੀ ਨਿਕਲਦਾ ਰਹਿੰਦਾ ਹੈ, ਤਿਵੇਂ ਹੀ ਇਕ ਇਕ ਛਿਨ ਕਰ ਕੇ ਉਮਰ ਬੀਤਦੀ ਜਾ ਰਹੀ ਹੈ:

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੬)*

**ਮੁਕੁਰ**

ਸੰਸਕ੍ਰਿਤ ਮੁਕੁਰ ਨਾਮ 'ਸ਼ੀਸ਼ੇ' ਜਾਂ 'ਦਰਪਣ' ਲਈ ਵਰਤਿਆ ਜਾਂਦਾ ਹੈ। ਸ਼ੀਸ਼ਾ ਅਸੀਂ ਆਪਣੀ ਛਾਇਆ ਜਾਂ ਛਵੀ ਦੇਖਣ ਲਈ ਪ੍ਰਯੋਗ ਕਰਦੇ ਹਾਂ। ਇਸ ਲਈ ਗੁਰੂ ਜੀ ਫੁਰਮਾਉਂਦੇ ਹੋਏ ਸਮਝਾਉਂਦੇ ਹਨ, ਜਿਵੇਂ ਫੁੱਲ ਵਿਚ ਸੁਗੰਧੀ ਅਤੇ ਜਿਵੇਂ ਸ਼ੀਸ਼ੇ ਵਿਚ (ਸ਼ੀਸ਼ਾ ਵੇਖਣ ਵਾਲੇ ਦਾ) ਅਕਸ ਵਸਦਾ ਹੈ, ਤਿਵੇਂ ਪਰਮਾਤਮਾ ਸਭਨਾਂ ਦੇ ਅੰਦਰ ਇਕ-ਰਸ ਵਸਦਾ ਹੈ। ਇਸ ਵਾਸਤੇ, ਉਸ ਨੂੰ ਆਪਣੇ ਹਿਰਦੇ ਵਿਚ ਹੀ ਲੱਭੋ:

*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥*

*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*

**ਪਸ਼ੂ**

ਸਭ ਜੂਨਾਂ ਵਿਚ ਮਨੁੱਖ ਜੂਨੀ ਉੱਤਮ ਹੈ, ਉਸ ਨੂੰ ਇਹ ਸਰੀਰ ਪ੍ਰਭੂ ਨੂੰ ਪਾਉਣ ਲਈ ਮਿਲਿਆ ਹੈ। ਪਸ਼ੂ ਆਦਿ ਜੂਨਾਂ ਭੋਗ ਜੂਨਾਂ ਹਨ ਪਰ ਮਨੁੱਖ ਨੇ ਭੋਗੀ ਨਹੀਂ ਬਣਨਾ ਬਲਕਿ ਪ੍ਰਭੂ ਵਿਚ ਅਭੇਦ ਹੋਣਾ ਹੈ। ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫੁਰਮਾਉਂਦੇ ਹਨ ਕਿ, ਤੂੰ ਗੁਰੂ ਦੀ ਸਿੱਖਿਆ ਗ੍ਰਹਿਣ ਨਹੀਂ ਕਰਦਾ। ਸਿਰ ਭੀ ਮੁਨਾ ਲਿਆ ਤੇ, ਭਗਵੇ ਕੱਪੜੇ ਵੀ ਪਾ ਲਏ ਪਰ ਉਸ ਨਾਲ ਕੀ ਬਣਿਆ? ਪ੍ਰਭੂ ਦਾ ਨਾਮ ਛੱਡ ਕੇ ਨਾਸ਼ਵੰਤ ਪਦਾਰਥਾਂ ਵਿਚ ਹੀ ਸੁਰਤਿ ਜੋੜ ਰੱਖੀ, ਛਲ ਕਰ ਕੇ ਆਪਣਾ ਪੇਟ ਪਾਲਦਾ ਰਿਹਾ ਤੇ ਪਸ਼ੂਆਂ ਵਾਂਗ ਪੇਟ ਭਰ ਸੁੱਤਾ ਰਹਿੰਦਾ ਹੈ:

*ਮਨ ਰੇ ਗਹਿਓ ਨ ਗੁਰ ਉਪਦੇਸੁ॥*
*ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ॥੧॥ ਰਹਾਉ॥*
*ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ॥*
*ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

**ਪਾਹਨ**

ਸੰਸਕ੍ਰਿਤ ਪਾਸ਼ਾਣ ਸਿੰਧੀ ਭਾਸ਼ਾ ਵਿਚ ਜਾ ਕੇ ਪਾਹਣੁ ਬਣ ਗਿਆ, ਜਿਸ ਦਾ ਅਰਥ ਪੱਥਰ ਹੈ। ਗੁਰੂ ਸਾਹਿਬ ਪੱਥਰ ਦੀ ਉਦਾਹਰਨ ਦਿੰਦੇ ਹੋਏ ਕਹਿੰਦੇ ਹਨ ਕਿ ਜਿਵੇਂ ਪੱਥਰ ਪਾਣੀ ਵਿਚ ਰੱਖਿਆ ਹੋਇਆ ਹੋਵੇ ਤਾਂ ਉਸ ਨੂੰ ਪਾਣੀ ਵਿੰਨ੍ਹ ਨਹੀਂ ਸਕਦਾ ਭਾਵ ਪਾਣੀ ਉਸ ਉੱਤੇ ਅਸਰ ਨਹੀਂ ਕਰ ਸਕਦਾ, ਬਿਲਕੁਲ ਇਹੋ ਜਿਹਾ ਹੀ ਉਸ ਮਨੁੱਖ ਨੂੰ ਸਮਝੋ, ਜੋ ਪ੍ਰਭੂ ਦੀ ਭਗਤੀ ਤੋਂ ਹੀਣਾ ਹੈ:

*ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥*
*ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੧)*

**ਬੱਦਲਾਂ ਦੀ ਛਾਂ**

ਸੰਸਕ੍ਰਿਤ ਵਿਚ ਪਾਣੀ ਦੇਣ ਵਾਲੇ ਮੇਘ ਨੂੰ ਵਾਰਿਦ ਕਿਹਾ ਜਾਂਦਾ ਹੈ, ਜੋ ਬਦਲ ਕੇ ਬਾਦਰ, ਫਿਰ ਬੱਦਲ ਬਣ ਗਿਆ। ਬੱਦਲ ਦੀ ਛਾਂ ਥਿਰ ਨਹੀਂ ਰਹਿੰਦੀ, ਇਸ ਨੂੰ ਮੁੱਖ ਰੱਖ ਗੁਰੂ ਜੀ ਉਚਾਰਦੇ ਹਨ ਕਿ ਇਹ ਸਰੀਰ, ਇਹ ਧਨ ਸਦਾ ਲਈ ਨਹੀਂ ਰਹਿੰਦੇ ਤੂੰ ਕਿਸ ਨਾਲ ਪਿਆਰ ਬਣਾਈ ਬੈਠਾ ਹੈਂ? ਇਹ ਜੋ ਕੁਝ ਦਿੱਸ ਰਿਹਾ ਹੈ ਸਭ ਨਾਸ਼ਵੰਤ ਹੈ ਜਿਵੇਂ ਕਿ ਬੱਦਲਾਂ ਦੀ ਛਾਂ ਹੁੰਦੀ ਹੈ:

*ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥*

*ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੧)*

**ਬਾਲੂ ਕੀ ਭੀਤ**

ਬਾਲੂ ਜਾਂ ਰੇਤ ਨਾਲ ਖੇਡਦੇ ਬੱਚੇ, ਉਸ ਨਾਲ ਕੰਧਾਂ ਬਣਾ ਕੇ ਘਰ ਆਦਿਕ ਬਣਾ ਲੈਂਦੇ ਹਨ ਪਰ ਉਹ ਚਾਰ ਦਿਨ ਨਹੀਂ ਰਹਿੰਦਾ ਛੇਤੀ ਹੀ ਗਿਰ ਜਾਂਦਾ ਹੈ, ਇਸ ਦੀ ਉਦਾਹਰਨ ਦਿੰਦੇ ਹੋਏ ਨੌਵੇਂ ਪਾਤਸ਼ਾਹ ਆਪਣੀ ਬਾਣੀ ਵਿਚ ਲਿਖਦੇ ਹਨ:

*ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ॥*
*ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸ ਧਨ ਨੂੰ ਸੁਪਨੇ ਵਿਚ ਮਿਲੇ ਪਦਾਰਥਾਂ ਵਾਂਗ ਸਮਝ। ਤੂੰ ਕਿਸ ਵਸਤ ਦਾ ਅਹੰਕਾਰ ਕਰਦਾ ਹੈਂ? ਸਾਰੀ ਧਰਤੀ ਦਾ ਰਾਜ ਵੀ ਰੇਤ ਦੀ ਕੰਧ ਵਰਗਾ ਹੀ ਹੈ:

*ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ॥*
*ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੨)*

ਗੁਰੂ ਸਾਹਿਬ ਇੱਕ ਥਾਂ 'ਤੇ ਹੋਰ ਫੁਰਮਾਉਂਦੇ ਹਨ ਕਿ ਸੱਚੀ ਗੱਲ ਤਾਂ ਇਹ ਜਾਣੋ ਕਿ ਇਸ ਜਗਤ ਦੀ ਸਾਰੀ ਰਚਨਾ ਹੀ ਨਾਸ਼ਵੰਤ ਹੈ। ਰੇਤ ਦੀ ਕੰਧ ਵਾਂਗ ਇਸ ਜਗ ਦੀ ਕੋਈ ਭੀ ਵਸਤ ਸਦਾ ਕਾਇਮ ਰਹਿਣ ਵਾਲੀ ਨਹੀਂ:

*ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥*
*ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥੪੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)*

**ਬਦਬੁਦਾ**

ਸ਼ਬਦ ਬੁਦਬੁਦਾ ਹੀ ਹੁਣ ਬਦਲ ਕੇ ਬਲਬੁਲਾ ਬਣ ਗਿਆ ਹੈ। ਇਸਦਾ ਦ੍ਰਿਸ਼ਟਾਂਤ ਦਿਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ ਕਿ ਜਿਵੇਂ ਪਾਣੀ ਵਿਚ ਬੁਲਬੁਲਾ ਬਣਦਾ ਹੈ ਅਤੇ ਉਹ ਕੁਝ ਪਲਾਂ ਵਿਚ ਨਾਸ਼ ਹੋ ਜਾਂਦਾ ਹੈ। ਉਸੇ ਤਰ੍ਹਾਂ ਇਹ ਜਗਤ ਹੈ ਇਹ ਪੈਦਾ ਹੁੰਦਾ ਰਿਹਾ ਹੈ ਅਤੇ ਨਾਸ਼ ਹੁੰਦਾ ਰਿਹਾ ਹੈ, ਇਹ ਪਰਮਾਤਮਾ ਦੀ ਖੇਡ ਹੈ:

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥੨੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

**ਭੀਤ ਚਿੱਤਰ**

ਗੁਰੂ ਸਾਹਿਬ ਦੇ ਸਮੇਂ ਵਿਚ ਇਮਾਰਤਾਂ ਨੂੰ ਸੁੰਦਰ ਬਣਾਉਣ ਲਈ ਕੰਧਾਂ ਜਾਂ

ਭੀਤਾਂ ਤੇ ਚਿੱਤਰ ਬਣਾਏ ਜਾਂਦੇ ਸਨ, ਜਿਨ੍ਹਾਂ ਨੂੰ ਭੀਤ ਜਾਂ ਕੰਧ ਚਿੱਤਰ ਕਿਹਾ ਜਾਂਦਾ ਸੀ। ਇਹ ਚਿੱਤਰ ਬਣਾਉਣ ਦੀ ਇੱਕ ਵਿਸ਼ੇਸ਼ ਤਕਨੀਕ ਸੀ, ਜਿਸ ਵਿਚ ਗਿੱਲੇ ਗੱਚ ਤੇ ਹੀ ਚਿੱਤਰ ਬਣਾ ਦਿੱਤੇ ਜਾਂਦੇ ਅਤੇ ਇਹ ਸੁੱਕਣ ਨਾਲ ਪੱਕੇ ਹੋ ਜਾਂਦੇ ਅਤੇ ਮੀਂਹ ਆਦਿ ਦੇ ਬਾਵਜੂਦ ਮਿਟਦੇ ਨਹੀਂ ਸਨ। ਇਸ ਲਈ ਗੁਰੂ ਜੀ ਕਹਿੰਦੇ ਹਨ, ਜਿਵੇਂ ਕੰਧ ਉਤੇ ਕਿਸੇ ਮੂਰਤੀਮਾਨ ਕੀਤਾ ਰੂਪ ਕੰਧ ਨੂੰ ਨਹੀਂ ਛੱਡਦਾ, ਤਿਵੇਂ ਮਾਇਆ ਦੇ ਮੋਹ ਵਿਚ ਫਸਿਆ ਮਨ ਨਿਕਲ ਨਹੀਂ ਸਕਦਾ:

*ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ॥*
*ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ॥੩੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਬੜੇ ਸੁੰਦਰ ਦ੍ਰਿਸ਼ਟਾਂਤ ਮਿਲਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਹਰ ਜੀਵ ਵਿਚ ਆਤਮਾ ਇਸ ਤਰ੍ਹਾਂ ਵਸਦੀ ਹੈ ਜਿਵੇਂ ਸ਼ੀਸ਼ੇ ਵਿਚ ਅਕਸ ਅਤੇ ਫੁੱਲ ਵਿਚ ਸੁਗੰਧ ਰਹਿੰਦੀ ਹੈ। ਇਸ ਆਤਮਿਕ ਸਰੂਪ ਨੂੰ ਜਾਣਨ ਲਈ ਗੁਰੂ ਦੀ ਸਿੱਖਿਆ ਗ੍ਰਹਿਣ ਕਰ, ਪਸ਼ੂ ਵਾਂਗ ਸੁੱਤਾ ਨਾ ਰਹਿ। ਮਨੁੱਖੀ ਜੀਵਨ ਸੁਪਨੇ, ਰੇਤ ਦੀ ਕੰਧ, ਬੱਦਲ ਦੀ ਛਾਂ ਅਤੇ ਬੁਲਬੁਲੇ ਵਾਂਗ ਛੇਤੀ ਨਾਸ਼ ਹੋਣ ਵਾਲਾ ਹੈ, ਉਮਰ ਤਿੜਕੇ ਘੜੇ ਦੇ ਪਾਣੀ ਵਾਂਗ ਲਗਾਤਾਰ ਘਟ ਰਹੀ ਹੈ ਪਰ ਮਨ ਕੰਧ ਚਿੱਤਰ ਵਾਂਗ ਹਮੇਸ਼ਾ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ। ਇਸ ਸਭ ਤੋਂ ਭਗਤੀ ਨਾਲ ਹੀ ਮੁਕਤੀ ਹੋ ਸਕਦੀ ਹੈ, ਭਗਤੀ-ਹੀਣ ਮਨੁੱਖ ਦੀ ਦਸ਼ਾ ਪੱਥਰ ਜਿਹੀ ਹੁੰਦੀ ਹੈ। ਗੁਰੂ ਸਾਹਿਬ ਹਉਮੈਂ-ਹੰਕਾਰ ਤੋਂ ਬੱਚਣ ਲਈ ਵੀ ਪ੍ਰੇਰਦੇ ਹਨ, ਉਹ ਦੱਸਦੇ ਹਨ ਕਿ ਹੰਕਾਰ ਤਾਂ ਦਾਨ ਵੀ ਇਸ ਤਰ੍ਹਾਂ ਹੈ, ਜਿਵੇਂ ਹਾਥੀ ਨਹਾ ਕੇ ਫਿਰ ਉੱਪਰ ਮਿੱਟੀ ਸੁੱਟ ਲੈਂਦਾ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਗੰਭੀਰ ਅਧਿਆਤਮਿਕ ਸਿਧਾਂਤਾਂ ਨੂੰ ਦ੍ਰਿਸ਼ਟਾਂਤ ਵਰਤਕੇ ਆਮ ਲੋਕਾਂ ਦੀ ਭਾਸ਼ਾ ਵਿਚ ਸਮਝਾਇਆ ਗਿਆ ਹੈ। ਦ੍ਰਿਸ਼ਟਾਂਤ ਜਿੱਥੇ ਕਾਵਿ ਰਚਨਾ ਨੂੰ ਨਾਂ ਸਿਰਫ ਸੁੰਦਰ ਬਣਾਉਂਦੇ ਹਨ, ਸਗੋਂ ਪਾਠਕ ਦੀ ਅੰਤਰ-ਚੇਤਨਾ ਤਕ ਪ੍ਰਭਾਵਸ਼ਾਲੀ ਸੰਦੇਸ਼ ਪਹੁੰਚਾਉਂਦੇ ਹਨ। ਇਸ ਲਈ ਹੀ ਨੌਂਵੇਂ ਪਾਤਸ਼ਾਹ ਦੀ ਬਾਣੀ ਨੇ ਲੋਕਾਈ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ।

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਪ੍ਰਚਾਰ ਯਾਤਰਾਵਾਂ

*-ਡਾ. ਆਤਮਾ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ੧ ਅਪ੍ਰੈਲ, ੧੬੨੧ ਈ. (ਵੈਸਾਖ ਵਦੀ ੫, ੫ ਵੈਸਾਖ, ੧੬੭੮ ਬਿਕ੍ਰਮੀ) ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਵਿਚ ਹੋਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਆਪ ਦੇ ਦਾਦਾ ਜੀ ਸਨ। ਆਪ ਦਾ ਬਚਪਨ ਵਿਚ ਨਾਮ ਤਿਆਗ ਮੱਲ ਸੀ। ਛੋਟੇ ਹੁੰਦਿਆਂ ਤੋਂ ਹੀ ਤਿਆਗ ਮੱਲ ਜੀ ਪਰਮਾਤਮਾ ਦੀ ਭਗਤੀ ਵਿਚ ਦਿਲਚਸਪੀ ਰੱਖਦੇ ਸਨ। ਆਪ ਦਾ ਵਿਆਹ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਸੰਨ ੧੬੩੨ ਈ. (੧੫ ਅੱਸੂ, ੧੬੮੯ ਬਿ.) ਵਿਚ ਹੋਇਆ।[੧] ਸੰਨ ੧੬੪੪ ਈ. ਵਿਚ ਆਪ ਆਪਣੀ ਪਤਨੀ ਅਤੇ ਮਾਤਾ ਸਹਿਤ ਬਕਾਲਾ ਪਿੰਡ ਵਿਚ ਆ ਵਸੇ। ਆਪ ਚੇਤ ਸੁਦੀ ੧੪ (੨੩ ਚੇਤ) ਸੰਮਤ ੧੭੨੨ ਮੁਤਾਬਕ ੨੦ ਮਾਰਚ, ੧੬੬੫ ਈ. ਨੂੰ ਗੁਰਿਆਈ-ਆਸੀਨ ਹੋਏ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗੁਰਿਆਈ ਮਿਲਣ ਤੋਂ ਬਾਅਦ ਪ੍ਰਚਾਰ ਯਾਤਰਾਵਾਂ ਅਰੰਭ ਕੀਤੀਆਂ ਅਤੇ ਪ੍ਰਚਾਰ ਦੌਰਾਨ ਭੁੱਲੇ-ਭਟਕੇ ਲੋਕਾਂ ਦਾ ਮਾਰਗ ਦਰਸ਼ਨ ਕਰਨ ਦੇ ਨਾਲ-ਨਾਲ ਸਮਾਜਿਕ ਤੇ ਲੋਕ-ਭਲਾਈ ਦੇ ਕਾਰਜਾਂ ਨੂੰ ਵੀ ਨੇਪਰੇ ਚਾੜ੍ਹਿਆ।

**ਪੰਜਾਬ ਦੀ ਯਾਤਰਾ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਅਰੰਭ ਕੀਤੀ। ਬਾਬੇ ਬਕਾਲੇ ਤੋਂ ਸਿੱਧਾ ਆਪ ਕਾਲੇਕੇ[੨] ਪਹੁੰਚੇ। ਗੋਇੰਦਵਾਲ ਤੋਂ ਹੁੰਦੇ ਹੋਏ ਤਰਨ ਤਾਰਨ ਸਾਹਿਬ ਦੀ ਯਾਤਰਾ ਕਰ ਕੇ ਆਪ ਸ੍ਰੀ ਅੰਮ੍ਰਿਤਸਰ ਪਹੁੰਚੇ। ਇੱਥੇ ਆ ਕੇ ਇਸ਼ਨਾਨ ਕੀਤਾ, ਪਰ ਪੁਜਾਰੀਆਂ ਨੇ ਆਪ ਨੂੰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਨਾ ਜਾਣ ਦਿੱਤਾ ਤੇ ਦਰਵਾਜ਼ੇ ਬੰਦ ਕਰ ਦਿੱਤੇ। ਉਸ ਵੇਲੇ ਪ੍ਰਿਥੀ ਚੰਦ ਦੇ ਲੜਕੇ ਮਿਹਰਬਾਨ ਦੀ ਪੀੜ੍ਹੀ ਦਾ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਉੱਪਰ ਕਬਜ਼ਾ ਸੀ। ਗੁਰੂ ਜੀ ਕੁਝ ਸਮਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਨਜ਼ਦੀਕ ਬੈਠੇ ਜਿੱਥੇ ਅੱਜਕਲ੍ਹ ਗੁਰਦੁਆਰਾ ਭੋਰਾ ਸਾਹਿਬ ਸਥਾਪਿਤ ਹੈ, ਬਾਅਦ ਵਿਚ ਪਿੰਡ ਵੱਲ੍ਹਾ ਵਿਖੇ ਆ ਗਏ। ਜਦੋਂ ਸ੍ਰੀ ਅੰਮ੍ਰਿਤਸਰ ਦੀ ਸੰਗਤ ਨੂੰ

** ਸਹਾਇਕ ਪ੍ਰੋਫੈਸਰ, ਬਾਬਾ ਅਜੈ ਸਿੰਘ ਖਾਲਸਾ ਕਾਲਜ, ਗੁਰਦਾਸ ਨੰਗਲ, ਗੁਰਦਾਸਪੁਰ। ਮੋ. ੯੮੭੮੮੮੩੬੮੦*

ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਵੱਲ੍ਹਾ ਪਿੰਡ ਪਹੁੰਚ ਕੇ ਗੁਰੂ ਜੀ ਤੋਂ ਭੁੱਲ ਬਖਸ਼ਾਈ। ਵੱਲ੍ਹਾ ਪਿੰਡ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਘੁੱਕੇਵਾਲੀ ਪਹੁੰਚੇ। ਇੱਥੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਗੁਰੂ ਕਾ ਬਾਗ ਸੁਸ਼ੋਭਿਤ ਹੈ।

ਬਾਬਾ ਬਕਾਲਾ ਸਾਹਿਬ ਤੋਂ ਹੁੰਦੇ ਹੋਏ ਗੁਰੂ ਜੀ ਕੀਰਤਪੁਰ ਸਾਹਿਬ ਨੂੰ ਚੱਲ ਪਏ। ਰਸਤੇ ਵਿਚ ਆਪ ਕਰਤਾਰਪੁਰ ਸਾਹਿਬ ਠਹਿਰੇ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਵਿਆਹ ਭਾਈ ਲਾਲ ਚੰਦ ਦੀ ਸਪੁੱਤਰੀ (ਮਾਤਾ) ਗੁਜਰੀ ਜੀ ਨਾਲ ਹੋਇਆ। ਚੱਕ ਗੁਰੂ (ਬੰਗਾ), ਨਵਾਂ ਸ਼ਹਿਰ, ਦੁਰਗਾਪੁਰ ਤੋਂ ਹੁੰਦੇ ਹੋਏ ਆਪ ਕੀਰਤਪੁਰ ਸਾਹਿਬ ਪਹੁੰਚੇ। ਕੀਰਤਪੁਰ ਸਾਹਿਬ ਰਹਿੰਦਿਆਂ ਆਪ ਨੇ ਨਜ਼ਦੀਕ ਹੀ ਮਾਖੋਵਾਲ ਵਿਖੇ ਜਗ੍ਹਾ ਦੀ ਚੋਣ ਕਰਕੇ ੧੯ ਜੂਨ ੧੬੬੫ ਈ. ਨੂੰ 'ਚੱਕ ਨਾਨਕੀ' ਨਗਰ ਦੀ ਸਥਾਪਨਾ ਕੀਤੀ।

"ਸੰਮਤ ਸਤਰਾਂ ਸੈ ਬਾਈਸ ਅਸਾਢ ਮਾਸ ਕੀ ਇਕੀਸ ਕੇ ਦਿਹੁੰ ਬਾਬਾ ਗੁਰਦਿੱਤਾ ਜੀ ਰੰਧਾਵਾ ਕੇ ਹਾਥ ਸੇ ਸਹੋਟੇ ਗਾਉਂ ਕੇ ਰਕਬਾ ਮੇਂ ਮਾਖੋਵਾਲ ਕੇ ਥੇਹ ਤੇ ਮੋੜ੍ਹੀ ਗਾਡੀ। ਇਸ ਨਏਂ ਗਾਉਂ ਕਾ ਨਾਮ 'ਚੱਕ ਨਾਨਕੀ' ਰਾਖਾ।"[੩]

ਬਾਅਦ ਵਿਚ ਇਸ ਨਗਰ ਦਾ ਨਾਮ ਸ੍ਰੀ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਸੀਸ ਗੰਜ, ਗੁਰਦੁਆਰਾ ਭੋਰਾ ਸਾਹਿਬ ਅਤੇ ਗੁਰਦੁਆਰਾ ਮੰਜੀ ਸਾਹਿਬ ਸ਼ੁਸ਼ੋਭਿਤ ਹਨ।

**ਮਾਲਵੇ ਦੀ ਯਾਤਰਾ**

ਸ੍ਰੀ ਅਨੰਦਪੁਰ ਸਾਹਬਿ ਤੋਂ ਧਮਤਾਨ ਤਕ ਗੁਰੂ ਜੀ ਇਨ੍ਹਾਂ ਪਿੰਡਾਂ ਸ਼ਹਿਰਾਂ ਵਿੱਚੋਂ ਦੀ ਗੁਜ਼ਰੇ।[੪] ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ, ਭਰਤਪੁਰ, ਘਨੌਲੀ, ਰੋਪੜ, ਭੱਠਾ ਸਾਹਿਬ, ਮੋਰਿੰਡਾ, ਟਹਿਲਪੁਰਾ, ਸਰਹੰਦ, ਹਰਪਾਲਪੁਰ, ਆਕੜ, ਨਥਾਣਾ, ਮਕਾਰੋਂਪੁਰ, ਅਨੰਦਪੁਰ, ਉਗਾਣੀ, ਧਰਮਗੜ੍ਹ, ਮੰਗਵਾਲ, ਉਡਨੀ, ਮਨੀਮਾਜਰਾ, ਹਸਨਪੁਰ, ਲੰਘ, ਭਗੜਾਣਾ, ਨੌਲਖਾ, ਸੈਫਾਬਾਦ, ਧਰਮਗੜ੍ਹ, ਨਰੜੂ, ਮੋਤੀਬਾਗ ਪਟਿਆਲਾ, ਸੀਂਭੜੋਂ, ਅਗੋਲ, ਰੋਹਟਾ, ਰਾਮਗੜ੍ਹ, ਗੁਣੀਕੇ, ਦੋਦੜਾ, ਆਲੋਹਰਖ, ਭਵਾਨੀਗੜ੍ਹ, ਢੋਡੇ, ਫਗੂਵਾਲਾ, ਨਾਗਰਾ, ਕਰਹਾਲੀ, ਦਿੜ੍ਹਬਾ, ਘਨੌੜ ਜੱਟਾਂ, ਬਾਉੜ ਹਾਈ, ਰਾਜੋਮਾਜਰਾ, ਮੂਲੋਵਾਲ, ਸੇਖਾ, ਕਟੂ, ਫਰਵਾਹੀ, ਹੰਢਿਆਇਆ, ਗੁਰੂਸਰ, ਧੌਲਾ, ਜੋਗਾ ਅਲੀਸ਼ਰ, ਜੋਧੇਕੋ, ਭੰਦੇਰ, ਭੋਪਾਲੀ, ਮੌੜ ਕਲਾਂ, ਭੈਣੀ ਬਾਘੇ ਕੀ, ਘੁੰਮਣ ਸਾਬੋ ਕੇ ਮੋੜ, ਡਿੱਖ, ਕੁੱਬੇ, ਟਾਹਲਾ ਸਾਹਿਬ, ਕੋਟ ਗੁਰੂ ਬਾਜਲ, ਜੱਸੀ, ਤਲਵੰਡੀ ਸਾਬੋ ਕੀ, ਮਈਸਰਖਾਨਾ, ਬਠਿੰਡਾ, ਖੀਵਾ ਕਲਾਂ, ਸਮਾਓ, ਭੀਖੀ, ਦਲੇਓ, ਕਣਕਵਾਲ ਕਲਾਂ, ਕੋਟ ਧਰਮੂ, ਸੂਲੀਸਰ, ਬਰਾ ਬਛੋਆਣਾ, ਗੋਬਿੰਦਗੜ੍ਹ, ਗੰਢੂ, ਗਾਗ ਮੂਣਕ, ਗੁਰਨੇ ਕਲ੍ਹਾਂ, ਲਲ੍ਹ ਕਲਾਂ, ਸ਼ਾਹਪੁਰ ਤੇ ਫਿਰ

ਧਮਤਾਨ ਜਿੱਥੇ ਆਪ ਜੀ ਨੂੰ ਕੈਦ ਕੀਤਾ ਗਿਆ।[੫]

**ਹਰਿਆਣੇ ਦੀ ਯਾਤਰਾ**

ਇਸ ਤੋਂ ਇਲਾਵਾ ਗੁਰੂ ਜੀ ਨੇ ਬਾਂਗਰ ਦੇ ਹੇਠ ਲਿਖੇ ਥਾਵਾਂ ਦੀ ਯਾਤਰਾ ਕੀਤੀ: ਬਸੀ ਪਠਾਣਾਂ, ਚੰਨਣਾ, ਸੋਢਲ-ਸੋਢੈਲ, ਤੰਦੋਵਾਲ, ਲਖਨੌਰ, ਮਕਾਰਪੁਰ, ਕਬੂਲਪੁਰ, ਨਨਹੇੜੀ, ਲਹਿਲ, ਦੁਖ ਨਿਵਾਰਨ, ਗੜ੍ਹੀ ਗੁਹਲਾ, ਭਾਗਲ, ਕਰਹਾਲੀ, ਚੀਕਾ, ਬੁੱਧਪੁਰ, ਸਿਆਣਾ ਸੱਯਦਾਂ, ਸਮਾਣਾ, ਕਰ੍ਹਾ, ਬੀਬੀਪੁਰ, ਪਹੋਆ, ਖਾਰਕ, ਖਟਕੜ, ਜੀਂਦ, ਲਾਖਣ ਮਾਜਰਾ, ਰੋਹਤਕ, ਮਕਰੋੜ, ਖਨੌਰ, ਬਹਰ ਜੱਖ, ਕੈਂਥਲ, ਬਾਰਨਾ, ਥਾਨੇਸਰ, ਝੀਉਰਹੇੜੀ, ਬਨੀ, ਬਦਰਪੁਰ, ਕਰਨਾਲ, ਕੜਾ ਮਾਨਕਪੁਰ, ਗੜ੍ਹੀ ਨਜ਼ੀਰ, ਰਾਇਪੁਰ ਹੇੜੀ, ਤਰਾਉੜੀ, ਖੜਕਪੁਰਾ, ਆਦਿ।[੬]

**ਪੂਰਬ ਦੀ ਯਾਤਰਾ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਥੁਰਾ, ਆਗਰਾ, ਇਟਾਵਾ, ਕਾਨਪੁਰ, ਲਖਨਊ, ਫਤਿਹਪੁਰ ਆਦਿ ਸ਼ਹਿਰਾਂ ਵਿੱਚੋਂ ਦੀ ਹੁੰਦੇ ਹੋਏ ਅਲਾਹਾਬਾਦ ਦਸੰਬਰ ੧੬੬੫ ਵਿਚ ਪਹੁੰਚ ਕੇ ਅਜੋਕੇ ਗੁਰਦੁਆਰਾ ਪੱਕੀ ਸੰਗਤ ਵਾਲੀ ਥਾਂ 'ਤੇ ਦਸੰਬਰ ੧੬੬੫ ਤੋਂ ਮਾਰਚ ੧੬੬੬ ਤਕ ਚਾਰ ਮਹੀਨੇ ਰਹੇ। ਅਲਾਹਾਬਾਦ ਦੇ ਪਿੱਛੋਂ ਮਿਰਜ਼ਾਪੁਰ ਹੁੰਦੇ ਹੋਏ ਬਨਾਰਸ ਪਹੁੰਚੇ ਜਿੱਥੇ ਦੋ ਹਫਤੇ ਰਹੇ। ਬਨਾਰਸ ਤੋਂ ਸਾਸਾਰਾਮ ਤੇ ਬੋਧ ਗਯਾ ਹੁੰਦੇ ਹੋਏ ਮਈ ੧੬੬੬ ਵਿਚ ਪਟਨਾ ਸਾਹਿਬ ਪਹੁੰਚੇ। ਆਪ ਅਕਤੂਬਰ ੧੬੬੬ ਵਿਚ ਢਾਕੇ ਪਹੁੰਚੇ। ੨੨ ਦਸੰਬਰ, ੧੬੬੬ ਈ. ਨੂੰ ਜਦ ਬਾਲ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਪ੍ਰਕਾਸ਼ ਹੋਇਆ ਤਾਂ ਗੁਰੂ ਜੀ ਨੂੰ ਭਾਈ ਮਿਹਰ ਚੰਦ ਤੇ ਭਾਈ ਕਲਿਆਣ ਦਾਸ ਰਾਹੀਂ ਇਹ ਸੂਚਨਾ ਢਾਕੇ ਹੀ ਮਿਲੀ। ਪਟਨੇ ਤੋਂ ਢਾਕੇ ਆਪ ਮੁੰਘੇਰ, ਭਾਗਲਪੁਰ, ਕੋਲਗਾਂਵ, ਰਾਜ ਮਹਿਲ, ਸੰਤ ਨਗਰ, ਮਾਲਦਾ, ਰਾਜਧਾਨੀ ਤੇ ਪਬਨਾ ਆਦਿ ਹੁੰਦੇ ਹੋਏ ਪਹੁੰਚੇ। ਧਰਮ ਪ੍ਰਚਾਰ ਹਿੱਤ ਢਾਕਾ ਤੋਂ ਗੁਰੂ ਜੀ ਸਿਲਹਟ ਗਏ ਜਿੱਥੇ ਚੌਮਾਸਾ ਕੱਟਿਆ। ਇਸ ਪਿੱਛੋਂ ਆਪ ਚਿੱਟਾਗਾਉਂ ਪਹੁੰਚੇ ਜਿੱਥੇ ੧੬੬੭ ਦੇ ਅਖੀਰ ਤਕ ਠਹਿਰੇ। ਸੰਨ ੧੬੬੮ ਦੀ ਜਨਵਰੀ ਨੂੰ ਆਪ ਫਿਰ ਢਾਕਾ ਪਰਤੇ ਜਿੱਥੇ ਟਿਕ ਕੇ ਨਾਮ ਪ੍ਰਚਾਰ ਕੀਤਾ।

ਢਾਕਾ ਤੋਂ ਦਸੰਬਰ ੧੬੬੮ ਵਿਚ ਰਾਜਾ ਰਾਮ ਸਿੰਘ ਨਾਲ ਆਸਾਮ ਗਏ ਤੇ ਫਰਵਰੀ ੧੬੬੯ ਨੂੰ ਢੁੱਬਰੀ (ਧੂਬੜੀ) ਪਹੁੰਚੇ। ਰਾਜਾ ਚਕਰਧਵਜ ਸਿੰਘ ਦੇ ਸੱਦੇ 'ਤੇ ਗੁਰੂ ਜੀ ਗੋਹਾਟੀ, ਹਜੋ ਤੇ ਤੇਜ਼ਪੁਰ ਗਏ। ਗੁਰੂ ਜੀ ਅਜੇ ਆਸਾਮ ਵਿਚ ਹੀ ਸਨ ਜਦ ੯ ਅਪ੍ਰੈਲ, ੧੬੬੯ ਨੂੰ ਔਰੰਗਜ਼ੇਬ ਦਾ ਫੁਰਮਾਨ ਜਾਰੀ ਹੋਇਆ ਕਿ ਗੈਰ-ਮੁਸਲਮਾਨਾਂ ਦੇ ਮੰਦਰ ਢਾਹ ਦਿੱਤੇ ਜਾਣ। ਗੁਰੂ ਜੀ ਵਾਪਸ ਪਰਤੇ ਤੇ ਢਾਕੇ ਕਲਕੱਤੇ, ਮਿਦਨਾਪੁਰ, ਬਾਲੇਸ਼ਵਰ, ਰੂਪਸਾ, ਕਟਕ, ਭੁਵਨੇਸ਼ਵਰ, ਜਗਨਨਾਥ ਪੁਰੀ, ਵਿਸ਼ਨੂੰਪੁਰ, ਬਾਂਕੁਰਾ, ਗੋਮੋਹ ਤੋਂ ਗਯਾ ਰਾਹੀਂ ਦੁਬਾਰਾ ਪਟਨਾ ਪਹੁੰਚੇ।[੭] ਪਰਵਾਰ ਨੂੰ ਪੰਜਾਬ

ਪਰਤਣ ਲਈ ਆਖ ਆਪ ਗੰਗਾ ਦੇ ਉੱਤਰੀ ਕੰਢੇ ਵਲੋਂ ਦੀ ਜੌਨਪੁਰ, ਅਯੁੱਧਿਆ, ਲਖਨਊ, ਸ਼ਾਹਜਾਨਪੁਰ, ਮੁਰਾਦਾਬਾਦ ਹੁੰਦੇ ਹੋਏ ਸੰਨ ੧੬੭੦ ਈ. ਨੂੰ ਦਿੱਲੀ ਪਹੁੰਚੇ। ਜਿੱਥੇ ਆਪ ਕੜਾਮਾਨਕਪੁਰ, ਸਢੌਲ, ਬਾਨਿਕਪੁਰ, ਰੋਹਤਕ, ਤਰਾਵੜੀ, ਬਣੀ ਬਦਰਪੁਰ, ਮੁਨੀਰਪੁਰ, ਅਜਰਾਣਾ ਕਲਾਂ, ਰਾਇਪੁਰ ਹੋੜੀ, ਝੀਉਰ ਹੇੜੀ, ਰੋਹੜਾ, ਥਾਨ ਤੀਰਥ, ਡੱਢੀ, ਬੁੱਧਪੁਰ, ਸਿਆਣਾ ਸੱਯਦਾਂ, ਥਾਨੇਸਰ, ਕੁਰਖੇਤਰ, ਬਰਨਾ, ਸਰਸਵਤੀ, ਕੈਥਲ, ਪਹੋਆ, ਕਰਾ ਸਾਹਿਬ, ਚੀਕਾ, ਭਾਗਲ, ਗੂਲ੍ਹਾ, ਗੜ੍ਹੀ ਨਜ਼ੀਰ, ਸਮਾਣਾ ਆਦਿ ਹੁੰਦੇ ਹੋਏ ਸੈਫਾਬਾਦ ਰਾਹੀਂ ਵਾਪਸ ਅਨੰਦਪੁਰ ਮਾਰਚ ੧੬੭੧ ਵਿਚ ਪਹੁੰਚੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਭ ਤੋਂ ਵਧੇਰੇ ਪ੍ਰਚਾਰ ਯਾਤਰਾਵਾਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਕਿ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਅਤੇ ਬੰਗਲਾਦੇਸ਼ ਤਕ ਫੈਲੀਆਂ ਹੋਈਆਂ ਹਨ। ਇਨ੍ਹਾਂ ਅਸਥਾਨਾਂ 'ਤੇ ਗੁਰੂ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ ਮੌਜੂਦ ਹਨ ਜਿਹੜੇ ਕਿ ਉਨ੍ਹਾਂ ਦੀ ਦੈਵੀ ਹਸਤੀ ਅਤੇ ਪਰਉਪਕਾਰ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਗੁਰੂ ਜੀ ਦੀਆਂ ਇਨ੍ਹਾਂ ਯਾਤਰਾਵਾਂ ਦਾ ਮਨੋਰਥ ਮਨੁੱਖਤਾ ਨੂੰ ਪ੍ਰਭੂ-ਮੁਖੀ ਅਤੇ ਸਦਾਚਾਰੀ ਜੀਵਨ-ਜਾਚ ਵੱਲ ਪ੍ਰੇਰਿਤ ਕਰਨਾ ਸੀ ਪਰ ਇਸ ਦੇ ਨਾਲ ਹੀ ਗੁਰੂ ਜੀ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਦਾ ਵੀ ਸਮਾਧਾਨ ਕਰਦੇ ਨਜ਼ਰ ਆਉਂਦੇ ਹਨ ਜਿਵੇਂ ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਛੱਪੜ ਸਾਫ਼ ਕਰਾਉਣ ਅਤੇ ਖੂਹ ਲਵਾਉਣ ਵਿਚ ਵਿਸ਼ੇਸ਼ ਰੁਚੀ ਲੈਂਦੇ ਸਨ। ਪਾਣੀ ਦੀ ਪੂਰਤੀ ਲਈ ਖੂਹ ਲਵਾਉਣਾ ਇਕ ਵੱਡਾ ਕੰਮ ਸੀ ਜਿਹੜਾ ਕਿ ਕੋਈ ਹਾਰੀ-ਸਾਰੀ ਨਹੀਂ ਕਰ ਸਕਦਾ ਸੀ। ਆਮ ਲੋਕਾਂ ਲਈ ਪਾਣੀ ਦੀ ਪੂਰਤੀ ਇਨ੍ਹਾਂ ਖੂਹਾਂ ਤੋਂ ਹੀ ਹੁੰਦੀ ਸੀ ਇਸ ਲਈ ਜਿਹੜੇ ਪਿੰਡ ਵਿਚ ਜਿਹੜਾ ਵੀ ਵਿਅਕਤੀ ਖੂਹ ਲਵਾਉਣ ਦੀ ਇੱਛਾ ਰੱਖਦਾ ਸੀ, ਗੁਰੂ ਜੀ ਉਸ ਨੂੰ ਉਤਸ਼ਾਹ ਅਤੇ ਪ੍ਰੇਰਨਾ ਬਖ਼ਸ਼ਦੇ ਸਨ। ਨਵੇਂ ਖੂਹ ਲਵਾਉਣ ਦੇ ਨਾਲ-ਨਾਲ ਪੁਰਾਤਨ ਖੂਹਾਂ ਦੇ ਪਾਣੀ ਨੂੰ ਵਰਤੋਂ ਯੋਗ ਬਣਾਉਣ ਵਿਚ ਗੁਰੂ ਜੀ ਦਾ ਵਿਸ਼ੇਸ਼ ਯੋਗਦਾਨ ਸੀ।[੯]

ਗੁਰੂ ਜੀ ਦੀਆਂ ਜੀਵਨ ਯਾਤਰਾਵਾਂ ਵਿੱਚੋਂ ਮਾਫ ਕਰਨ ਦਾ ਗੁਣ ਬਹੁਤ ਉੱਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਕਿਸੇ ਪਿੰਡ ਵਿਚ ਗੁਰੂ ਜੀ ਦਾ ਸਤਿਕਾਰ ਨਹੀਂ ਹੁੰਦਾ ਜਾਂ ਹਉਮੈਂ ਵੱਸ ਕੋਈ ਨਿਰਾਦਰ ਕਰ ਦਿੰਦਾ ਹੈ ਤਾਂ ਉਹ ਕਿਸੇ ਨੂੰ ਕੁਝ ਕਹੇ ਬਗ਼ੈਰ ਅੱਗੇ ਚਲੇ ਜਾਂਦੇ ਹਨ। ਜਦੋਂ ਪਿੰਡ ਵਾਸੀਆਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਗੁਰੂ ਜੀ ਤੋਂ ਮਾਫੀ ਮੰਗਣ ਲਈ ਉਨ੍ਹਾਂ ਦੇ ਪਿੱਛੇ ਅਗਲੇ ਪਿੰਡ ਚਲੇ ਜਾਂਦੇ ਹਨ। ਪਿੰਡ ਵਾਸੀਆਂ ਨੂੰ ਉਨ੍ਹਾਂ ਦੀ ਗਲਤੀ ਦਾ ਅਹਿਸਾਸ ਹੋਇਆ ਦੇਖ ਕੇ ਗੁਰੂ ਜੀ

ਉਨ੍ਹਾਂ ਨੂੰ ਮਾਫ ਕਰ ਦਿੰਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਸ਼ਾਂਤੀ, ਸਾਂਝ, ਸਦਭਾਵਨਾ, ਸੇਵਾ ਅਤੇ ਸਰਬੱਤ ਦੇ ਭਲੇ ਵਾਲਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਮਨੁੱਖ ਦੇ ਬਣਾਏ ਧਰਮ ਤੋਂ ਉੱਪਰ ਉੱਠ ਕੇ ਸਰਬ-ਸਾਂਝੇ ਧਰਮ ਅਰਥਾਤ ਮਾਨਵਤਾ, ਅਹਿੰਸਾ, ਦਇਆ, ਅਮਨ ਅਤੇ ਅਖੰਡਤਾ ਦੇ ਰਸਤੇ ਉੱਪਰ ਤੁਰਨ ਦਾ ਸੰਦੇਸ਼ ਦਿੱਤਾ।

**ਹਵਾਲੇ:**

**੧.** ਡਾ. ਰਤਨ ਸਿੰਘ ਜੱਗੀ *ਸਿੱਖ ਪੰਥ ਵਿਸ਼ਵਕੋਸ਼,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ।

**੨.** ਗੁਰੂ ਤੇਗ ਬਹਾਦਰ ਮਾਰਗ, *ਪੰਜਾਬ,* ਡਾ. ਸੁਖਦਿਆਲ ਸਿੰਘ, ੧੯੯੭, ਪੰਨਾ ੩੦

**੩.** *ਗੁਰੂ ਕੀਆਂ ਸਾਖੀਆਂ,* ਭਾਈ ਸ੍ਰੂਪ ਸਿੰਘ ਕੌਸ਼ਿਸ਼, ੨੦੦੩, ਪੰਨਾ ੭੨

**੪.** ਡਾ. ਕਿਰਪਾਲ ਸਿੰਘ (ਸੰਪਾ.), *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬਿਰਤਾਂਤ* (ਭਾਗ ੩) ਕ੍ਰਿਤ ਮਹਾਂਕਵੀ ਭਾਈ ਸੰਤੋਖ ਸਿੰਘ ਜੀ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੮, ਪੰਨਾ ੧੯

**੫.** ਡਾ. ਕਿਰਪਾਲ ਸਿੰਘ (ਸੰਪਾ.), *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬਿਰਤਾਂਤ* (ਭਾਗ ੧) ਕ੍ਰਿਤ ਮਹਾਂਕਵੀ ਭਾਈ ਸੰਤੋਖ ਸਿੰਘ ਜੀ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੭, ਪੰਨਾ ੫੨

**੬.** *ਉਹੀ-*, ਪੰਨਾ ੫੫

**੭.** ਡਾ. ਕਿਰਪਾਲ ਸਿੰਘ (ਸੰਪਾ.), *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬਿਰਤਾਂਤ* (ਭਾਗ ੨) ਕ੍ਰਿਤ ਮਹਾਂਕਵੀ ਭਾਈ ਸੰਤੋਖ ਸਿੰਘ ਜੀ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੮, ਪੰਨਾ ੨੬

**੮.** ਡਾ. ਗੁਰਪ੍ਰੀਤ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ ਜੀ-ਜੀਵਨ ਪ੍ਰਚਾਰ ਯਾਤਰਾਵਾਂ ਤੇ ਕਾਰਜ,* ਸ੍ਰੀ ਗੁਰੂ ਤੇਗ ਬਹਾਦਰ ਜੀ, ਜੀਵਨ ਫ਼ਲਸਫ਼ਾ ਤੇ ਸ਼ਹਾਦਤ, ਸੰਪਾ. ਡਾ. ਮਹਿਲ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ,੨੦੨੧, ਪੰਨਾ ੨੧੦

■

**ਧਾਰਮਿਕ ਪ੍ਰੀਖਿਆ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਕੋਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫੇ ਦਿੱਤੇ ਜਾਂਦੇ ਹਨ। ਇਹ ਪ੍ਰੀਖਿਆ ਹਰ ਸਾਲ ਫਰਵਰੀ ਵਿਚ ਹੁੰਦੀ ਹੈ। ਇਸ ਪ੍ਰੀਖਿਆ ਵਿਚ ਸ਼ਾਮਲ ਹੋਣ ਦੇ ਚਾਹਵਾਨ ਸਕੂਲ/ਕਾਲਜ ਦੇ ਵਿਦਿਆਰਥੀ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਨੂੰ ਲਿਖਣ ਜਾਂ ੦੧੮੩-੨੫੫੩੯੫੬, ਐਕਸ:੩੦੫ 'ਤੇ ਸੰਪਰਕ ਕਰਨ।

# 'ਕੁਰਬਾਨੀ ਦਾ ਸ਼ਹਿਨਸ਼ਾਹ': ਇਕ ਨਵੀਂ ਲੱਭਤ

*-ਡਾ. ਧਰਮ ਸਿੰਘ**

ਬਹੁਤ ਸਾਰਾ ਪੁਰਾਤਨ ਸਿੱਖ ਸਾਹਿਤ, ਵੱਖ-ਵੱਖ ਕਾਰਨਾਂ ਕਰਕੇ ਅਤੇ ਸੰਭਾਲ ਨਾ ਹੋਣ ਕਰਕੇ, ਸਮੇਂ ਦੀ ਧੂੜ ਵਿਚ ਗੁਆਚ ਗਿਆ। ਛਾਪਾਖਾਨਾ ਆਉਣ ਦੇ ਬਾਵਜੂਦ ਵੀ ਕਿਸੇ ਨਾ ਕਿਸੇ ਰੂਪ ਵਿਚ ਇਸ ਦੇ ਲੋਪ ਹੋਣ ਦਾ ਸਿਲਸਿਲਾ ਜਾਰੀ ਰਿਹਾ। ਜੇਕਰ ਕੋਈ ਰਚਨਾ ਇਕ ਵਾਰ ਛਪੀ ਤਾਂ ਦੂਸਰੀ ਵਾਰ ਉਸ ਨੂੰ ਛਾਪੇ ਦਾ ਮੂੰਹ ਵੇਖਣਾ ਨਸੀਬ ਨਾ ਹੋਇਆ। ਵੀਹਵੀਂ ਸਦੀ ਦੇ ਅਰੰਭ ਵਿਚ ਵਡ-ਆਕਾਰੀ ਗ੍ਰੰਥਾਂ ਦੇ ਨਾਲ ਨਾਲ ਦੋ-ਦੋ ਵਰਕੀਆਂ, ਚਾਰ-ਚਾਰ ਵਰਕੀਆਂ ਵੀ ਛਪੀਆਂ ਜੋ ਮੁੜ ਨਾ ਛਪ ਸਕੀਆਂ। ਹੁਣ ਕੁਝ ਵਿਦਵਾਨਾਂ ਨੇ ਅਜਿਹੇ ਸਾਰੇ ਗੁੰਮ-ਗੁਆਚ ਚੁੱਕੇ ਸਹਿਤ ਨੂੰ ਮੁੜ ਛਾਪਣ ਦਾ ਜ਼ਿੰਮਾ ਉਠਾਇਆ ਹੈ ਜਿਨ੍ਹਾਂ ਵਿਚ ਇਕ ਨਾਂ ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਡਾਇਰੈਕਟਰ ਸ. ਚੇਤਨ ਸਿੰਘ ਦਾ ਹੈ। ਉਨ੍ਹਾਂ ਦੀਆਂ ਦੋ ਵਡ-ਆਕਾਰੀ ਪੁਸਤਕਾਂ 'ਪੁਰਾਤਨ ਸਿੱਖ ਸਾਹਿਤ ਸੰਗ੍ਰਹਿ' ਅਤੇ 'ਪੁਰਾਤਨ ਸਿੱਖ ਲਿਖਤਾਂ' ਅਜਿਹੀਆਂ ਪੁਸਤਕਾਂ ਹੀ ਹਨ ਜਿਨ੍ਹਾਂ ਵਿਚ ਕ੍ਰਮਵਾਰ ੪੦ ਅਤੇ ੬੮ ਭੁੱਲੀਆਂ ਵਿਸਰੀਆਂ ਦੁਰਲੱਭ ਰਚਨਾਵਾਂ ਨੂੰ ਮੁੜ ਪ੍ਰਕਾਸ਼ਿਤ ਕੀਤਾ ਹੈ ਜਿਨਾਂ ਵਿੱਚੋਂ ਅਸੀਂ ਇਕ ਰਚਨਾ 'ਕੁਰਬਾਨੀ ਦਾ ਸ਼ਹਿਨਸ਼ਾਹ' ਹਥਲੇ ਲੇਖ ਦੇ ਵਿਸ਼ੇ ਵਜੋਂ ਚੁਣੀ ਹੈ।

ਮੁੱਖ ਤੌਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ ਲਿਖੀ ਗਈ ਇਹ ਰਚਨਾ ਗਿਆਨੀ ਭਗਤ ਸਿੰਘ ਦੀ ਹੈ, ਜੋ ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ, ਬਾਬਾ ਬਕਾਲਾ ਵਿਚ ਅਧਿਆਪਕ ਸਨ। 'ਕੁਰਬਾਨੀ ਦਾ ਸ਼ਹਿਨਸ਼ਾਹ' ਪੁਸਤਕ ਦੇ ਕੁੱਲ ਪ੍ਰਕਾਸ਼ਿਤ ਪੰਨੇ ੫੦ ਹਨ ਅਤੇ ਕਬਿੱਤ ਛੰਦਾਂ ਦੀ ਕੁੱਲ ਗਿਣਤੀ ੧੦੫ ਹੈ। ਇਸ ਦਾ ਰਚਨਾ ਕਾਲ ੧੯੮੬ ਬਿਕ੍ਰਮੀ ਭਾਵ ੧੯੨੯ ਈ. ਹੈ।

'ਕੁਰਬਾਨੀ ਦਾ ਸ਼ਹਿਨਸ਼ਾਹ' ਮੰਗਲਾਚਰਣ ਨਾਲ ਸ਼ੁਰੂ ਹੁੰਦੀ ਹੈ ਅਤੇ ਲੇਖਕ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਵਿੱਚੋਂ ਕੇਵਲ ਸ਼ਹੀਦੀ ਪ੍ਰਸੰਗ ਹੀ ਚੁਣਿਆ ਹੈ, ਬੇਸ਼ੱਕ ਭੂਮਿਕਾ ਵਜੋਂ, ਉਨ੍ਹਾਂ ਨੇ ਔਰੰਗਜ਼ੇਬ ਦੇ ਜ਼ੁਲਮਾਂ ਅਤੇ ਵਧੀਕੀਆਂ ਦੀ ਵੀ ਸੰਖੇਪ ਰੂਪ ਵਿਚ ਗੱਲ ਕੀਤੀ ਹੈ। ਜਦੋਂ ਕਸ਼ਮੀਰੀ ਪੰਡਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਔਰੰਗਜ਼ੇਬ ਦੀ ਜਬਰੀ ਧਰਮ ਪਰਿਵਰਤਨ ਦੀ ਫਰਿਆਦ ਲੈ ਕੇ ਪਹੁੰਚਦੇ ਹਨ ਤਾਂ ਉਹ ਸੋਚਾਂ ਵਿਚ ਪੈ ਜਾਂਦੇ ਹਨ, ਪਰ ਬਾਲਕ ਗੋਬਿੰਦ ਰਾਇ

** #੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੮੮੯੩੯੮੦੮*

(ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਉਤਸ਼ਾਹ-ਵਰਧਕ ਜੁਆਬ ਸੁਣ ਕੇ ਉਹ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਤਿਆਰ ਹੋ ਜਾਂਦੇ ਹਨ:

*ਬਚਦਾ ਧਰਮ ਜੇ ਕੋ ਸ਼ਹੀਦੀ ਦੇਵੇ ਐਸ ਵੇਲੇ,*
*ਪੂਰਾ ਸੂਰਾ ਜੱਗ ਵਿਚ ਹੋਵੇ ਜੇੜਾ ਆਪ ਜੀ।*
*ਕਹਿੰਦੇ ਦਸਮੇਸ਼ ਗੁਰ ਆਪ ਦੇ ਸਮਾਨ ਕੌਣ,*
*ਆਧਿ ਬਿਆਧਿ ਉਪਾਧਿ ਦਾ ਜੋ ਮੇਟਦੇ ਸੰਤਾਪ ਜੀ।*
*ਆਪ ਉਪਕਾਰੀ ਗੁਰ ਰਖਯਕ ਸੰਸਾਰੀ ਗੁਰ,*
*ਬੇੜਾ ਬੰਨੇ ਲਾਓ ਇਨ੍ਹਾਂ ਮਿਟੇ ਦੁਖ ਤਾਪ ਜੀ।*
*ਪੂਰਨ ਸਰੂਪ ਆਪ ਦੁਖ ਸੁਖ ਰਹਿਤ ਗੁਰ,*
*ਰੱਖਯਕ ਨਿਮਾਣਿਆਂ ਦੇ ਗੁਰੂ ਮੇਰੇ ਬਾਪ ਜੀ।੧੨।*

ਉਧਰ ਕਸ਼ਮੀਰੀ ਪੰਡਿਤ ਗੁਰੂ ਜੀ ਦਾ ਸੁਨੇਹਾ ਕਿ ਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਪਰਿਵਰਤਨ ਕਰ ਲੈਂਦੇ ਹਨ ਤਾਂ ਉਹ ਵੀ ਕਰ ਲੈਣਗੇ, ਔਰੰਗਜ਼ੇਬ ਨੂੰ ਦੇ ਦਿੰਦੇ ਹਨ। ਔਰੰਗਜ਼ੇਬ ਇਹ ਸੁਨੇਹਾ ਪਾ ਕੇ ਖੁਸ਼ ਹੁੰਦਾ ਹੈ ਕਿਉਂਕਿ ਉਸ ਨੂੰ ਲਗਦਾ ਹੈ ਕਿ ਇਕ ਇਕੱਲੇ ਬੰਦੇ ਨੂੰ ਪ੍ਰੇਰਿਤ ਕਰਨਾ ਸੌਖਾ ਹੈ। ਉਹ ਹਰਕਾਰੇ ਰਾਹੀਂ ਗੁਰੂ ਜੀ ਨੂੰ ਦਿੱਲੀ ਸੱਦ ਭੇਜਦਾ ਹੈ ਕਿ ਉਹ ਉਸ ਨੂੰ ਦਿੱਲੀ ਆ ਕੇ ਮਿਲਣ। ਗੁਰੂ ਜੀ ਰਸਤੇ ਵਿਚ ਕਈ ਥਾਈਂ ਰੁਕਦੇ, ਧਰਮ ਪ੍ਰਚਾਰ ਕਰਦੇ ਹੋਏ ਆਗਰੇ ਪਹੁੰਚ ਜਾਂਦੇ ਹਨ। ਇੱਥੇ ਭਗਤ ਸਿੰਘ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਨੂੰ ਵੱਖਰੀ ਰੰਗਣ ਦਿੰਦਾ ਲਿਖਦਾ ਹੈ ਕਿ ਆਗਰੇ ਠਹਿਰਨ ਦੌਰਾਨ ਗੁਰੂ ਜੀ ਇਕ ਅੱਯਾਲੀ ਨੂੰ ਕੀਮਤੀ ਮੁੰਦਰੀ ਅਤੇ ਇਕ ਦੁਸ਼ਾਲਾ ਦੇ ਕੇ ਦੋ ਰੁਪਏ ਦੀ ਮਠਿਆਈ ਹਲਵਾਈ ਪਾਸੋਂ ਲਿਆਉਣ ਲਈ ਭੇਜ ਦਿੰਦੇ ਹਨ। ਮਠਿਆਈ ਪੁਆਉਣ ਲਈ ਲਿਆਂਦੇ ਗਏ ਕੀਮਤੀ ਕੱਪੜੇ ਅਤੇ ਮੁੰਦਰੀ ਨੂੰ ਵੇਖ ਕੇ ਹਲਵਾਈ ਨੂੰ ਸ਼ੱਕ ਪੈ ਜਾਂਦਾ ਹੈ ਅਤੇ ਉਹ ਸਿੱਧਾ ਕੋਤਵਾਲ ਕੋਲ ਪਹੁੰਚ ਕੇ ਸਾਰੀ ਗੱਲ ਖੋਹਲ ਕੇ ਉਸ ਨੂੰ ਦੱਸ ਦਿੰਦਾ ਹੈ:

*ਹੋਇ ਕੇ ਹੈਰਾਨ ਹਲਵਾਈ ਕੁਤਵਾਲੀ ਗਿਆ,*
*ਜਾਇ ਕੁਤਵਾਲ ਤਾਈਂ ਖਬਰ ਸੁਣਾਂਵਦਾ।*
*ਇਕ ਨਰ ਆਇ ਮੈਨੂੰ ਮੁੰਦਰੀ ਦੇ ਦੇਂਵਦਾ ਹੈ,*
*ਦੋਇ ਹੈ ਰੁਪੈਆਂ ਦੀ ਮਠਾਈ ਮੈਥੋਂ ਚਾਂਵਦਾ।*
*ਇਕ ਹੈ ਦੁਸ਼ਾਲਾ ਉਹਦੇ ਕੋਲ ਬਹੁਤੀ ਕੀਮਤੀ ਜੀ,*
*ਪਾਣ ਮਠਿਆਈ ਲਈ ਹੇਠ ਉਹ ਵਿਛਾਂਵਦਾ।*
*ਪੈ ਗਿਆ ਹੈ ਸ਼ੱਕ ਬੜਾ ਭਾਰਾ ਮੈਨੂੰ ਓਸ ਉੱਤੇ,*
*ਸ਼ਾਇਦ ਏ ਚੋਰੀ ਸੰਦਾ ਮਾਲ ਕਿਤੋਂ ਲਿਆਂਵਦਾ।੧੮।*

ਕੋਤਵਾਲ ਹਲਵਾਈ ਦੀ ਦੁਕਾਨ ਉੱਪਰ ਪਹੁੰਚ ਕੇ ਵਸਤਾਂ ਦੀ ਤਸੱਲੀ ਕਰ

ਲੈਂਦਾ ਹੈ ਅਤੇ ਆਪਣੇ ਸਿਪਾਹੀਆਂ ਨੂੰ ਬਾਗ਼ ਵਿਚ ਇਹ ਹਦਾਇਤ ਨਾਲ ਭੇਜ ਦਿੰਦਾ ਹੈ ਕਿ ਜੇਕਰ ਨੌਵੇਂ ਗੁਰੂ ਹੋਣ ਤਾਂ ਉਹ ਉਸ ਨੂੰ ਛੇਤੀ ਨਾਲ ਆ ਕੇ ਦੱਸ ਦੇਣ। ਸਿਪਾਹੀ ਸ਼ਨਾਖਤ ਕਰ ਕੇ ਦੱਸਦੇ ਹਨ ਕਿ ਵਾਕਈ ਉਹ ਗੁਰੂ ਜੀ ਹੀ ਹਨ। ਕੋਤਵਾਲ ਗੁਰੂ ਜੀ ਨੂੰ ਗ੍ਰਿਫਤਾਰ ਕਰ ਕੇ ਦਿੱਲੀ ਦਰੋਗੇ ਕੋਲ ਭੇਜ ਦਿੰਦਾ ਹੈ। ਦਰੋਗਾ ਬਾਦਸ਼ਾਹ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਗ੍ਰਿਫਤਾਰੀ ਦੀ ਖ਼ਬਰ ਘੱਲ ਦਿੰਦਾ ਹੈ। ਪਹਿਲਾਂ ਗੁਰੂ ਜੀ ਨੂੰ ਇਕ ਭੂਤਾਂ ਵਾਲੇ ਮਕਾਨ ਵਿਚ ਰੱਖਿਆ ਜਾਂਦਾ ਹੈ, ਫਿਰ ਕੋਤਵਾਲੀ ਤਬਦੀਲ ਕਰ ਦਿੱਤਾ ਜਾਂਦਾ ਹੈ। ਉਧਰ ਇਕ ਸਿੱਖ ਆ ਕੇ ਗੁਰੂ ਜੀ ਨੂੰ ਆਪਣੇ ਘਰ ਚਰਨ ਪਾਉਣ ਅਤੇ ਪਰਸ਼ਾਦਾ ਛਕਣ ਦੀ ਬੇਨਤੀ ਕਰਦਾ ਹੈ। ਗੁਰੂ ਜੀ ਸਿੱਖ ਦੇ ਘਰ ਪਹੁੰਚ ਕੇ ਉਸ ਦੇ ਮਨ ਦੀ ਮੁਰਾਦ ਪੂਰੀ ਕਰਦੇ ਹਨ। ਇਕ ਮੁਗ਼ਲ ਗੁਰੂ ਜੀ ਨੂੰ ਸਿੱਖ ਦੇ ਘਰੋਂ ਨਿਕਲਦੇ ਵੇਖ ਹੈਰਾਨ ਹੁੰਦਾ ਹੈ ਕਿ ਬਾਦਸ਼ਾਹ ਦੀ ਕੈਦ ਵਿੱਚੋਂ ਏਦਾਂ ਕਿਵੇਂ ਪਹੁੰਚ ਗਏ? ਉਹ ਔਰੰਗਜ਼ੇਬ ਨੂੰ ਇਹ ਗੱਲ ਦੱਸ ਦਿੰਦਾ ਹੈ ਅਤੇ ਔਰੰਗਜ਼ੇਬ ਪੜਤਾਲ ਲਈ ਸਿਪਾਹੀਆਂ ਨੂੰ ਹੁਕਮ ਦੇਂਦਾ ਹੈ। ਸਿਪਾਹੀ ਵੇਖਦੇ ਹਨ ਕਿ ਗੁਰੂ ਜੀ ਤਾਂ ਕੈਦਖਾਨੇ ਵਿਚ ਹੀ ਹਨ। ਔਰੰਗਜ਼ੇਬ ਗੁਰੂ ਜੀ ਨੂੰ ਪਿੰਜਰੇ ਵਿਚ ਬੰਦ ਕਰਨ ਦਾ ਹੁਕਮ ਚਾੜ੍ਹਦਾ ਹੈ ਅਤੇ ਅਹਿਲਕਾਰ ਹੱਥ ਇਸਲਾਮ ਕਬੂਲ ਕਰਨ ਦਾ ਸੁਨੇਹਾ ਦਿੰਦਾ ਹੈ। ਗੁਰੂ ਜੀ ਨਾਂਹ ਕਰ ਦਿੰਦੇ ਹਨ। ਫਿਰ ਕਾਜ਼ੀ ਨੂੰ ਬੁਲਾ ਕੇ ਪ੍ਰੇਰਿਤ ਕਰਨ ਲਈ ਕਿਹਾ ਜਾਂਦਾ ਹੈ ਪਰ ਗੁਰੂ ਜੀ ਫਿਰ ਇਨਕਾਰ ਕਰ ਦਿੰਦੇ ਹਨ। ਆਪਣੇ ਵੱਲੋਂ ਸਦਭਾਵਨਾ ਦਿਖਾਉਂਦੇ ਹੋਏ ਔਰੰਗਜ਼ੇਬ ਗੁਰੂ ਜੀ ਲਈ ਖਾਣਾ ਭੇਜਦਾ ਹੈ ਪਰ ਗੁਰੂ ਜੀ ਖਾਣੇ ਨੂੰ ਵੀ ਨਾਂਹ ਕਰ ਦਿੰਦੇ ਹਨ। ਹੁਣ ਬਾਦਸ਼ਾਹ ਗੁਰੂ ਜੀ ਨੂੰ ਤੰਗ ਕਰਨ ਦੀਆਂ ਸਕੀਮਾਂ ਬਣਾਉਂਦਾ ਹੈ। ਉਹ ਭਾਈ ਮਤੀ ਦਾਸ ਜੀ ਨੂੰ ਸੱਦ ਭੇਜਦਾ ਹੈ ਅਤੇ ਇਸਲਾਮ ਕਬੂਲ ਕਰਨ ਦੀ ਦਾਅਵਤ ਦਿੰਦਾ ਹੈ। ਇਨਕਾਰ ਕਰਨ ਕਰਕੇ ਉਹ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਨ ਦਾ ਹੁਕਮ ਸੁਣਾਉਂਦਾ ਹੈ। ਫਿਰ ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਔਰੰਗਜ਼ੇਬ ਫਿਰ ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਵਾਸਤੇ ਕਹਿੰਦਾ ਹੈ ਪਰ ਗੁਰੂ ਜੀ ਉੱਤਰ ਦਿੰਦੇ ਹਨ ਕਿ ਉਹ ਦੋ ਧਰਮਾਂ (ਹਿੰਦੂ ਅਤੇ ਇਸਲਾਮ) ਨੂੰ ਇਕ ਕਰਨਾ ਚਾਹੁੰਦਾ ਹੈ ਪਰ ਅਕਾਲ ਪੁਰਖ ਦੀ ਮਰਜ਼ੀ ਹੈ ਕਿ ਤੀਸਰਾ ਪੰਥ ਖਾਲਸੇ ਦੇ ਰੂਪ ਵਿਚ ਉਜਾਗਰ ਹੋਵੇ। ਗੁਰੂ ਜੀ ਨੇ ਮਾਤਾ ਨਾਨਕੀ ਅਤੇ ਦਸਮੇਸ਼ ਜੀ ਲਈ ਇਹ ਸੁਨੇਹਾ ਵੀ ਭੇਜਿਆ ਕਿ ਉਹ ਸ਼ਾਂਤ-ਚਿਤ ਰਹਿ ਕੇ ਇਹ ਸਦਾਅ ਬਰਦਾਸ਼ਤ ਕਰਨ ਅਤੇ ਕਰਤਾਰ ਦਾ ਭਾਣਾ ਮੰਨਣ:

*ਧਰਮ ਦੇ ਲਈ ਅਸਾਂ ਹੋਵਣਾ ਸ਼ਹੀਦ ਹੁਣ,*
*ਮਾਤਾ ਮੇਰੀ ਨਾਨਕੀ ਜੀ ਚਿਤ ਨ ਡੁਲਾਵਣਾ।*
*ਭੁਲਾਵਣੇ ਨਾ ਖਯਾਲ ਮਨ ਜੋੜਨਾ ਹੈ ਹਰੀ ਨਾਲ,*

*ਭਾਣਾ ਕਰਤਾਰ ਸੰਦਾ ਚਿਤ ਹੈ ਵਸਾਵਣਾ।*
*ਵਸਾਵਣਾ ਦਿਆਲ ਚਿਤ ਰੱਖ ਦਿਲ ਹੌਸਲਾ ਹੈ,*
*ਪੁੱਤਰ ਸੁਧੀਰ ਬਲਬੀਰ ਬਣ ਜਾਵਣਾ।*
*ਜਾਵਣਾ ਹੈ ਜ਼ਾਲਮਾਂ ਦੇ ਸਾਹਮਣੇ ਖੜਗ ਫੜੀ*
*ਧਰਮੀ ਦਾ ਕਦੀ ਵਿੰਗਾ ਵਾਲ ਨ ਕਰਾਵਣਾ।੯੬।*

ਓੜਕ ਸ਼ਹੀਦੀ ਦਾ ਵਕਤ ਆ ਗਿਆ। ਜਦ ਸੀਸ ਧੜ ਨਾਲੋਂ ਵੱਖ ਹੋਇਆ ਤਾਂ ਸੀਸ ਲੈ ਕੇ ਸਿੱਖ ਵਾਹੋਦਾਹੀ ਦਿੱਲੀ ਤੋਂ ਅਨੰਦਪੁਰ ਸਾਹਿਬ ਲਈ ਚੱਲ ਪਿਆ। ਸ਼ਹੀਦੀ ਸਮੇਂ ਤੇਜ਼ ਹਨੇਰੀ ਝੱਖੜ ਵਗਿਆ। ਜਦ ਵਾਤਾਵਰਨ ਸ਼ਾਂਤ ਹੋਇਆ ਤਾਂ ਵੇਖਿਆ ਕਿ ਸੀਸ ਤਾਂ ਉੱਥੇ ਨਹੀਂ ਸੀ। ਬਾਦਸ਼ਾਹ ਨੇ ਸੀਸ ਲੱਭਣ ਦਾ ਹੁਕਮ ਦਿੱਤਾ ਪਰ ਉਹ ਨਾ ਲੱਭਿਆ। ਸਿੱਖ ਸੀਸ ਲੈ ਕੇ ਕੀਰਤਪੁਰ ਸਾਹਿਬ ਪਹੁੰਚ ਗਿਆ ਅਤੇ ਉੱਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪੁੱਜਣ ਦੀ ਇਤਲਾਹ ਦੇ ਦਿੱਤੀ। ਭਗਤ ਸਿੰਘ ਸੀਸ ਲਿਆਉਣ ਵਾਲੇ ਸਿੱਖ ਦਾ ਨਾਂ ਨਹੀਂ ਦਿੰਦਾ। ਸੰਗਤ ਆਦਰ ਸਹਿਤ ਸੀਸ ਕੀਰਤਪੁਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਲੈ ਆਈ। ਕੀਰਤਨ ਸੋਹਿਲੇ ਦਾ ਪਾਠ ਹੋਇਆ, ਅਰਦਾਸਾ ਸੋਧਿਆ ਗਿਆ ਅਤੇ ਕੜਾਹ ਪਰਸ਼ਾਦ ਵਰਤਾਇਆ ਗਿਆ। ਪਾਠ ਅਤੇ ਕਥਾ ਦਾ ਪ੍ਰਵਾਹ ਚੱਲਿਆ ਅਤੇ ਦਸਵੇਂ ਦਿਨ ਭੋਗ ਪਾਇਆ ਗਿਆ। ਉਧਰ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਕਾਫਲੇ ਨਾਲ ਨਿਕਲਿਆ ਅਤੇ ਧੜ ਗੱਡੇ ਉੱਪਰ ਰੱਖ ਕੇ ਚਲਦਾ ਬਣਿਆ। ਧੜ ਦੀ ਭਾਲ ਕੀਤੀ ਗਈ, ਪਰ ਉਹ ਵੀ ਨਾ ਮਿਲਿਆ। ਭਾਈ ਲੱਖੀ ਸ਼ਾਹ ਜੀ ਨੇ ਜਾਂਦੇ ਸਾਰ ਘਰ ਦੇ ਅੰਦਰ ਧੜ ਦਾ ਸਸਕਾਰ ਕਰ ਦਿੱਤਾ, ਜਿੱਥੇ ਅੱਜਕਲ੍ਹ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਸ਼ੋਭਨੀਕ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਯਾਦ ਕਰਦਾ ਲੇਖਕ ਖਾਸ ਕਰਕੇ ਹਿੰਦੂ ਭਾਈਚਾਰੇ ਨੂੰ ਸੁਚੇਤ ਕਰਦਾ ਹੈ ਕਿ ਜੇ ਅੱਜ ਉਹ ਮੱਥੇ ਤਿਲਕ ਲਾ ਕੇ ਵੇਦਾਂ-ਪੁਰਾਣਾਂ ਦੀ ਕਥਾ ਕਰਦੇ ਤੇ ਸੁਣਦੇ ਹਨ ਤਾਂ ਇਹ ਕੇਵਲ ਉਸ ਸ਼ਹੀਦੀ ਸਦਕਾ ਹੀ ਹੈ:

*ਇਸ ਤਰ੍ਹਾਂ ਹੋਏ ਸੀ ਸ਼ਹੀਦ ਮੇਰੇ ਸਤਿਗੁਰ*
*ਧਰਮ ਬਚਾਯਾ ਆਪ ਹੋ ਕੇ ਕੁਰਬਾਨ ਜੀ।*
*ਅੱਜ ਓਹੀ ਹਿੰਦੂ ਜੇਹੜੇ ਲਾਂਵਦੇ ਤਿਲਕ ਮੱਥੇ,*
*ਕਥਾ ਬੈਠ ਵਾਚਦੇ ਹੈ ਵੇਦ ਤੇ ਪੁਰਾਨ ਜੀ।*
*ਨਾਵੇਂ ਗੁਰ ਕਿਰਪਾ ਨਾ ਕਰਦੇ ਜੇ ਹਿੰਦ ਉਤੇ,*
*ਸਭੀ ਤੁਰਕਾਨ ਹੋ ਕੇ ਪੜ੍ਹਦੇ ਕੁਰਾਨ ਜੀ।*
*ਆਵੋ ਕੌਮ ਹਿੰਦੂ ਰਲ ਗਾਵੋ ਗੁਣ ਗੁਰੂ ਜੀ ਦੇ,*
*ਨਹੀ ਤਾਂ ਦੂਰ ਹੁੰਦੇ ਥੋਡੇ ਨਾਮ ਹੀ ਨਿਸ਼ਾਨ ਜੀ।*

ਨਵੰਬਰ ੨੦੨੫ ਦਾ ਬਾਕੀ:

# ਗੁਰਮਤਿ ਦੇ ਅਨਮੋਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

**੯੪.** ਜਿਹੜਾ ਸਿੱਖ ਹਰ ਵਕਤ ਆਪਣੇ ਮਨ ਨਾਲ ਮੋਰਚਾ ਲਾ ਛੱਡਦਾ ਹੈ - ਐਸੇ ਸਿੱਖ ਅੱਗੇ ਮਨ ਨੂੰ ਇਕ ਨਾ ਇਕ ਦਿਨ ਹਥਿਆਰ-ਸੁੱਟਣੇ ਹੀ ਪੈ ਜਾਂਦੇ ਹਨ।

**੯੫.** ਹੰਸਾਂ ਵਿਚ ਰਲ ਕੇ ਬਗਲਾ, ਮਾਨਸਰੋਵਰ ਦੀ ਝੀਲ 'ਤੇ ਬੈਠ ਕੇ ਵੀ ਡੱਡੀਆਂ ਹੀ ਭਾਲਦਾ ਹੈ, ਇਸੇ ਤਰ੍ਹਾਂ ਮਨਮੁਖ ਰੂਪੀ ਬਗਲਾ ਹੰਸਾਂ ਰੂਪੀ ਗੁਰਮੁਖਾਂ ਦੀ ਸਤਸੰਗਤ ਵਿਚ ਬੈਠ ਕੇ ਵੀ ਉਨ੍ਹਾਂ ਦੀਆਂ ਅਉਗੁਣਾਂ ਰੂਪੀ ਡੱਡੀਆਂ ਹੀ ਭਾਲਦਾ ਰਹਿੰਦਾ ਹੈ।

**੯੬.** ਜਿਹੜੇ ਸਿੱਖ ਨੂੰ ਵਕਤ ਮੁਤਾਬਕ ਪਾਸਾ ਢਾਲਣ ਦੀ ਸਮਝ ਪੈ ਜਾਂਦੀ ਹੈ, ਹਾਰ ਐਸੇ ਸਿੱਖ ਦੇ ਜੀਵਨ ਨੇੜਿਓਂ ਕੋਹਾਂ ਦੂਰ ਭੱਜ ਜਾਂਦੀ ਹੈ।

**੯੭.** ਇਕ ਜਗਿਆ ਹੋਇਆ ਦੀਵਾ ਹਜ਼ਾਰਾਂ ਦੀਵਿਆਂ ਨੂੰ ਜਗਾ ਸਕਦਾ ਹੈ, ਇਸੇ ਤਰ੍ਹਾਂ ਇਕ ਰੱਬ ਦੇ ਨਾਮ ਨਾਲ ਜਗਿਆ ਹੋਇਆ ਹਿਰਦਾ, ਹਜ਼ਾਰਾਂ ਹਿਰਦਿਆਂ ਨੂੰ ਜਗਾ ਸਕਦਾ ਹੈ।

**੯੮.** ਰੱਬ ਭਗਤ ਦੇ ਮੱਥੇ 'ਤੇ ਪ੍ਰਗਟ ਹੋ ਜਾਂਦਾ ਹੈ।

**੯੯.** ਸੰਸਾਰ ਨੂੰ ਸਲਾਹੁਣਾ ਮਿੱਟੀ ਦੇ ਸਮਾਨ ਅਤੇ ਨਿਰੰਕਾਰ ਨੂੰ ਸਲਾਹੁਣਾ ਹੀਰੇ ਦੇ ਸਮਾਨ ਹੁੰਦਾ ਹੈ।

**੧੦੦.** ਮਨੁੱਖ ਜਿੰਨਾ ਮਰਜ਼ੀ ਸੋਹਣਾ, ਸਿਆਣਾ ਅਤੇ ਧਨੀ ਹੋਵੇ, ਨਾਮ ਤੋਂ ਬਗੈਰ ਮੁਰਦੇ ਦੇ ਨਿਆਂਈ ਹੁੰਦਾ ਹੈ।

**੧੦੧.** ਗਰੀਬ ਆਦਮੀ ਨੂੰ ਆਦਰ ਦੇਣਾ, ਰੱਬ ਦੀ ਬੁੱਕਲ ਵਿਚ ਬੈਠਣ ਦੇ ਤੁਲ ਹੈ।

**੧੦੨.** ਕਿਸੇ ਸਮੇਂ ਤੁਹਾਡੇ ਬੋਲਣ ਤੇ ਤੁਹਾਡੀ ਹਾਰ ਹੁੰਦੀ ਹੋਵੇ, ਐਸੇ ਮੌਕੇ ਚੁੱਪ ਰਹਿਣਾ, ਨਾ ਬੋਲਣ ਤੋਂ ਕਿਤੇ ਬਿਹਤਰ ਹੁੰਦਾ ਹੈ।

**੧੦੩.** ਗੁਰੂ ਨਾਮ ਦਾ ਜਹਾਜ਼ ਹੈ, ਹੁਕਮ ਵਿਚ ਚੱਲਣ ਵਾਲੇ ਸਿੱਖ ਨੂੰ ਇਸ ਨਾਮ ਰੂਪੀ ਜਹਾਜ਼ ਵਿਚ ਬੈਠਣ ਦਾ ਵੀਜ਼ਾ ਮਿਲ ਜਾਂਦਾ ਹੈ।

**੧੦੪.** ਹੰਕਾਰੀ ਮਨੁੱਖ ਗੁਬਾਰੇ ਵਾਂਗੂੰ ਆਪਣੀ ਹੰਕਾਰ ਦੀ ਹਵਾ ਨਾਲ ਆਪੇ ਹੀ ਫਟ ਜਾਂਦਾ ਹੈ।

**੧੦੫.** ਜਿਹੜੀ ਇਸਤਰੀ ਦੇ ਸੁਭਾਅ ਵਿਚ ਨਿਮਰਤਾ, ਮਿਠਾਸ ਅਤੇ ਆਗਿਆਕਾਰੀ ਹੋਣ ਦੇ ਤਿੰਨ ਗੁਣ ਹੁੰਦੇ ਹਨ, ਐਸੀ ਸੁਖਮਨ ਇਸਤਰੀ ਆਪਣੇ ਪਤੀ ਦੇ ਘਰ ਸਦਾ ਰਾਜ ਹੀ ਭੋਗਦੀ ਹੈ।

** #੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

**੧੦੬.** ਭਾਵਨਾਹੀਣ ਮਨੁੱਖ ਦਾ ਤੀਰਥਾਂ 'ਤੇ ਨਹਾਉਣਾ, ਡੱਡੂ ਦੇ ਨਿਆਂਈ ਹੁੰਦਾ ਹੈ।

**੧੦੭.** ਕਿਸੇ ਨਾਲ ਦੁਨਿਆਵੀ ਅਫਸੋਸ ਕਰਨ ਲੱਗਿਆਂ, ਰੱਬ ਨੂੰ ਮਾੜਾ ਆਖਣਾ, ਰੱਬ ਨਾਲ ਮੱਥਾ ਲਾਉਣ ਦੇ ਤੁਲ ਹੁੰਦਾ ਹੈ।

**੧੦੮.** ਜਿਹੜਾ ਸਿੱਖ ਸੰਸਾਰੀ ਉਪਮਾ ਨੂੰ ਅੱਗ ਵਿਚ ਸੁੱਟਣ ਦਾ ਯਤਨ ਕਰਦਾ ਹੈ, ਗੁਰੂ ਐਸੇ ਸਿੱਖ ਨੂੰ ਆਪਣੇ ਘਰੋਂ ਹੀ ਸੋਭਾ ਦਿੰਦਾ ਹੈ।

**੧੦੯.** ਅਗਰ ਨਾਮ ਵਿਚ ਦ੍ਰਿੜ੍ਹਤਾ ਹੋਵੇ ਅਤੇ ਸਤਿਗੁਰੂ ਜੀ 'ਤੇ ਭਰੋਸਾ ਹੋਵੇ ਤਾਂ ਮਨੁੱਖ ਦੇ ਵਿਘਨ ਅਤੇ ਕਸ਼ਟ ਆਪੇ ਹੀ ਨਾਸ਼ ਹੋ ਜਾਂਦੇ ਹਨ।

**੧੧੦.** ਮਾਇਆ ਮਨੁੱਖ ਦੇ ਨਾਲ ਨਹੀਂ ਜਾਣੀ, ਪਰ ਮਾਇਆ ਇਕੱਠੀ ਕਰਨ ਦੇ ਢੰਗ ਤਰੀਕੇ ਦਰਗਾਹ ਵਿਚ ਨਾਲ ਚਲੇ ਜਾਣੇ ਹਨ।

**੧੧੧.** ਚੁਗਲ ਮਨੁੱਖ ਸਮਾਜ ਲਈ ਐਸਾ ਕੋਹੜ ਹੈ, ਜੋ ਘਰਾਂ ਦੇ ਘਰ ਤਬਾਹ ਕਰ ਦਿੰਦਾ ਹੈ।

**੧੧੨.** ਰੱਬ ਦਾ ਸਿਮਰਨ ਸੂਰਜ ਦੇ ਨਿਆਂਈ ਹੁੰਦਾ ਹੈ, ਜੋ ਮਨੁੱਖ ਦੇ ਜਨਮਾਂ-ਜਨਮਾਂ ਦੇ ਪਾਪਾਂ ਨੂੰ ਸਾੜ ਦਿੰਦਾ ਹੈ।

**੧੧੩.** ਸੰਸਾਰ ਵਿਚ ਕਿਸੇ ਜੀਅ ਦੀ ਜਾਨ ਨੂੰ ਬਚਾ ਦੇਣਾ, ੬੮ ਤੀਰਥਾਂ 'ਤੇ ਇਸ਼ਨਾਨ ਤੁਲ ਹੁੰਦਾ ਹੈ।

**੧੧੪.** ਨਿਮਰਤਾ ਦੇ ਬੋਲਾਂ ਰਾਹੀਂ ਸਤਿਗੁਰੂ ਜੀ ਦੇ ਚਰਨਾਂ ਵਿਚ ਕੱਢੀਆਂ ਲਿਲਕੜੀਆਂ, ਰੱਬੀ ਦਰਗਾਹ ਵਿਚ ਕੰਮ ਆਉਂਦੀਆਂ ਹਨ।

**੧੧੫.** ਰੱਬ ਦਾ ਭਗਤ ਸੁਆਸਾਂ ਦੀ ਪੂੰਜੀ ਨੂੰ ਸਿਮਰਨ ਦੀ ਮੋਹਰ ਲਾ ਕੇ ਦਰਗਾਹੀ ਬੈਂਕ ਵਿਚ ਜਮ੍ਹਾਂ ਕਰੀ ਜਾਂਦਾ ਹੈ।

**੧੧੬.** ਜਿਹੜੇ ਸਿੱਖ ਦਾ ਹਿਰਦਾ ਰੱਬੀ ਪਿਆਰ ਨਾਲ ਭਰ ਜਾਂਦਾ ਹੈ, ਨਉਨਿਧੀਆਂ, ਅਠਾਰਹ ਸਿਧੀਆਂ ਐਸੇ ਸਿੱਖ ਦੇ ਅੱਗੇ-ਪਿੱਛੇ ਭੱਜੀਆਂ ਫਿਰਦੀਆਂ ਹਨ।

**੧੧੭.** ਸਤਸੰਗਤ ਧਰਤੀ ਦੀ ਨਿਆਂਈ ਹੁੰਦੀ ਹੈ, ਜਿਸ ਵਿੱਚੋਂ ਸੰਤ, ਭਗਤ, ਸ਼ਹੀਦ, ਸਿੰਘ, ਸੂਰਮੇ ਰੂਪੀ ਬੂਟੇ ਸਮੇਂ-ਸਮੇਂ ਉਗਦੇ ਹੀ ਰਹਿੰਦੇ ।

**੧੧੮.** ਕਿਸੇ ਉੱਚੇ ਆਦਰਸ਼ ਲਈ ਆਪਣੇ ਆਪ ਨੂੰ ਕੁਰਬਾਨ ਕਰ ਕੇ, ਰੱਬੀ ਜੋਤ ਵਿਚ ਲੀਨ ਹੋਣਾ ਹੀ, ਫਕੀਰੀ ਹੁੰਦੀ ਹੈ।

**੧੧੯.** ਪਾਪ, ਪਾਪੀ ਨੂੰ ਘੁਣ ਵਾਂਗੂੰ ਖਾ ਜਾਂਦਾ ਹੈ।

**੧੨੦.** ਜਿਹੜਾ ਮਨੁੱਖ ਆਪਣੇ ਮੂੰਹ ਦੇ ਦਰਵਾਜ਼ੇ ਨੂੰ ਘੱਟ ਖੋਲ੍ਹਦਾ ਹੈ, ਉਹ ਹਜ਼ਾਰਾਂ ਸੁਖਾਂ ਨੂੰ ਆਪਣੇ ਹਿਰਦੇ ਘਰ ਵਿਚ ਸਮੋਈ ਬੈਠਾ ਹੁੰਦਾ।

**੧੨੧.** ਜਿਸ ਸਿੱਖ ਦੀ ਸਿੱਖੀ ਆਨ, ਦਸਤਾਰ ਸ਼ਾਨ, ਔਰਤ ਈਮਾਨ, ਕਕਾਰ ਪਹਿਚਾਣ, ਬਾਣੀ ਜਾਨ ਅਤੇ ਗੁਰੂ ਮਾਣ ਹੋ ਜਾਂਦਾ ਹੈ, ਐਸਾ ਸਿੱਖ ਰੱਬ ਦਾ ਰੂਪ ਹੋ ਜਾਂਦਾ ਹੈ।

**੧੨੨.** ਜਦੋਂ ਸੁਰਤ ਅਤੇ ਸ਼ਬਦ ਦੇ ਮੇਲ ਰਾਹੀਂ ਨਾਮ ਰਸ ਨਿਕਲਦਾ ਹੈ ਤਾਂ ਸਿੱਖ ਦੇ ਹਿਰਦੇ ਅੰਦਰੋਂ ਨਿਮਰਤਾ ਅਤੇ ਪ੍ਰੇਮ ਦੇ ਝਰਨੇ ਵਗਣੇ ਸ਼ੁਰੂ ਹੋ ਜਾਂਦੇ ਹਨ।

**੧੨੩.** ਗੁਰਬਾਣੀ ਜਿਸ ਸਿੱਖ ਦੇ ਜੀਵਨ ਦਾ ਆਧਾਰ ਬਣ ਜਾਂਦੀ ਹੈ, ਜਮ ਐਸੇ ਸਿੱਖ ਦੇ ਯਾਰ ਬਣ ਜਾਂਦੇ ਹਨ।

**੧੨੪.** ਰੱਬ ਦਾ ਡਰ ਅੱਗ ਦੀ ਨਿਆਂਈ ਹੁੰਦਾ ਹੈ, ਜਿਸ ਵਿਚ ਸੰਸਾਰ ਦੇ ਸਾਰੇ ਡਰ ਸੜ ਕੇ ਸੁਆਹ ਹੋ ਜਾਂਦੇ ਹਨ।

ਸੋ ਗੁਰੂ ਕੇ ਪਿਆਰਿਓ, ਦਾਸ ਵੱਲੋਂ ਲਿਖੇ ਗਏ ਇਨ੍ਹਾਂ ਅਨਮੋਲ ਵੀਚਾਰਾਂ ਵਿਚ ਜੇ ਕੋਈ ਗਲਤੀ ਜਾਂ ਤਰੁਟੀ ਰਹਿ ਗਈ ਹੋਵੇ ਤਾਂ ਦਾਸ ਨੂੰ ਗੁਰੂ-ਘਰ ਦਾ ਨਿਮਾਣਾ ਜਿਹਾ ਕੂਕਰ ਜਾਣ ਕੇ ਬਖ਼ਸ਼ ਦਿਓ।

■

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰ ਸੀ ਨ ਉਚਰੀ॥੧੩॥**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥**
**ਨਾਟਕ ਚੇਟਕ ਕੀਏ ਕੁਕਾਜਾ॥**
**ਪ੍ਰਭ ਲੋਗਨ ਕਹ ਆਵਤ ਲਾਜਾ॥੧੪॥**
**ਦੋਹਰਾ॥**
**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥**

**(ਬਚਿਤ੍ਰ ਨਾਟਕ)**

ਕਵਿਤਾ:

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

*-ਕਵੀਸ਼ਰ ਮਲਕੀਤ ਸਿੰਘ ਵਰਪਾਲ**

*ਛੇਵੇਂ ਗੁਰਾਂ ਘਰ ਸੋਹਣਾ ਇਕ ਲਾਲ ਆਇਆ,*
*ਮਾਤਾ ਨਾਨਕੀ ਨੂੰ ਭਾਗ ਲਗਾ ਦਿੱਤਾ।*
*ਸੋਲਾਂ ਸੌ ਇੱਕੀ ਤੇ ਇਕ ਅਪ੍ਰੈਲ ਹੈ ਸੀ,*
*ਗੁਰੂ ਕੇ ਮਹਿਲ ਨੂੰ ਲਾਲ ਰੁਸ਼ਨਾ ਦਿੱਤਾ।*
*ਹੋਈ ਸਮਾਪਤੀ ਆਸਾ ਦੀ ਵਾਰ ਦੀ ਜਦ,*
*ਗੁਰਾਂ ਬਾਲਕੇ ਨੂੰ ਜਾ ਸੀਸ ਝੁਕਾ ਦਿੱਤਾ।*
*ਜੜ੍ਹ ਜ਼ੁਲਮ ਦੀ ਪੁੱਟ ਕੇ ਰੱਖ ਦਏਗਾ,*
*ਸਿੱਖਾਂ ਤਾਂਈਂ ਛੇਵੇਂ ਗੁਰਾਂ ਫੁਰਮਾ ਦਿੱਤਾ।*
*ਮੂਰਤ ਪਿਆਰ ਦੀ ਭਗਤੀ ਵਿਚ ਲੀਨ ਰਹਿੰਦੀ,*
*ਧਿਆਨ ਪ੍ਰਭੂ ਦੇ ਚਰਨੀਂ ਟਿਕਾ ਦਿੱਤਾ।*
*ਲੰਮਾ ਸਮਾਂ ਬਕਾਲੇ ਵਿਚ ਕਰੀ ਭਗਤੀ,*
*ਆਸਣ ਭੋਰੇ ਦੇ ਵਿਚ ਸੀ ਲਾ ਦਿੱਤਾ।*
*ਸੱਚਖੰਡ ਜਾ ਰਹੇ ਸੀ ਅੱਠਵੇਂ ਪਾਤਸ਼ਾਹ ਜਦ,*
*ਬਾਬਾ ਵਿਚ ਬਕਾਲੇ ਸੁਣਾ ਦਿੱਤਾ।*
*ਮੱਖਣ ਸ਼ਾਹ ਦਾ ਬੇੜਾ ਸੀ ਲਾਇਆ ਬੰਨੇ,*
*ਸੁੱਖਣਾ ਲਾਹੁਣ ਲਈ ਚਾਲਾ ਉਸ ਪਾ ਦਿੱਤਾ।*
*ਤੱਕੀਆਂ ਵਿਚ ਬਕਾਲੇ ਦੇ ਬਾਈ ਮੰਜੀਆਂ,*
*ਹੋਸ਼ ਆਪਣੀ ਤਾਂਈਂ ਭੁਲਾ ਦਿੱਤਾ।*
*ਸੁੱਖ ਕੇ ਕਈ ਮੋਹਰਾਂ ਰੱਖੀਆਂ ਘੱਟ ਮੂਹਰੇ,*
*ਗੁਰਾਂ ਕਿਹਾ ਕਿਉਂ ਚਿੱਤ ਭੁਲਾ ਦਿੱਤਾ।*
*ਬੇੜਾ ਪਾਰ ਕੀਤਾ ਵੱਜੇ ਕਿੱਲ ਸਾਡੇ,*
*ਖੂਨ ਮੋਢਿਆਂ ਵਿੱਚੋਂ ਵਹਾ ਦਿੱਤਾ।*
*ਮੱਖਣ ਸ਼ਾਹ ਦੀ ਖੁਸ਼ੀ ਦੀ ਹੱਦ ਨਾ ਰਹੀ,*
*ਕੋਠੇ ਚੜ੍ਹ ਗੁਰੂ ਲਾਧੋ ਰੇ ਫੁਰਮਾ ਦਿੱਤਾ।*
*ਪ੍ਰਗਟ ਹੋ ਕੇ ਨੌਵੇਂ ਸਤਿਗੁਰਾਂ ਨੇ,*
*ਵੱਲ ਪਹਾੜੀਆਂ ਰੁਖ਼ ਅਪਣਾ ਦਿੱਤਾ।*
*ਮਾਖੋਵਾਲ ਦੀ ਧਰਤ ਰਮਣੀਕ ਸੋਹਣੀ,*
*ਚੱਕ ਨਾਨਕੀ ਨਗਰ ਵਸਾ ਦਿੱਤਾ।*
*ਗੋਬਿੰਦ ਰਾਇ ਜਦ ਅਨੰਦ ਸਾਹਿਬ ਪੜ੍ਹੀ ਬਾਣੀ,*
*ਨਾਮ ਸ਼ਹਿਰ ਦਾ ਅਨੰਦਪੁਰ ਰਖਵਾ ਦਿੱਤਾ।*
*ਇਕ ਦਿਨ ਗੁਰੂ ਜੀ ਗਹਿਰ ਗੰਭੀਰ ਹੋਏ,*
*ਦੁਖੀ ਪੰਡਤਾਂ ਜਦ ਦਰਦ ਸੁਣਾ ਦਿੱਤਾ।*
*ਛਮ-ਛਮ ਨੈਣਾਂ 'ਚੋਂ ਡੋਲਿਆ ਨੀਰ ਪੰਡਤਾਂ,*
*ਗੋਬਿੰਦ ਜੀ ਪੁਛਦੇ ਕੀਹਨੇ ਰਵਾ ਦਿੱਤਾ।*
*ਕੀ ਗੱਲ ਹੈ ਪਿਤਾ ਜੀ ਖੋਲ੍ਹ ਦੱਸੋ,*
*ਧੌਣਾਂ ਸੁੱਟ ਬੈਠੇ ਕੀ ਗਵਾ ਦਿੱਤਾ।*
*ਜਾਨ ਇਨ੍ਹਾਂ ਦੀ ਖ਼ਤਰੇ ਦੇ ਵਿਚ ਬੇਟਾ,*
*ਧਰਮ ਬਦਲੋ ਪਾਪੀ ਢੋਲ ਖੜਕਾ ਦਿੱਤਾ।*
*ਧਰਮ ਬਚਾਉਣ ਲਈ ਪਵੇਗਾ ਸੀਸ ਦੇਣਾ,*
*ਔਰੰਗੇ ਇੰਨਾ ਨਾਲ ਦਗ਼ਾ ਕਰਾ ਦਿੱਤਾ।*
*ਛੋਟੀ ਉਮਰ ਵਿਚ ਪਿਤਾ ਜੀ ਨੂੰ ਕਹਿਣ ਲੱਗੇ,*
*ਸ਼ਹੀਦ ਹੋਣ ਲਈ ਬਚਨ ਸੁਣਾ ਦਿੱਤਾ।*
*ਮੈਂ ਯਤੀਮ ਹੋਜਾਂ ਕੋਈ ਪਰਵਾਹ ਨਹੀਂ,*
*ਲੱਖਾਂ ਬੱਚਿਆਂ ਨੂੰ ਯਤੀਮ ਹੋਣੋ ਬਚਾ ਦਿੱਤਾ।*
*ਪਹੁੰਚੇ ਦਿੱਲੀ ਗੁਰੂ ਪਿੰਜਰੇ ਬੰਦ ਕੀਤਾ,*
*ਸਾਹਵੇਂ ਮਤੀ ਦਾਸ ਦੋ ਫਾੜ ਬਣਾ ਦਿੱਤਾ।*
*ਸਤੀ ਦਾਸ ਨੂੰ ਰੂੰ ਦੇ ਨਾਲ ਬੰਨ੍ਹ ਕੇ,*
*ਅੱਗ ਲਾ ਕੇ ਜਿਉਂਦਾ ਸੜਵਾ ਦਿੱਤਾ।*
*ਰਿੱਝਦੇ ਪਾਣੀਆਂ 'ਚੋਂ ਦਿਆਲਾ ਜੀ ਰਿੰਨ੍ਹਿਆ ਸੀ,*
*ਨਹੀਂ ਡੋਲੇ ਮੁੱਖੋਂ ਜਪੁਜੀ ਨੂੰ ਗਾ ਦਿੱਤਾ।*
*ਵਿੱਚੋਂ ਕੱਢ ਕੇ ਪਿੰਜਰੇ ਸਤਿਗੁਰਾਂ ਨੂੰ,*
*ਸ਼ਰੇਆਮ ਬਾਜ਼ਾਰ ਬਿਠਾ ਦਿੱਤਾ।*

** ਇੰਚਾਰਜ, ਕੜਾਹ ਪ੍ਰਸ਼ਾਦ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੪੭੯੫੦੫੯੦੦*

*ਮੁਸਲਮਾਨ ਹੋ ਜਾ ਜੇਕਰ ਜਿੰਦ ਚਾਹੁੰਨੈਂ,*
*ਪਾਪੀ ਜਾਲਮਾਂ ਕਹਿਰ ਬਰਸਾ ਦਿੱਤਾ।*
*ਸਾਗਰ ਦਿਆਲਤਾ ਦੇ ਸ਼ਾਂਤ ਚਿੱਤ ਹੋ ਕੇ,*
*ਹਲੂਣਾ ਨਿਮਰਤਾ ਦਾ ਹੱਸ ਦਿਖਾ ਦਿੱਤਾ।*
*ਕਿਹਾ ਕਹਿਰਵਾਨ ਪਾਪੀ ਨੂੰ ਸਤਿਗੁਰਾਂ ਨੇ,*
*ਨਹੀਂ ਧਰਮ ਨੂੰ ਦਾਗ ਲਗਾਵਾਂਗਾ ਮੈਂ।*
*ਮਜ਼ਲੂਮ ਦਾ ਧਰਮ ਬਚਾਉਣਾ ਇਹ ਫ਼ਰਜ਼ ਮੇਰਾ,*
*ਧਰਮ ਹੇਤ ਸੀਸ ਕਟਾਂਵਾਗਾ ਮੈਂ।*
*ਬਾਂਹ ਫੜੀ ਹੈ ਗ਼ਰੀਬ ਮਜ਼ਲੂਮ ਦੀ ਜੋ,*
*ਉਸ ਤਾਂਈਂ ਅੱਜ ਤੋੜ ਨਿਭਾਵਾਂਗਾ ਮੈਂ।*
*ਦੀਵੇ ਬੁੱਝ ਚੁੱਕੇ ਇਨ੍ਹਾਂ ਦੇ ਮੰਦਰਾਂ 'ਚੋਂ,*
*ਖ਼ੂਨ ਪਾ ਕੇ ਫਿਰ ਜਗਾਵਾਂਗਾ ਮੈਂ।*
*ਗੁਰਾਂ ਪੜ੍ਹੀ ਬਾਣੀ ਸ਼ਾਂਤ ਚਿੱਤ ਹੋ ਕੇ,*
*ਆਰਾ ਸੀਸ 'ਤੇ ਜੱਲਾਦ ਚਲਾ ਦਿੱਤਾ।*
*ਸੀਸ ਧੜ ਦੇ ਨਾਲੋਂ ਜਦ ਅੱਡ ਹੋਇਆ,*
*ਪੱਥਰ ਦਿਲਾਂ ਨੇ ਨੀਰ ਵਹਾ ਦਿੱਤਾ।*
*ਗਾਰਾ ਲਾ ਕੇ ਹੱਢ 'ਤੇ ਮਿੱਝ ਵਾਲਾ,*
*ਸੋਹਣਾ ਸਿੱਖੀ ਦਾ ਮਹਿਲ ਚਮਕਾ ਦਿੱਤਾ।*
*ਕਵੀ ਵਰਪਾਲ ਵਾਲਾ ਕਹੇ ਸਤਿਗੁਰਾਂ ਨੇ,*
*ਸੀਸ ਦੇ ਕੇ ਬਚਨ ਨਿਭਾ ਦਿੱਤਾ।*
*ਐਸੀ ਕਰਨੀ ਤੋਂ ਜਾਈਏ ਬਲਿਹਾਰ ਸੰਗਤੇ,*
*ਸੀਸ ਗੁਰੂ ਦੇ ਚਰਨੀਂ ਝੁਕਾਈਏ ਸਾਰੇ।*
*੩੫੦-ਸਾਲਾ ਸ਼ਹੀਦੀ ਸ਼ਤਾਬਦੀ ਨੂੰ,*
*ਰਲ-ਮਿਲ ਕੇ ਅੱਜ ਮਨਾਈਏ ਸਾਰੇ।*
*ਭਾਗਾਂ ਵਾਲੇ ਹਾਂ ਸਾਡੀ ਇਸ ਜ਼ਿੰਦਗੀ 'ਚੋਂ,*
*ਆਈਆਂ ਸ਼ਤਾਬਦੀਆਂ ਸੇਵਾ ਕਮਾਈਏ ਸਾਰੇ।*
*ਗੁਣ ਗਾਈਏ ਨੌਵੇਂ ਗੁਰਾਂ ਦੇ ਮਲਕੀਤ ਸਿੰਘਾ!*
*ਜੀਵਨ ਆਪਣਾ ਸਫਲ ਬਣਾਈਏ ਸਾਰੇ।*

■

## ਸ੍ਰੀ ਹਰਿਮੰਦਰ ਸਾਹਿਬ ਵਿਖੇ ਜਲੌ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌ, ਦੀਪਮਾਲਾ, ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:

* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
* ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
* ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

# ਮਾਨਵਤਾ ਦੇ ਗੁਰੂ: ਸ੍ਰੀ ਗੁਰੂ ਗੋਬਿੰਦ ਸਿੰਘ ਜੀ

*-ਡਾ. ਰੂਪ ਸਿੰਘ**

ਬਾਦਸ਼ਾਹ ਦਰਵੇਸ਼, ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਪ੍ਰਤਿਭਾ ਨੂੰ ਬਿਆਨ ਕਰਨਾ ਅਕੱਥ ਨੂੰ ਕਥਣ ਦੇ ਤੁੱਲ ਹੈ। ਇਹ ਇਵੇਂ ਹੀ ਹੈ ਜਿਵੇਂ ਮਘਦੇ ਸੂਰਜ ਦੀ ਕੈਮਰੇ ਨਾਲ ਤਸਵੀਰ ਲੈਣਾ। ਦਿੱਬ-ਦੈਵੀ ਸ਼ਖ਼ਸੀਅਤਾਂ ਦੇ ਦਰਸ਼ਨ ਸੰਸਾਰਿਕ ਅੱਖਾਂ ਨਾਲ ਨਹੀਂ ਕੀਤੇ ਜਾ ਸਕਦੇ, ਨਾ ਹੀ ਇਨ੍ਹਾਂ ਨੂੰ ਪ੍ਰਚਲਿਤ ਧਾਰਮਿਕ, ਸਮਾਜਿਕ ਤੇ ਸੰਸਾਰਿਕ ਸ਼ਬਦਾਵਲੀ 'ਚ ਬਿਆਨ ਕੀਤਾ ਜਾ ਸਕਦਾ ਹੈ। ਮਹਾਂਕਵੀ ਸੰਤੋਖ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਬਾਰੇ ਲਿਖਦੇ ਹਨ:

*ਦੁਰਨਰਿੱਖ ਦਰਸ਼ਨ ਸਤਿਗੁਰ ਕੇ*

ਭਗਵਤ ਗੀਤਾ ਅਨੁਸਾਰ ਜਦ ਅਰਜਨ ਨੇ ਭਗਵਾਨ ਕ੍ਰਿਸ਼ਨ ਦੇ ਸ਼ੁਧ ਸਰੂਪ ਦੇ ਦਰਸ਼ਨ ਕਰਨ ਲਈ ਤਮੰਨਾ ਜ਼ਾਹਿਰ ਕੀਤੀ, ਤਦ ਭਗਵਾਨ ਕ੍ਰਿਸ਼ਨ ਨੇ ਸਪੱਸ਼ਟ ਕੀਤਾ ਕਿ ਰੂਹਾਨੀ ਅੱਖਾਂ ਹੀ ਰੂਹਾਨੀ ਰੂਹਾਂ ਦੇ ਦੀਦਾਰ ਕਰ ਸਕਦੀਆਂ ਹਨ।

*ਦਿਵਜ਼ਮ ਦਦਾਮਿ ਤੇ ਚਕਸ਼ੂ। (੧੧-੮)*

ਗੁਰਮਤਿ ਵਿਚਾਰਧਾਰਾ ਅਨੁਸਾਰ 'ਅਕਾਲ ਪੁਰਖ', 'ਪ੍ਰਭੂ_ਪਰਮਾਤਮਾ' ਤੇ 'ਗੁਰੂ-ਜੋਤਿ' 'ਜਨਮ-ਮਰਨ' ਤੋਂ ਰਹਿਤ ਹੈ। ਜੋਤਿ ਸਦੀਵੀ ਹੋਣ ਕਰਕੇ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰੂ ਖਾਲਸਾ-ਪੰਥ ਤੇ ਗੁਰੂ-ਗ੍ਰੰਥ ਜੋਤਿ ਰੂਪ ਵਿਚ ਪ੍ਰਗਟ ਹੋਣ ਦੇ ਪ੍ਰਮਾਣਿਕ, ਸਮਕਾਲੀ-ਸਾਰਥਕ ਅਨੇਕਾਂ ਹਵਾਲੇ ਮਿਲਦੇ ਹਨ। ਭਾਈ ਗੁਰਦਾਸ ਜੀ ਗੁਰੂ ਨਾਨਕ ਜੋਤਿ ਦੇ ਪ੍ਰਗਟ ਹੋਣ ਨੂੰ *ਸਤਿਗੁਰੁ ਨਾਨਕੁ ਪ੍ਰਗਟਿਆ, ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ*, ਸ੍ਰੀ ਗੁਰੂ ਅਰਜਨ ਦੇਵ ਜੀ *ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ*, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਗੁਰਦਾਸ ਦੂਜਾ ਵਹ *ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ* ਅਤੇ ਸਰਬ ਲੋਹ ਗ੍ਰੰਥ ਵਿਚ ਖਾਲਸਾ ਪੰਥ ਬਾਰੇ *ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ* ਤੇ ਅਖੀਰ ਸ਼ਬਦ-ਗੁਰੂ, ਦਸਾਂ ਪਾਤਸ਼ਾਹੀਆਂ ਦੀ ਜੋਤਿ ਨੂੰ 'ਪ੍ਰਗਟ ਗੁਰਾਂ ਕੀ ਦੇਹਿ' ਦੇ ਰੂਪ ਵਿਚ ਬਿਆਨ ਕੀਤਾ ਗਿਆ, ਜਿਸ ਨੂੰ 'ਸਭ ਸਿਖਨ ਕੋ ਹੁਕਮ ਹੈ', ਦੇ ਰੂਪ 'ਚ ਮੰਨਿਆ ਜਾਂਦਾ ਹੈ। ਅਸੀਂ ਗੁਰੂ-

** ਸਾਬਕਾ, ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਸਾਹਿਬਾਨ ਬਾਰੇ ਜੋ ਸੰਸਾਰਿਕ ਸ਼ਬਦਾਵਲੀ 'ਚ ਬਿਆਨ ਕਰਨ ਦਾ ਯਤਨ ਕਰਦੇ ਹਾਂ ਉਹ ਸਥੂਲ-ਸਰੂਪ ਸਰੀਰ ਦਾ ਬਿਆਨ ਹੁੰਦਾ ਹੈ, ਅਦਿਖ ਗੁਰੂ-ਜੋਤਿ ਦਾ ਨਹੀਂ। ਉਪਰੋਕਤ ਸੰਖੇਪ ਵਿਵਰਣ ਤੋਂ ਸਪੱਸ਼ਟ ਹੈ ਕਿ ਗੁਰੂ-ਜੋਤਿ ਪ੍ਰਕਾਸ਼ਮਾਨ-ਪ੍ਰਗਟ ਹੁੰਦੀ ਹੈ ਜੋ ਜਨਮ-ਮਰਨ ਤੋਂ ਰਹਿਤ ਹੈ। ਗੁਰਬਾਣੀ ਸਪੱਸ਼ਟ ਕਰਦੀ ਹੈ:

*ਗੋਬਿੰਦ ਲੋਕ ਨਹੀ ਜਨਮਿ ਮਰਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੧)*

ਬਾਲ ਗੋਬਿੰਦ ਰਾਇ ਨੇ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਮਾਤਾ ਗੁਜਰੀ ਜੀ ਦੇ ਘਰ ਪ੍ਰਗਟ ਹੋ ਬਾਲ ਵਰੇਸ ਦੇ ਅਗੰਮੀ ਕੌਤਕ ਕੀਤੇ। ਮਾਤਾ ਗੁਜਰੀ ਜੀ ਦੀ ਨਿਗਰਾਨੀ 'ਚ ਆਉਣ ਵਾਲੇ ਸਮੇਂ ਦੇ ਹਾਣੀ ਬਣਨ ਲਈ ਸਿੱਖਿਆ ਪ੍ਰਾਪਤ ਕੀਤੀ। ਮਸਨੂਈ ਜੰਗੀ ਅਭਿਆਸ ਕੀਤੇ, ਸਮੇਂ ਦੀ ਬਾਦਸ਼ਾਹੀ ਦਾ ਬਾਲ ਅਵਸਥਾ ਸਮੇਂ ਬਾਗੀ ਸੁਰ 'ਚ ਮੂੰਹ ਚੜਾ ਖਿੱਲੀ ਉਡਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੂਲ ਨਾਂ 'ਗੋਬਿੰਦ ਰਾਇ' ਹੈ। ਗੋਬਿੰਦ ਦਾ ਅਰਥ-ਭਾਵ ਸਰਬਕਾਲੀ, ਸਮੇਂ ਸਥਾਨ ਤੋਂ ਸੁਤੰਤਰ ਹਰੀ ਪਰਮਾਤਮਾ ਹੈ। ਕੋਸ਼ਾਂ ਵਿਚ ਵੀ ਗੋਬਿੰਦ ਦਾ ਸ਼ਾਬਦਿਕ ਅਰਥ ਵਾਹਿਗੁਰੂ, ਪ੍ਰਿਥਵੀ-ਪਾਲਕ, ਕਰਤਾਰ, ਪਾਰਬ੍ਰਹਮ, ਗੁਣਾਂ ਦਾ ਸਮੁੰਦ੍ਰ ਆਦਿ ਕੀਤੇ ਮਿਲਦੇ ਹਨ। ਗੁਰਬਾਣੀ ਇਨ੍ਹਾਂ ਅਰਥਾਂ ਨੂੰ ਸਪੱਸ਼ਟ ਕਰਦੀ ਹੈ:

*-ਪਾਰਬ੍ਰਹਮ ਪਰਮੇਸੁਰ ਗੋਬਿੰਦ॥*
*ਕ੍ਰਿਪਾ ਨਿਧਾਨ ਦਇਆਲ ਬਖਸੰਦ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੩)*
*-ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*
*-ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੭੮)*
*-ਦੁਸਟ ਹਰਨਾ ਸ੍ਰਿਸਟ ਕਰਨਾ ਦਯਾਲ ਲਾਲ ਗੋਬਿੰਦ॥ (ਸ੍ਰੀ ਦਸਮ ਗ੍ਰੰਥ)*

'ਰਾਇ' ਸ਼ਬਦ ਦੇ ਸ਼ਾਬਦਿਕ ਅਰਥ-ਸੰਗਯਾ ਦੇ ਰੂਪ 'ਚ ਰਾਜਾ, ਅਮੀਰ, ਮਾਲਕ, ਪ੍ਰਭੂ, ਵਾਹਿਗੁਰੂ, ਕਰਤਾਰ, ਪਾਰਬ੍ਰਹਮ ਕੀਤੇ ਮਿਲਦੇ ਹਨ। ਗੁਰਬਾਣੀ ਦੇ ਪਾਵਨ ਉਪਦੇਸ਼ ਹਨ:

*-ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੫)*
*-ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੬)*
*-ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੮)*
*-ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੭੫)*

*-ਅੰਤਰਿ ਰਾਮ ਰਾਇ ਪ੍ਰਗਟੇ ਆਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੪੧)*

'ਗੋਬਿੰਦ ਰਾਇ' ਦੇ ਅਗੇਤਰ-ਪਿਛੇਤਰ ਵਿਸ਼ੇਸ਼ਣ ਜਿਤਨੇ ਮਰਜ਼ੀ ਸ਼ਰਧਾ-ਭਾਵਨਾ, ਸਤਿਕਾਰ ਨਾਲ ਲਗਾ ਦੇਈਏ, ਆਪਣੇ ਮਨ ਦੀ ਤਸੱਲੀ ਹੋ ਜਾਵੇਗੀ ਪਰ 'ਗੋਬਿੰਦ' ਦੇ ਗੁਣਾਂ ਦਾ ਗਾਇਨ, ਅਕਥ ਕਥਾ ਕਥੀ ਨ ਜਾਇ ਦੀ ਅਵਸਥਾ ਹੈ। ਗੋਬਿੰਦ ਸ਼ਬਦ ਦਾ ਕੋਈ ਬਦਲ ਨਹੀਂ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ:

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*

*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੭)*

ਗੋਬਿੰਦ ਨਾਮ 'ਚ ਐਸੀ ਸ਼ਕਤੀ ਹੈ ਕਿ ਭਗਤ ਨਾਮਦੇਵ ਜਿਸ ਨੂੰ ਅੱਧੀ ਦਮੜੀ ਦਾ ਨਹੀਂ ਸਨ ਮੰਨਦੇ ਉਹੀ ਗੋਬਿੰਦ ਗੋਬਿੰਦ ਕਰਦਿਆਂ 'ਗੋਬਿੰਦ' ਰੂਪ ਹੋ ਲਖੀਣਾ ਭਾਵ ਲੱਖਾਂ ਦਾ ਹੋ ਗਿਆ, ਅਮੋਲਕ-ਅਮਰ ਹੋ ਗਿਆ। ਲੋਕ ਉਸ ਦੇ ਨਾਮ ਨਾਲ ਜੁੜ ਗਏ। ਦੂਸਰੇ ਪਾਸੇ ਅਸੀਂ ਤਕਦੇ ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਨਾਮ ਦਾ 'ਗੋਬਿੰਦ' ਸ਼ਬਦ ਉਸ ਹੀ ਨਿਰੰਕਾਰੀ ਜੋਤਿ ਦੇ ਅਰਥਾਂ, ਭਾਵਾਂ ਤੇ ਭਾਵਨਾ 'ਚੋਂ ਵਰਤਿਆ ਗਿਆ ਹੈ। ਗੋਬਿੰਦ ਦੇ ਬਿਸਰਨ ਨਾਲ ਤਾਂ ਆਤਮਿਕ ਮੌਤ ਹੈ_ "ਮਰਣੰ ਬਿਸਰਣੰ ਗੋਬਿੰਦਹ॥"

ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨੇ ਦੀ ਧਰਤੀ 'ਤੇ ਪ੍ਰਗਟ ਹੋਏ ਇਹ ਇਕ ਪ੍ਰਤੱਖ ਪ੍ਰਮਾਣ ਹੈ:

*-ਤਹੀ ਪ੍ਰਕਾਸ ਹਮਾਰਾ ਭਯੋ॥*

*ਪਟਨਾ ਸਹਰ ਬਿਖੈ ਭਵ ਲਯੋ॥* *(ਬਚਿਤ੍ਰ ਨਾਟਕ)*

*-ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ। ...*

*ਉਹੁ ਗੁਰੁ ਗੋਬਿੰਦ ਹੋਇ ਪ੍ਰਗਟਿਓ ਦਸਵਾਂ ਅਵਤਾਰਾ।* *(ਭਾਈ ਗੁਰਦਾਸ ਦੂਜਾ)*

ਜਨਮ-ਮਰਨ ਸੰਸਾਰੀ ਲੋਕਾਈ ਵਾਸਤੇ ਹੈ ਜੋ ਵਿਕਾਰਾਂ ਤੋਂ ਨਿਰਲੇਪ ਨਹੀਂ ਹੋ ਸਕਦੇ ਪਰ ਰੂਹਾਨੀ ਪਾਤਸ਼ਾਹ, ਰੱਬੀ ਨੂਰ-ਨਿਰੰਕਾਰੀ ਤੇ ਪਰਉਪਕਾਰੀ ਹੈ। ਗੁਰੂ ਸਰਬਕਾਲੀ, ਸਰਬਪੱਖੀ-ਸਰਬਗੁਣ ਸੰਪੰਨ, ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੁੰਦਾ ਹੈ। ਗੁਰੂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਵਾਸਤੇ ਗਿਆਨ ਪ੍ਰਕਾਸ਼ਕ, ਗਿਆਨ ਦਾ ਬ੍ਰਹਿਮੰਡੀ ਸੂਰਜ ਹੈ, ਜੋ ਪਵਨ-ਗੁਰੂ ਪਾਣੀ-ਪਿਤਾ ਦੇ ਸਿਧਾਂਤ ਅਨੁਸਾਰ ਸਮਸਤ ਸੰਸਾਰ ਲਈ ਅਗਿਆਨ ਵਿਨਾਸ਼ਕ-ਪ੍ਰਕਾਸ਼ ਦਾ ਅਮੁਕ ਸਰੋਤ ਹੈ। ਇਨ੍ਹਾਂ ਅਰਥਾਂ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਸੇ ਧਰਮ, ਜਾਤੀ, ਕੌਮ, ਖੇਤਰ ਤੀਕ ਸੀਮਤ ਨਹੀਂ ਉਹ ਸਮੁੱਚੀ ਕਾਇਨਾਤ ਲਈ ਕੁਦਰਤੀ ਧਰਮ ਗੁਰੂ ਹਨ ਜਿਨ੍ਹਾਂ ਨੂੰ ਅਸੀਂ ਮਾਨਵਤਾ ਦੇ ਗੁਰੂ ਵਜੋਂ ਦੇਖਣ ਦਾ ਯਤਨ ਕਰ ਰਹੇ ਹਾਂ। ਬਾਦਸ਼ਾਹ-ਦਰਵੇਸ਼ *ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ* ਦੀ ਅਰਦਾਸ ਅਕਾਲ ਪੁਰਖ ਦੇ

ਦਰ 'ਤੇ ਕਰਦਿਆਂ, *ਨਿਸਚੈ ਕਰਿ ਅਪਨੀ ਜੀਤ* ਕਰਨ ਦੇ ਦ੍ਰਿੜ੍ਹ ਵਿਸਵਾਸੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੋਈ ਸਾਨੀ ਨਹੀਂ, ਕੋਈ ਬਦਲ ਨਹੀਂ, ਕਵੀ ਅੱਲਾ ਯਾਰ ਖਾਂ ਜੋਗੀ ਦੇ ਸ਼ਬਦਾਂ 'ਚ:

*ਕਰਤਾਰ ਕੀ ਸੁਗੰਦ ਹੈ, ਨਾਨਕ ਕੀ ਕਸਮ ਹੈ।*
*ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।* *(ਸ਼ਹੀਦਾਨਿ ਵਫ਼ਾ)*

ਸਾਈਂ ਭੀਖਣ ਸ਼ਾਹ ਨੇ ਲੋਕਾਈ ਨੂੰ ਪ੍ਰਤੱਖ ਕਰਨ ਲਈ ਪੂਰਬ ਵੱਲ ਸਿਜਦਾ ਕੀਤਾ, ਪਟਨੇ ਸ਼ਹਿਰ ਜਾ ਕੇ ਗੁਰੂ-ਜੋਤਿ ਦੇ ਦਰਸ਼ਨ ਕਰ ਸਪੱਸ਼ਟ ਕੀਤਾ ਕਿ ਗੁਰਦੇਵ-ਪਿਤਾ ਧਰਮ, ਜਾਤੀ ਜਾਂ ਖੇਤਰ ਨਾਲ ਸੰਬੰਧਿਤ ਨਹੀਂ ਸਗੋਂ ਮਨੁੱਖਤਾ ਨੂੰ '*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ* ਦਾ ਸੰਦੇਸ਼ ਦੇਣ ਆਏ ਹਨ। ਫ਼ਤਹਿ ਚੰਦ ਮੈਣੀ, ਸ਼ਿਵ ਦੱਤ ਦੇ ਸ਼ੰਕਿਆਂ ਨੂੰ ਨਿਵਿਰਤ ਕਰ ਸ਼ਸਤ੍ਰ ਤੇ ਸ਼ਾਸਤ੍ਰ ਵਿੱਦਿਆ ਦੀ ਪ੍ਰਾਰੰਭਕ ਵਿੱਦਿਆ ਹਾਸਲ ਕਰ ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਨੂੰ ਰਵਾਨਾ ਹੋਏ।

ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ-ਪਵਿੱਤਰ ਧਰਤ ਸੁਹਾਵੀ 'ਤੇ ਹੀ ਚਾਰੇ ਸਾਹਿਬਜ਼ਾਦੇ ਅੰਗਮੀ ਕੌਤਕ ਕਰਦੇ ਹਨ। ਮਾਤਾ ਜੀਤੋ ਜੀ ਦਾ ਅਕਾਲ ਚਲਾਣਾ ਵੀ ਇੱਥੇ ਹੀ ਹੁੰਦਾ ਹੈ। ਦਰਦਮੰਦ, ਦੁਖੀ ਤੇ ਆਜ਼ਜ ਬ੍ਰਾਹਮਣ, ਕਿਰਪਾ ਰਾਮ ਦੀ ਅਗਵਾਈ 'ਚ ਆਪਣੇ ਧਰਮ-ਕਰਮ ਇੱਜ਼ਤ-ਆਬਰੂ ਲਈ ਅਧੀਨਗੀ ਨਾਲ ਬੇਨਤੀ ਕਰਦੇ ਹਨ ਤਾਂ ਦਸਮ ਪਾਤਸ਼ਾਹ ਹੀ ਪ੍ਰਵਾਨ ਚੜ੍ਹਾਉਂਦੇ ਹਨ। ਨੌਂ ਸਾਲ ਦੀ ਉਮਰ 'ਚ ਗੁਰੂ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਹੋਂਦ ਨੂੰ ਬਚਾਉਣ ਲਈ ਸ਼ਹਾਦਤ ਵਾਸਤੇ ਤੋਰਨਾ, ਸਵੈ-ਵਿਸ਼ਵਾਸ, ਸਿਦਕ ਭਰੋਸੇ ਦਾ ਸਿਖਰ ਸੀ। ਭਾਈ ਜੈਤਾ ਜੀ ਤੋਂ ਸ਼ਹੀਦ ਗੁਰੂ-ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਪ੍ਰਾਪਤ ਕਰ, ਪਿਆਰੇ-ਗੁਰਸਿੱਖ ਨੂੰ ਪਿਆਰ ਗਲਵੱਕੜੀ 'ਚ ਲੈ ਕੇ ਬਖਸ਼ਿਸ਼ ਕਰਦੇ ਹਨ 'ਰੰਘਰੇਟੇ ਗੁਰੂ ਕੇ ਬੇਟੇ'। ਮਾਖੋਵਾਲ ਚੱਕ ਨਾਨਕੀ ਦੀ ਛੋਟੀ ਜਿਹੀ ਨਗਰੀ ਨੂੰ ਬ੍ਰਹਿਮੰਡੀ ਖਾਲਸੇ ਦੇ ਪ੍ਰਗਟ ਅਸਥਾਨ ਦੇ ਰੂਪ 'ਚ ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਜੋਂ ਵਿਸ਼ਵ ਪ੍ਰਸਿੱਧੀ ਪ੍ਰਾਪਤ ਹੋਈ। ਮਸਨੂਈ ਜੰਗਾਂ ਤੇ ਧਰਮ ਯੁੱਧ ਦੀ ਤਿਆਰੀ ਲਈ ਕਿਲ੍ਹੇ ਉਸਾਰੇ ਗਏ।

ਸਾਹ-ਸਤਹੀਣ ਹੋਏ ਭਾਰਤੀਆਂ, ਮੁਰਦਾ-ਨਿਤਾਣੇ ਲੋਕਾਂ 'ਚ ਸਾਹਸ-ਸ਼ਕਤੀ ਨੂੰ ਪੈਦਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਦੀਆਂ ਪਹਾੜੀਆਂ 'ਤੇ ਖਾਲਸਈ ਪਰਚਮ ਝੁਲਾਏ, ਰਣਜੀਤ ਨਗਾਰੇ 'ਤੇ ਚੋਟਾਂ ਲਗਵਾਈਆਂ। ਘੋੜ-ਸਵਾਰੀ ਤੇ ਸ਼ਸਤਰ-ਵਿੱਦਿਆ ਲਈ ਮਸਨੂਈ ਜੰਗਾਂ-ਯੁੱਧਾਂ, ਫ਼ਤਹ ਦੇ ਜੈਕਾਰਿਆਂ ਨਾਲ ਧਰਮ ਯੁੱਧ ਲਈ ਚਾਉ-ਹੁਲਾਸ ਪੈਦਾ ਕੀਤਾ। ਇਹ ਸਭ ਕੁਝ ਸਦੀਆਂ ਤੋਂ ਗ਼ੁਲਾਮ ਭਾਰਤੀਆਂ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਵਲੋਂ ਸਖ਼ਤ ਮਨ੍ਹਾ ਕੀਤਾ

ਸੀ। ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੁਜ਼ਦਿਲਾਂ 'ਚ ਬਹਾਦਰੀ ਪੈਦਾ ਕਰਨ ਲਈ ਬੀਰ-ਰਸੀ ਸਾਹਿਤ ਸਿਰਜਣਾ ਕੀਤੀ ਤੇ ਕਰਵਾਈ। ਖਾਲਸਈ ਫ਼ਤਹ ਦੇ ਬੋਲਾਂ ਤੇ ਜੰਗੀ ਜੈਕਾਰਿਆਂ ਨਾਲ ਪਹਾੜੀਆਂ ਗੂੰਜ ਉੱਠੀਆਂ। ਬਿਨ ਕਰਤਾਰ ਨ ਕਿਰਤਮ ਮਾਨੋ ਦੇ ਧਾਰਨੀ ਗੁਰੂ ਪਿਤਾ ਜੀ ਦੇ ਨਿਰਦੇਸ਼ਾਂ ਅਨੁਸਾਰ ਸ਼ਸਤਰਾਂ ਦੇ ਪੁਜਾਰੀ, ਸੁਤੰਤਰਤਾ, ਸਵੈਮਾਣ ਦੀ ਸ਼ਕਤੀ ਨਾਲ ਮਾਲਾ-ਮਾਲ ਸਿੰਘਾਂ ਨੇ ਸਰੂਪ ਤੇ ਸ਼ਖ਼ਸੀ ਪੂਜਾ ਨੂੰ ਮੁਕੰਮਲ ਰੂਪ 'ਚ ਨਕਾਰ ਦਿੱਤਾ। ਸ਼ੂਦਰ ਨੂੰ ਸਮਾਜਿਕ ਬਰਾਬਰੀ ਦਾ ਅਧਿਕਾਰ ਨਹੀਂ ਸੀ ਉਸ ਨੂੰ ਸਤਿਗੁਰਾਂ ਨੇ ਸਿੱਖ ਸ਼ਹਿਨਸ਼ਾਹ ਬਣਾ ਦਿੱਤਾ।

*ਨਾਮ ਗਰੀਬ ਨਿਵਾਜ ਹਮਾਰਾ। ਹੈ ਜਗ ਮੇਂ ਪ੍ਰਸਿਧ ਅਪਾਰਾ।*
*ਸੋ ਸਫਲਾ ਜਗ ਮੈ ਤਬ ਥੈ ਹੈਂ। ਲਘੁ ਜਾਤਨ ਕੋ ਬਡਪਨ ਦੈ ਹੈਂ।*
*ਜਿਨ ਕੀ ਜਾਤਿ ਔਰ ਕੁਲ ਮਾਂਹੀ, ਸਰਦਾਰੀ ਨਹਿ ਭਈ ਕਦਾਹੀਂ।...*
*ਇਨ ਹੀ ਕੋ ਸਰਦਾਰ ਬਨਾਵੋਂ, ਤਬੈ ਗੋਬਿੰਦ ਸਿੰਘ ਨਾਮ ਸਦਾਵੋਂ।*

*(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)*

*ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥...*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥ (ਸ੍ਰੀ ਦਸਮ ਗ੍ਰੰਥ)*

ਖੇਰੂੰ-ਖੇਰੂੰ ਹੋਈ ਸਮਾਜਿਕ ਸ਼ਕਤੀ ਨੂੰ ਇਕੱਤਰ ਕਰ ਸੂਰਬੀਰ ਬਚਨ ਕੇ ਬਲੀ ਸੂਰਮੇ ਸਰਦਾਰ ਬਣਾਏ। ਇਸ ਕਾਰਜ ਵਾਸਤੇ ਵਿਦਵਾਨ-ਸਾਹਿਤਕਾਰ ਤੇ ਕਵੀ ਬੁਲਾਏ ਗਏ। ਇਸ ਮਨੋਰਥ ਨੂੰ ਗੁਰੂ ਜੀ ਇੰਞ ਸਪੱਸ਼ਟ ਕਰਦੇ ਹਨ:

*ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ॥ (ਕ੍ਰਿਸ਼ਨਵਤਾਰ)*

ਸ੍ਰੀ ਅਨੰਦਪੁਰ ਸਾਹਿਬ ਤੋਂ ਗੁਰਦੇਵ ਪਿਤਾ ਸ਼ਹਿਰ ਪਾਂਵਟੇ ਦੀ ਸੁਧ ਲੈਂਦੇ ਹਨ। ਰੁਝੇਵਿਆਂ, ਯੁੱਧਾਂ, ਕਸ਼ਟਾਂ ਦੇ ਸਮੇਂ ਵੀ ਕਾਵਿ-ਰਚਨਾ ਕਰਦੇ ਰਹੇ। ੫੨ ਕਵੀਆਂ ਦੀ ਸ਼ਾਹਦੀ ਤਾਂ ਬਹੁਤ ਸਾਰੇ ਇਤਿਹਾਸਿਕ ਹਵਾਲੇ ਭਰਦੇ ਹਨ, ਜਿਨ੍ਹਾਂ ਨੂੰ ਗੁਰਦੇਵ ਤਨਖ਼ਾਹ ਤੋਂ ਇਲਾਵਾ-ਬੇਨਜ਼ੀਰ ਇਨਾਮਾਂ ਨਾਲ ਨਿਵਾਜਦੇ ਸਨ। ਗੁਰੂ-ਦਰਬਾਰ ਵਿਚ ਵੱਡੀ ਗਿਣਤੀ ਵਿਚ ਵਿਦਵਾਨ, ਕਵੀ, ਲਿਖਾਰੀ, ਮੁਨਸ਼ੀ, ਮੁਸੱਦੀ ਤੇ ਹੋਰ ਸਿੱਖ ਸੇਵਾਦਾਰ ਸਨ। ਦੇਹੁਰਾ ਮਸੀਤ ਨੂੰ ਵੱਖ-ਵੱਖ ਧਰਮ ਮੰਦਰ ਮੰਨਣ ਵਾਲੇ, ਪੁਰਾਣ-ਕੁਰਾਨ ਦੇ ਸੰਦੇਸ਼ 'ਤੇ ਅਮਲ ਕਰਨ ਵਾਲੇ ਉਨ੍ਹਾਂ ਦੇ ਸ਼ਰਧਾਲੂ, ਸੇਵਕ, ਮੁਰੀਦ ਤੇ ਸ਼ਹੀਦ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੇਗ਼ਾਂ ਨਾਲ ਕਲਮਾਂ ਘੜੀਆਂ, ਜਿਨ੍ਹਾਂ ਐਸਾ ਬੀਰ ਰਸ ਸਾਹਿਤ ਪੈਦਾ ਕੀਤਾ, ਜਿਸ ਨੇ ਬੁਜ਼ਦਿਲਾਂ-ਕਾਇਰਾਂ 'ਚ ਬੀਰਤਾ-ਬਹਾਦਰੀ ਦੇ ਬੀਜ ਬੋਏ ਕਿ ਸਵਾ-ਸਵਾ ਲੱਖ ਨਾਲ ਇਕੱਲੇ ਲੜ ਗਏ। ਇਹ ਵੇਰਵੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਤੋਂ ਵੀ ਮਿਲਦੇ ਹਨ।

ਪਾਉਂਟੇ ਦੀ ਧਰਤੀ 'ਤੇ ਨਿਵਾਸ ਕਰਦਿਆਂ ਭੰਗਾਣੀ ਯੁੱਧ ਵਿਚ ਜਿੱਤ ਪ੍ਰਾਪਤ

ਕਰਕੇ *ਭਈ ਜੀਤ ਮੇਰੀ ਕ੍ਰਿਪਾ ਕਾਲ ਕੇਰੀ* ਦਾ ਨਾਅਰਾ ਬੁਲੰਦ ਕੀਤਾ। ਨੀਵੀਂ ਜਾਤ ਦੇ ਕਹੇ ਜਾਂਦੇ ਸ਼ੂਦਰਾਂ ਨੂੰ ਪਿਆਰ ਗਲਵੱਕੜੀ ਵਿਚ ਲੈ ਕੇ ਸੂਰਮੇ ਸ਼ੇਰ ਹੋਣ ਦਾ ਮਾਣ ਦਿੱਤਾ। ਇਸਲਾਮਿਕ ਅਸੂਲਾਂ ਦੇ ਧਾਰਨੀ ਪੀਰ ਬੁੱਧੂ ਸ਼ਾਹ ਵੱਲੋਂ ਆਪਣੇ ਸਪੁੱਤਰ, ਮੁਰੀਦ ਗੁਰੂ ਜੀ ਤੋਂ ਕੁਰਬਾਨ ਕਰਨੇ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ। ਪੀਰ ਬੁੱਧੂ ਸ਼ਾਹ ਸ਼ਕਲਾਂ-ਸਰੀਰਾਂ ਦੇ ਪੁਜਾਰੀ ਨਹੀਂ ਕੇਵਲ ਇਕ ਅੱਲ੍ਹਾ ਨੂੰ ਮੰਨਣ ਵਾਲੇ ਸਨ। ਉਹ ਬ੍ਰਹਿਮੰਡੀ ਧਰਮ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਮਨ-ਬਚਨ-ਕਰਮ ਕਰਕੇ ਸਮਰਪਿਤ ਹੋਏ *ਪ੍ਰੇਮ ਖੇਲਣ ਕਾ ਚਾਉ* ਦੀ ਖੇਡ ਖੇਡਦੇ ਹਨ। ਕਲਗੀਧਰ ਦੇ ਸ਼ਸਤਰ ਦੀਨ-ਦੁਖੀ ਦੀ ਰੱਖਿਆ ਢਾਲ ਤੇ ਜਾਬਰਾਂ-ਜ਼ਾਲਮਾਂ ਵਾਸਤੇ ਕਾਲ ਸਨ। ਅਕਾਲ ਪੁਰਖ ਵੱਲੋਂ ਬਖਸ਼ਿਸ਼ਾਂ ਕਾਰਨ ਅੱਗੋਂ ਜੋ ਅੜਦਾ ਸੀ ਸੋ ਝੜਦਾ ਸੀ। ਜੋ ਸ਼ਰਨ ਆਉਂਦਾ ਉਸ ਨੂੰ ਗਲੇ ਨਾਲ ਲਗਾਉਂਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਲ ਤਨ, ਮਨ ਤੋਂ ਜੁੜਦੇ ਨਿਮਾਣੇ, ਨਿਤਾਣੇ, ਗਰੀਬੜੇ ਕਮਜ਼ੋਰ ਕਿਰਸਾਨ ਸੇਵਕ ਤੋਂ ਸਿਕਦਾਰ-ਸਿਰਦਾਰ ਬਣਾਉਣ ਦੀ ਸਮਰੱਥਾ ਸੀ।

ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਦੇ ਪਾਵਨ ਅਸਥਾਨ 'ਤੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਖੰਡੇ ਦੀ ਧਾਰ 'ਤੇ ਚੱਲਣ ਵਾਲੀ ਖੜਗਧਾਰੀ ਕੌਮ ਸਿਰਜੀ। ਫਿਰ ਆਪ ਉਨ੍ਹਾਂ ਪਾਸੋਂ ਅੰਮ੍ਰਿਤ ਦਾਤ ਪ੍ਰਾਪਤ ਕਰ ਪੰਥ ਨੂੰ ਗੁਰੂ-ਪੰਥ ਦੀ ਸਰਵਉਚ ਪਦਵੀ-ਖ਼ਿਤਾਬ ਪ੍ਰਦਾਨ ਕੀਤਾ। ਭਰਮ ਭੇਖ ਤੋਂ ਨਿਆਰੇ ਖਾਲਸੇ ਨੂੰ ਗੁਰਦੇਵ ਆਪਣਾ ਗੁਰੂ ਤਸੱਵਰ ਕਰਦੇ ਹਨ:

*ਖ਼ਾਲਸਾ ਖਾਸ ਕਹਾਏ ਸੋਈ, ਜਾ ਕੇ ਹਿਰਦੇ ਭਰਮ ਨ ਹੋਈ।*
*ਭਰਮ ਭੇਖ ਤੇ ਰਹੇ ਨਿਆਰਾ, ਸੋ ਖਾਲਸਾ, ਸਤਿਗੁਰੂ ਹਮਾਰਾ।* *(ਸ੍ਰੀ ਗੁਰ ਸੋਭਾ)*
*ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸ੍ਵਜਨ ਸੂਰਾ।...*
*ਯਾ ਮਹਿ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ। (ਸਰਬ ਲੋਹ)*

ਗੁਰਬਾਣੀ ਦੇ ਪਾਵਨ ਉਪਦੇਸ਼-*ਮਿਰਤਕ ਕਉ ਪਾਇਓ ਤਨਿ ਸਾਸਾ* ਦੇ ਗੁਰੂ ਬਚਨ ਨੂੰ ਅਮਲ 'ਚ ਪ੍ਰਗਟ ਕਰਦਿਆਂ ਗ਼ੁਲਾਮ ਮਾਨਸਿਕਤਾ ਦੀ ਥਾਂ ਸ੍ਵੈ-ਵਿਸ਼ਵਾਸ, ਭਰੋਸੇ, ਸੁਤੰਤਰਤਾ ਸਿੱਖ ਸੋਚ ਹੋਂਦ-ਹਸਤੀ ਤੇ ਵਿਲੱਖਣ ਪਹਿਚਾਣ, ਜਗਦੀ-ਜ਼ਮੀਰ ਵਾਲੇ ਬਾਣੀ-ਬਾਣੇ ਦੇ ਧਾਰਨੀ ਸੂਰਬੀਰ ਬਚਨ ਕੇ ਬਲੀ ਸਿੰਘਾਂ (ਸ਼ੇਰਾਂ) ਦਾ ਪੰਥ ਪ੍ਰਗਟ ਕੀਤਾ, ਜਿਹੜਾ ਕਦੇ ਵੀ ਸਮੇਂ-ਸਥਾਨ ਤੇ ਸੱਤਾ ਨਾਲ ਸਮਝੌਤਾ ਕਰ ਕੇ ਕਿਸੇ ਕਿਸਮ ਦੀ ਗ਼ੁਲਾਮੀ, ਪ੍ਰਾਧੀਨਤਾ ਪ੍ਰਵਾਨ ਨਾ ਕਰੇ। ਸ. ਰਤਨ ਸਿੰਘ ਭੰਗੂ ਦੇ ਸ਼ਬਦਾਂ 'ਚ:

*ਕਿਸ ਹੂੰ ਕੀ ਇਹ ਕਾਣ ਨ ਧਰਹੈਂ।*
*ਰਾਜ ਕਰੈਂ ਇਕੈ ਲਰ ਮਰਹੈਂ।*

ਵਿਅਕਤੀ ਵਿਸ਼ੇਸ਼, ਰਾਜਾਸ਼ਾਹੀ, ਸੰਸਾਰਿਕ ਬਾਦਸ਼ਾਹੀ ਦੀ ਜੈ-ਜੈ ਕਾਰ ਦੇ ਵਿਰੁੱਧ ਬਗਾਵਤੀ ਸੁਰ ਨੂੰ ਬੁਲੰਦ ਕਰਨ ਤੇ ਖਾਲਸਾ ਹੋਆ ਖ਼ੁਦ-ਖ਼ੁਦਾ ਦੀ ਭਾਵਨਾ ਨੂੰ

ਪ੍ਰਚੰਡ ਕਰਨ ਲਈ ਖਾਲਸਾ ਜੀ ਬੋਲਿਆਂ ਦੇ ਰੂਪ ਵਿਚ ਸੰਬੋਧਨੀ ਬੋਲਾ:

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥*

ਬੁਲਾਉਣ ਦਾ ਆਦੇਸ਼ ਕੀਤਾ। ਇਸ ਦੇ ਨਾਲ ਗੁਰਸਿੱਖਾਂ ਵਿਚ ਜਿੱਥੇ ਸ੍ਵੈ-ਵਿਸ਼ਵਾਸ ਪੈਦਾ ਹੋਇਆ, ਉੱਥੇ ਅਕਾਲ ਪੁਰਖ ਵਾਹਿਗੁਰੂ ਦੀ ਸ਼ਰਵ-ਸ਼ਕਤੀ ਸੰਪੰਨ ਹੋਣ ਨੂੰ ਸਮਰਪਿਤ ਭਾਵਨਾ ਤੇ ਵਿਸ਼ਵਾਸ ਪ੍ਰਪੱਕ ਹੋਇਆ। ਇਹ ਸੰਬੋਧਨੀ ਬੋਲਾ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬ੍ਰਹਿਮੰਡੀ ਚੇਤਨਾ ਨੂੰ ਪ੍ਰਗਟ ਕਰਦਾ ਹੈ ਜੋ ਕਿਸੇ ਕੌਮ, ਧਰਮ, ਖਿੱਤੇ, ਬਾਦਸ਼ਾਹ ਪਾਸੋਂ ਆਸ ਨਹੀਂ ਕੀਤੀ ਜਾ ਸਕਦੀ ਜੋ ਮਾਨਵਤਾ ਦੇ ਗੁਰੂ ਦੇ ਗੁਣ ਨੂੰ ਰੂਪਮਾਨ ਕਰਦੀ ਹੈ।

ਲੈਨਿਨ ਨੇ ਜੋ ਸਮਾਜਵਾਦ ਰੂਸ ਵਿਚ ੧੯੧੭ ਈ 'ਚ ਸਥਾਪਿਤ ਕੀਤਾ, ਉਸ ਦੇ ਬੀਜ ੨੧੮ ਸਾਲ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਦੀ ਧਰਤੀ 'ਤੇ ਬੀਜੇ ਸਨ। ਇਸ ਦੀ ਗਵਾਹੀ ਸੰਸਾਰ ਪ੍ਰਸਿੱਧ ਇਤਿਹਾਸਕਾਰ ਆਰਨੋਲਡ ਟਾਇਨਬੀ ਨੇ ਆਪਣੇ ਮਹਾਂ-ਗ੍ਰੰਥ 'ਹਿਸਟਰੀ ਆਫ਼ ਦਾ ਵਰਲਡ' ਵਿੱਚ ਦਿੱਤੀ ਹੈ, ਕਿ ਲੈਨਿਨ ਦੀ ਕਮਿਊਨਿਸਟ ਪਾਰਟੀ ਦਾ ਪੂਰਵਜ਼, ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੈ ਅਤੇ ਇਹ ਪਾਰਟੀ ਸ੍ਵੈ-ਉਤਪਤੀ ਦੀ ਪਦਵੀ ਦੀ ਅਧਿਕਾਰੀ ਨਹੀਂ। (*ਰਾਜ ਕਰੇਗਾ ਖਾਲਸਾ*, ਸਿਰਦਾਰ ਕਪੂਰ ਸਿੰਘ, ਪੰਨਾ ੬੬)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਵਿਚ ਇਹ ਸਥਾਪਿਤ ਤੇ ਸਾਬਤ ਕਰ ਦਿੱਤਾ ਕਿ ਹਲਤ-ਪਲਤ ਸੰਵਾਰਨ ਲਈ ਮੀਰੀ-ਪੀਰੀ, ਭਗਤੀ-ਸ਼ਕਤੀ, ਗਿਆਨ ਤੇ ਸੱਤਾ ਦਾ ਸੁਖਾਵਾਂ ਸੁਮੇਲ ਜ਼ਰੂਰੀ ਹੈ। ਖਾਲਸਾ-ਪੰਥ ਨੂੰ ਪ੍ਰਗਟ ਕਰਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵੱਡੀ ਕਰਾਮਾਤ ਸੀ, ਜਿਸ ਕਰਕੇ ਗਰੀਬ ਸਿੱਖਨ ਨੂੰ ਪਾਤਸ਼ਾਹੀ ਪ੍ਰਾਪਤ ਹੋਈ। ਵਹਿਮਾਂ-ਭਰਮਾਂ ਦਾ ਨਾਸ਼ ਕਰਨ ਵਾਸਤੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਉਚ-ਨੀਚ, ਗਰੀਬ-ਅਮੀਰ, ਚੇਲੇ-ਗੁਰੂ ਦੀ ਇਕਸਾਰਤਾ ਤੇ ਇਕਸੁਰਤਾ ਕਾਇਮ ਕੀਤੀ।

ਘਰ-ਘਰ ਦੇਵੀ-ਦੇਵਤਿਆਂ, ਵੱਖ-ਵੱਖ ਰੂਪਾਂ 'ਚ ਮੰਨਣ ਵਾਲੀ ਗੁਲਾਮੀ ਦੀ ਆਦੀ ਹੋ ਚੁੱਕੀ ਭਾਰਤੀ ਲੋਕਾਈ ਵਿਚ ਦੈਵੀ ਏਕਤਾ, ਮਨੁੱਖੀ ਸਮਾਨਤਾ ਦਾ ਬੀਜ ਵੀ ਗੁਰੂ ਜੀ ਨੇ ਹੀ ਬੋਇਆ। ਪਹਿਲੀ ਵਾਰ ਸੁਤੰਤਰ ਸਿੱਖ ਸੋਚ-ਹੋਂਦ ਹਸਤੀ ਤੇ ਪਹਿਚਾਣ ਵਾਲਾ ਖਾਲਸਾ ਰੂਪੀ ਬੋਹੜਨੁਮਾ ਦਰੱਖਤ ਪੈਦਾ ਕੀਤਾ ਜਿਹੜਾ ਹਰ ਤਰ੍ਹਾਂ ਦੇ ਹਾਲਾਤਾਂ, ਜਬਰ_ਜ਼ੁਲਮ ਦੀਆਂ ਹਨੇਰੀਆਂ-ਝੱਖੜਾਂ ਦਾ ਮੁਕਾਬਲਾ ਕਰਦਾ ਹੋਇਆ ਵੀ ਵਿਸ਼ਵ ਭਰ ਵਿਚ ਸੱਚ, ਸੰਜਮ, ਸਹਿਜ, ਸੰਤੋਖ ਦਾ ਧਾਰਣੀ ਹੋ ਸੁਤੰਤਰਤਾ, ਸਾਦਗੀ ਦੀ ਖੁਸ਼ਬੋਈ ਬਖੇਰ ਰਿਹਾ ਹੈ। ਅਵਤਾਰਵਾਦ ਦਾ ਖੰਡਨ ਕਰਦਿਆਂ ਗੁਰਦੇਵ ਪਿਤਾ ਨੇ ਸਪੱਸ਼ਟ ਕੀਤਾ:

*ਆਦਿ ਅੰਤਿ ਏਕੈ ਅਵਤਾਰਾ॥*
*ਸੋਈ ਗੁਰੂ ਸਮਝਿਯਹੁ ਹਮਾਰਾ॥* (*ਬੇਨਤੀ ਚੌਪਈ*)

**ਚਲਦਾ...**

# ਰਾਗੁ ਸੋਰਠਿ

*-ਮਾ. ਬਲਬੀਰ ਸਿੰਘ ਹੰਸਪਾਲ**

ਰਾਗੁ ਸੋਰਠਿ ਗੁਰਬਾਣੀ ਸੰਗੀਤ ਦਾ ਮਹੱਤਵਪੂਰਨ ਰਾਗ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਧਾਨ ਦੀ ਤਰਤੀਬ ਅਨੁਸਾਰ ਰਾਗੁ ਸੋਰਠਿ ਨੂੰ ਨੌਵਾਂ ਸਥਾਨ ਦਿੱਤਾ ਹੈ। ਇਸ ਰਾਗ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਗਤ ਸਾਹਿਬਾਨ ਵਿਚ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਭਗਤ ਭੀਖਨ ਜੀ ਦੀ ਬਾਣੀ ਦਰਜ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਰਾਗੁ ਸੋਰਠਿ ਦੀ ਮਹਿਮਾ ਕਰਦੇ ਹੋਏ ਫੁਰਮਾਉਂਦੇ ਹਨ:

*ਰਾਗੁ ਸੋਰਠਿ ਵਾਰ ਮਹਲੇ ੪ ਕੀ*
*ੴ ਸਤਿਗੁਰ ਪ੍ਰਸਾਦਿ॥ ਸਲੋਕੁ ਮ:੧॥*
*ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੨)*

ਭਾਰਤੀ ਸੰਗੀਤ ਦੇ ਬਹੁਤ ਸਾਰੇ ਵਿਦਵਾਨਾਂ ਅਤੇ ਗ੍ਰੰਥਕਾਰਾਂ ਨੇ ਰਾਗੁ ਸੋਰਠਿ ਦਾ ਵਰਣਨ ਕੀਤਾ ਹੈ। ਇਹ ਰਾਗ ਸ਼ਾਸਤਰੀ ਸੰਗੀਤ ਦਾ ਪੁਰਾਤਨ ਰਾਗ ਹੁੰਦੇ ਹੋਏ ਵੀ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜਦੋਂ ਕਿ ਰਾਗੁ ਸੋਰਠਿ ਦਾ ਸਮਪ੍ਰਕ੍ਰਿਤਕ ਰਾਗ ਦੇਸ ਨੂੰ ਸ਼ਾਸਤਰੀ ਸੰਗੀਤ ਵਿਚ ਜ਼ਿਆਦਾ ਪ੍ਰਚਲਿਤ ਮੰਨਿਆ ਜਾਂਦਾ ਹੈ।

ਰਾਗੁ ਸੋਰਠਿ ਗੁਰਬਾਣੀ ਸੰਗੀਤ ਦਾ ਬਹੁਤ ਪ੍ਰਚਲਿਤ ਅਤੇ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਇਸ ਵਿਚ ਨੀ (ਨਿਸ਼ਾਦ) ਸਵਰ ਅਰੋਹ ਵਿਚ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਰੂਪ ਵਿਚ ਲਗਦਾ ਹੈ। ਇਸ ਰਾਗ ਦੇ ਅਰੋਹ ਵਿਚ ਗਾ (ਗੰਧਾਰ) ਸਵਰ, ਧਾ (ਧੈਵਤ) ਸਵਰ ਅਤੇ ਅਵਰੋਹ ਵਿਚ ਗਾ (ਗੰਧਾਰ) ਸਵਰ ਨਹੀਂ ਲਗਾਏ ਜਾਂਦੇ, ਕਹਿਣ ਤੋਂ ਭਾਵ ਇਹ ਸਵਰ, ਵਰਜਿਤ ਸਵਰ ਹਨ। ਇਸ ਰਾਗੁ ਦੇ ਅਵਰੋਹ ਵਿਚ ਮਾ (ਮਧਿਅਮ) ਸਵਰ ਤੋਂ ਰੇ (ਰਿਸ਼ਭ) ਸਵਰ ਤਕ ਮੀਂਡ ਦੁਆਰਾ ਗਾਇਨ ਅਤੇ ਵਾਦਨ ਕਰਨ ਨਾਲ ਇਸ ਰਾਗ ਦਾ ਸਰੂਪ ਨਿਖਰਦਾ ਹੈ। ਇਸ ਰਾਗ ਦੀਆਂ ਕੁਝ ਵਿਸ਼ੇਸ਼ ਸਵਰ ਸੰਗਤੀਆਂ (ਸਵਰ ਚਲਨ) ਜੋ ਕਿ ਇਸ ਰਾਗ ਨਾਲ ਰਲਦੇ ਮਿਲਦੇ ਸਮਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਵੱਖ ਕਰ ਕੇ ਆਪਣਾ ਮੂਲ ਸਰੂਪ ਨਿਖਾਰ

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯-੪੯੪੪੮*

ਕੇ ਪੇਸ਼ ਕਰਨ ਵਿਚ ਲਾਹੇਵੰਦ ਸਾਬਤ ਹੁੰਦੀਆਂ ਹਨ, ਅੱਗੇ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਸੰਗੀਤ ਦੇ ਸਿਖਿਆਰਥੀ ਇਨ੍ਹਾਂ ਸਵਰ ਸੰਗਤੀਆਂ ਨੂੰ ਧਿਆਨ ਵਿਚ ਰਖ ਕੇ ਰਾਗੁ ਸੋਰਠਿ ਦੇ ਮੂਲ ਸਰੂਪ ਨੂੰ ਯਾਦ ਕਰਦੇ ਹੋਏ ਗਾਇਨ ਅਤੇ ਵਾਦਨ ਕਰਨ ਵਿਚ ਸਫਲਤਾ ਹਾਸਲ ਕਰ ਸਕਣ।

ਸਾ, ਸਾ ਰੇ ਨ਼ੀ ਸਾ, ਸਾ ਰੇ ਨ਼ੁੀ ਧ਼ਾ, ਪ਼ਾ, ਮ਼ਾ ਪ਼ਾ ਨ਼ੀ ਸਾ, ਨ਼ੀ ਸਾ ਰੇ,

ਮਾ ਰੇ, ਰੇ ਮਾ ਪਾ, ਮਾ ਪਾ ਨੁੀ ਧਾ ਪਾ, ਮਾ ਪਾ ਨੀ ਸਾਂ, ਨੀ ਸਾਂ ਰੇਂ, ਰੇਂ ਮਾਂ ਰੇਂ,

ਰੇ ਮਾਂ ਪਾਂ, ਮਾਂ ਪਾਂ ਧਾਂ ਮਾਂ ਰੇਂ, ਸਾਂ ਰੇਂ ਨੀ ਸਾਂ, ਨੀ ਸਾਂ ਰੇਂ ਨੁੀ ਧਾ, ਪਾ, ਪਾ ਧਾ

ਮਾ ਰੇ, ਮਾ ਰੇ ਨ਼ੀ ਸਾ।

**ਰਾਗ ਦਾ ਸਧਾਰਨ ਪਰਿਚਯ**

**ਰਾਗੁ–** ਸੋਰਠਿ

**ਥਾਟ–** ਖਮਾਜ

**ਵਾਦੀ ਸਵਰ–** ਰੇ (ਰਿਸ਼ਭ) ਸਵਰ

**ਸੰਵਾਦੀ ਸਵਰ–** ਧਾ (ਧੈਵਤ) ਸਵਰ

**ਗਾਇਨ ਸਮਾਂ–** ਰਾਤ ਦਾ ਦੂਜਾ ਪਹਿਰ

**ਸਵਰ–** ਨੀ (ਨਿਸ਼ਾਦ) ਸਵਰ ਦੇ ਸ਼ੁੱਧ ਅਤੇ ਕੋਮਲ ਰੂਪ ਅਤੇ ਬਾਕੀ ਸਾਰੇ ਸਵਰ ਸ਼ੁੱਧ।

**ਵਰਜਿਤ ਸਵਰ–** ਅਰੋਹ ਵਿੱਚ ਗਾ (ਗੰਧਾਰ) ਸਵਰ, ਧਾ (ਧੈਵਤ) ਸਵਰ ਅਤੇ ਅਵਰੋਹ ਵਿੱਚ ਗਾ (ਗੰਧਾਰ) ਸਵਰ।

**ਜਾਤੀ–** ਔੜਵ-ਸ਼ਾੜਵ

**ਅਰੋਹ–** ਸਾ ਰੇ, ਮਾ ਪਾ, ਨੀ ਸਾਂ।

**ਅਵਰੋਹ–** ਸਾਂ ਰੇਂ ਨੁੀ ਧਾ, ਮਾ ਪਾ ਧਾ ਮਾ ਰੇ ਨ਼ੀ ਸਾ।

**ਪਕੜ–** ਸਾ ਰੇ, ਮਾ ਪਾ ਨੁੀ ਧਾ, ਪਾ, ਧਾ ਮਾ ਰੇ ਨ਼ੀ ਸਾ।

**ਚਲਦਾ...**

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ

*-ਡਾ. ਜਗਜੀਤ ਸਿੰਘ**

ਸਿੱਖ ਇਤਿਹਾਸ ਅਦੁੱਤੀ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਇਸ ਇਤਿਹਾਸ ਵਿਚ ਦਸੰਬਰ ੧੭੦੪ ਵਿਚ ਹੋਈਆਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦੀ ਉਦਾਹਰਣ ਸੰਸਾਰ ਇਤਿਹਾਸ ਵਿਚ ਦੁਰਲੱਭ ਹੈ। ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਪੇਸ਼ ਕਰਦਾ ਜੋਗੀ ਅੱਲਾ ਯਾਰ ਖਾਨ ਲਿਖਦਾ ਹੈ ਕਿ ਜੇ ਭਾਰਤ ਵਿਚ ਕੋਈ ਮਹਾਨ ਤੀਰਥ ਅਸਥਾਨ ਹੈ, ਜਿੱਥੇ ਕਿਸੇ ਪਿਤਾ ਨੇ ਪਰਮਾਤਮਾ ਦੀ ਸਰਦਲ 'ਤੇ ਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ ਤਾਂ ਉਹ ਤੀਰਥ ਚਮਕੌਰ ਦੀ ਧਰਤੀ ਹੈ, ਜਿਸ ਦਾ ਹਰ ਕਣ ਪਰਮਾਤਮਾ ਦੀ ਸ਼ਾਨ ਵਿਚ ਚਮਕ ਰਿਹਾ ਹੈ। ਐਸੀ ਹੀ ਦਿਲ-ਕੰਬਾਊ ਦਾਸਤਾਨ 'ਸਰਹੰਦ ਦੀ ਦੀਵਾਰ' ਦੀ ਹੈ ਜਿੱਥੇ ਨਿੱਕੀਆਂ ਜਿੰਦਾਂ-(ਬਾਬਾ ਜੋਰਾਵਾਰ ਸਿੰਘ ਅਤੇ ਬਾਬਾ ਫਤਿਹ ਸਿੰਘ) ਨੇ ਬਹੁਤ ਵੱਡਾ ਸਾਕਾ ਕਰ ਵਿਖਾਇਆ। ਸੌ-ਸੌ ਵਾਰ ਪ੍ਰਣਾਮ ਹੈ ਐਸੈ ਸੂਰਬੀਰਾਂ ਨੂੰ ਜਿਨ੍ਹਾਂ ਨੇ ਧਰਮ, ਦੇਸ਼ ਅਤੇ ਸਮੁੱਚੀ ਮਨੁੱਖਤਾ ਦੇ ਸ੍ਵੈਮਾਣ, ਅਣਖ ਅਤੇ ਅਜ਼ਾਦੀ ਹਿੱਤ ਜਾਨਾਂ ਵਾਰ ਦਿੱਤੀਆਂ। ਇਨ੍ਹਾਂ ਕੁਰਬਾਨੀਆਂ ਨੇ ਅਣਗਿਣਤ ਦਿਲਾਂ ਨੂੰ ਟੁੰਬਿਆ ਹੈ। ਜਿੰਦਾਂ ਭਾਵੇਂ ਅਣਭੋਲ ਨਿੱਕੀਆਂ-ਨਿੱਕੀਆਂ ਸੀ, ਪਰ ਉਨ੍ਹਾਂ ਦੇ ਕਾਰਨਾਮੇ ਬਜ਼ੁਰਗਾਂ ਬਾਬਿਆਂ ਵਾਲੇ ਸੀ। ਇਸੇ ਲਈ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਤਿਕਾਰਿਆ ਜਾਂਦਾ ਹੈ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ, ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ।

ਚਮਕੌਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਦੀ ਚੱਪਾ-ਚੱਪਾ ਧਰਤੀ ਸਾਹਿਬਜ਼ਾਦਿਆਂ ਦੇ ਪਿਆਰ ਬੈਰਾਗ ਵਿਚ ਅਲਮਸਤ ਕੋਈ ਅਗੰਮੀ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਹੈ ਕਿ ਸੰਸਾਰ ਵਿਚ ਵੱਸਦੇ ਪ੍ਰਾਣੀਓਂ, ਪਿਆਰ ਵੰਡੋ, ਖੁਸ਼ਬੂ ਵੰਡੋ! ਉਮਰਾਂ ਕਰਕੇ ਜਿੰਦ ਭਾਵੇਂ ਛੋਟੀ ਹੋਵੇ, ਭਾਵੇਂ ਵੱਡੀ, ਫਰਕ ਨਹੀਂ ਪੈਂਦਾ। ਅੰਦਰ ਪਰਮ ਜੋਤਿ ਦਾ ਚਾਨਣ ਹੋਵੇ, ਮਨ ਸਰੀਰਾਂ ਨਾਲ ਨਹੀਂ ਸਗੋਂ ਪਿਆਰ ਦੇ ਸਾਗਰ ਨਾਲ ਜੁੜਿਆ ਹੋਵੇ; ਕੂੜੀਆਂ ਵੰਡਾਂ, ਈਰਖਾ, ਦ੍ਵੈਤ, ਵੈਰ, ਵਿਰੋਧ ਤੋਂ ਪਾਕ ਹੋਵੇ, 'ਤੇਰੇ ਭਾਣੇ ਸਰਬੱਤ ਦਾ ਭਲਾ' ਦਾ ਦਿਲੋਂ ਹਿਤੈਸ਼ੀ ਹੋਵੇ, ਤਾਂ ਐਸੀਆਂ ਜਿੰਦਾਂ 'ਤੇ ਧਰਤੀ ਮਾਣ ਕਰਦੀ ਹੈ, ਖੰਡ ਬ੍ਰਹਿਮੰਡ ਮਾਣ ਕਰਦੇ ਹਨ। ਐਸਾ ਜੀਵਨ ਹੀ ਅਸਲੀ ਜੀਵਨ ਹੈ, ਐਸਾ ਜੀਵਨ ਹੀ ਸਫਲ ਜੀਵਨ ਹੈ। ਦਸੰਬਰ ਦੇ ਪਿਛਲੇ ਪੰਦਰਵਾੜੇ

**#੨੫/VII ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ-੧੬੦੦੬੧*

ਵਿਚ ਇਨ੍ਹਾਂ ਪਵਿੱਤਰ ਥਾਵਾਂ ਨੂੰ ਕਿਸੇ ਰਾਹੋਂ ਵੀ ਚਲੇ ਜਾਓ, ਦੂਰ-ਦੂਰ ਤਕ ਦਾ ਇਲਾਕਾ ਸਾਹਿਬਜ਼ਾਦਿਆਂ ਦੇ ਪਿਆਰ-ਸਤਿਕਾਰ ਵਿਚ ਤੁਹਾਡੇ ਰਾਹਾਂ 'ਤੇ ਅੱਖਾਂ ਵਿਛਾਈ ਖੜ੍ਹਾ ਦਿੱਸੇਗਾ। ਥਾਂ-ਥਾਂ ਲੰਗਰ, ਛਬੀਲਾਂ, ਦੁੱਧ, ਚਾਹ ਦੀ ਸੇਵਾ, ਹੱਥ ਬੰਨ੍ਹੀ ਸੇਵਾਦਾਰ, ਬੱਚੇ, ਨੌਜਵਾਨ ਤੁਹਾਡਾ ਰਾਹ ਰੋਕ, ਕੁਝ ਪ੍ਰਵਾਨ ਕਰ ਲੈਣ ਲਈ ਤਰਲਾ ਕਰਦੇ ਹਨ। ਇੱਥੇ ਉਲਟੀ ਗੰਗਾ ਵਹਿੰਦੀ ਹੈ। ਦੇਣ ਵਾਲੇ ਲੈਣ ਵਾਲਿਆਂ ਦੀ ਮਿੰਨਤ ਕਰਦੇ ਹਨ। ਕੋਈ ਸੇਵਾ ਪ੍ਰਵਾਨ ਕਰ ਲਵੇ, ਪ੍ਰਸੰਨ ਹੋ ਜਾਂਦੇ ਹਨ। ਇਨ੍ਹਾਂ ਪਵਿੱਤਰ ਅਸਥਾਨਾਂ ਨੂੰ ਜਾਂਦੀ ਹਰ ਸੜਕ ਐਸਾ ਦ੍ਰਿਸ਼ ਹੀ ਪੇਸ਼ ਕਰਦੀ ਹੈ। ਸੇਵਾ ਕਰਨ ਵਾਲੇ ਇਨ੍ਹਾਂ ਜਿੰਦਾਂ ਨੂੰ ਦਿਲੋਂ ਪਿਆਰ ਕਰਨ ਵਾਲੇ ਇਨਸਾਨ ਹਨ-ਨਾ ਹਿੰਦੂ, ਨਾ ਸਿੱਖ, ਨਾ ਮੁਸਲਮਾਨ, ਨਾ ਛੋਟੇ, ਨਾ ਵੱਡੇ, ਨਾ ਊਚ, ਨਾ ਨੀਚ। ਕਿਸੇ ਦਾਰਸ਼ਨਿਕ ਨੇ ਠੀਕ ਹੀ ਕਿਹਾ ਸੀ ਕਿ ਪਵਿੱਤਰ ਬਲੀਦਾਨ ਦੇ ਖ਼ੂਨ ਦਾ ਹਰ ਕਤਰਾ ਸੱਚੇ ਧਰਮ ਦੇ ਮਹੱਲ ਦੀ ਬੁਨਿਆਦ ਬਣਦਾ ਹੈ।

ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਅਣਚਾਹੀਆਂ ਮੌਤਾਂ ਨਹੀਂ ਸਨ, ਸਗੋਂ ਚੇਤੰਨ ਸਰੂਪ ਵਿਚ ਸਿਰਜੇ ਤੇ ਰੂਪਮਾਨ ਕੀਤੇ ਬਹਾਦਰੀ ਦੇ ਜੌਹਰ ਸਨ ਜੋ ਕੌਮ ਅਤੇ ਦੇਸ਼ ਦਾ ਫ਼ਖ਼ਰ ਬਣੇ। ਇਨ੍ਹਾਂ ਅੰਦਰ ਗੁਰੂ-ਪਿਤਾ, ਗੁਰੂ-ਦਾਦਾ, ਗੁਰੂ-ਵਿਰਸੇ ਤੋਂ ਪ੍ਰਾਪਤ ਨਾਮ-ਰੰਗ ਦੀ ਸੂਰਮਗਤੀ ਸੀ ਜਿਨ੍ਹਾਂ ਦਾ ਬਾਹਰੀ ਪ੍ਰਗਟਾਵਾ ਇਹ ਸ਼ਹੀਦੀਆਂ ਸਨ। ਇਨ੍ਹਾਂ ਸ਼ਹੀਦੀਆਂ ਦੇ ਰਹੱਸ ਨੂੰ ਸਮਝਣਾ ਕੋਈ ਸੌਖੀ ਗੱਲ ਨਹੀਂ, ਵਿਸ਼ੇਸ਼ ਕਰਕੇ ਉਨ੍ਹਾਂ ਮਨੁੱਖਾਂ ਲਈ ਜੋ ਸਰੀਰਾਂ ਨਾਲ ਅਤੇ ਸਰੀਰਾਂ ਦੇ ਸੰਬੰਧਾਂ ਦੇ ਪਿਆਰ ਨਾਲ ਜੁੜੇ ਹੋਏ ਹਨ, ਮਰਨ ਤੋਂ ਡਰਦੇ ਹਨ, ਸਰੀਰ ਦੇ ਖਤਮ ਹੋ ਜਾਣ ਨੂੰ ਇਕ ਭਿਆਨਕ ਘਟਨਾ ਮੰਨਦੇ ਹਨ, ਜਿਸ ਤੋਂ ਬਚਣ ਲਈ ਹਰ ਤਰ੍ਹਾਂ ਦੇ ਸਾਧਨ ਜੁਟਾਉਣ ਵਿਚ ਲੱਗੇ ਹੋਏ ਹਨ।

ਇਸ ਦੇ ਉਲਟ ਗੁਰੂ ਦਾ ਮਾਰਗ 'ਸੱਚ ਦਾ ਮਾਰਗ' ਹੈ, ਧਰਮ ਦਾ ਮਾਰਗ ਹੈ, ਜਿਸ ਉਪਰ 'ਕੂੜਿ ਦੀ ਪਾਲ' ਨੂੰ ਤੋੜ ਕੇ ਹੀ ਚੱਲਿਆ ਜਾਂਦਾ ਹੈ, ਜਿਸ ਵਿਚ *ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ* ਦਾ ਅਮਲ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਜੋ *'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ'* ਦਾ ਸੰਦੇਸ਼ ਦਿੰਦਾ ਹੈ। ਗੁਰੂ ਨਾਨਕ ਸਾਹਿਬ ਸੰਗਤ, ਪੰਗਤ, ਨਾਮ ਮਹਿਮਾ, ਸ਼ਬਦ ਬਾਣੀ ਦੇ ਕੀਰਤਨ ਰਾਹੀਂ ਇਹੋ ਦ੍ਰਿੜ੍ਹ ਕਰਵਾਉਂਦੇ ਰਹੇ। ਸਭ ਲਈ ਇਕੋ ਸੰਦੇਸ਼ ਸੀ:

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੮)*

'ਸੱਚ' 'ਤੇ ਪਹਿਰਾ ਦੇਂਦਿਆਂ ਪੰਜਵੇਂ ਅਤੇ ਨੌਵੇਂ ਗੁਰੂਆਂ ਨੇ 'ਕੂੜ' ਨਾਲ ਸਮਝੌਤਾ ਨਾ ਕੀਤਾ, ਸ਼ਹੀਦੀ ਪ੍ਰਵਾਨ ਕਰ ਲਈ। ਇਸ ਕਾਰਜ ਦੀ ਸੰਪੰਨਤਾ ਹਿੱਤ

ਦਸਵੇਂ ਗੁਰੂ ਜੀ ਨੇ ੧ ਵੈਸਾਖ ੧੭੫੬ ਬਿਕ੍ਰਮੀ ਦੀ ਵੈਸਾਖੀ (੧੬੯੯) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਇਕੱਠ ਕੀਤਾ ਅਤੇ 'ਜੀਵਨ ਕੀ ਹੈ? ਮੌਤ ਕੀ ਹੈ?' ਦੇ ਰਹੱਸ ਨੂੰ ਰੂਪਮਾਨ ਕਰਨ ਲਈ ਸੀਸ ਦੀ ਬਲੀ ਮੰਗੀ, ਵਾਰੀ-ਵਾਰੀ ਪੰਜ ਸਿੱਖ ਸੀਸ ਭੇਟ ਕਰਨ ਹਿੱਤ ਨਿੱਤਰੇ- ਲਾਹੌਰ ਦੇ ਭਾਈ ਦਇਆ ਰਾਮ, ਦਿੱਲੀ ਦੇ ਭਾਈ ਧਰਮਦਾਸ, ਪੁਰੀ ਤੋਂ ਭਾਈ ਹਿੰਮਤ ਰਾਇ, ਸੌਰਾਸ਼ਟਰ ਤੋਂ ਭਾਈ ਮੋਹਕਮ ਚੰਦ ਅਤੇ ਆਂਧਰਾ ਤੋਂ ਭਾਈ ਸਾਹਿਬ ਚੰਦ। ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਮਿਲਣ ਨਾਲ 'ਖਾਲਸੇ' ਦੀ ਸਿਰਜਣਾ ਹੋਈ। ਇਨ੍ਹਾਂ ਤੋਂ ਆਪ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਦੀ ਮਰਿਆਦਾ ਤੋਰੀ। ਹਰ ਤਰ੍ਹਾਂ ਦੇ ਵੈਰ-ਵਿਤਕਰੇ, ਊਚ-ਨੀਚ, ਜਾਤ-ਪਾਤ, ਵਰਣ-ਭੇਦ ਦੂਰ ਕਰ ਕੇ ਇਨ੍ਹਾਂ ਨੂੰ ਪੰਜ ਰਹਿਤਾਂ ਬਖਸ਼ੀਆਂ, ਚਾਰ ਕੁਰਹਿਤਾਂ ਤੋਂ ਬਚਣ ਦਾ ਬਚਨ ਲਿਆ:

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥* *(ਅਕਾਲ ਉਸਤਤ)*

ਦਾ ਸੰਦੇਸ਼ ਦ੍ਰਿੜ੍ਹ ਕਰਵਾਇਆ। ਖਾਲਸੇ ਦੀ ਸਿਰਜਣਾ ਇਕ ਤਰ੍ਹਾਂ ਨਾਲ 'ਸੁਪਰਮੈਨ', ਸੱਚ ਦੇ ਧਾਰਨੀ, ਧਰਮੀ ਬੰਦੇ ਦੀ ਸਿਰਜਣਾ ਸੀ ਜੋ ਪ੍ਰਭੂ-ਗੁਣਾਂ ਨਾਲ ਸੰਪੰਨ ਸੀ ਅਤੇ ਹਰ ਤਰ੍ਹਾਂ ਦੇ ਔਗੁਣਾਂ ਤੋਂ ਮੁਕਤ ਸੀ।

ਗੁਰੂ ਜੀ ਦੇ ਦੋਵੇਂ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਅਮਰਤਾ ਪ੍ਰਦਾਨ ਕਰਨ ਵਾਲਾ ਅੰਮ੍ਰਿਤ-ਪਾਨ ਕੀਤਾ, ਸ਼ਸ਼ਤਰਧਾਰੀ ਬਣੇ, ਯੁੱਧ ਵਿੱਦਿਆ ਹਾਸਲ ਕੀਤੀ ਅਤੇ ਛੋਟੀਆਂ ਟੋਲੀਆਂ ਬਣਾ ਕੇ ਜੰਗ ਲੜਨ ਦੇ ਕਰਤੱਵ ਕਰਦੇ ਅਤੇ ਜੌਹਰ ਵਿਖਾਉਂਦੇ ਰਹਿੰਦੇ ਸੀ। ਕੁਝ ਦਿਨਾਂ ਵਿਚ ਹੀ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ-ਪਾਨ ਕਰ ਲਿਆ ਅਤੇ ਸ਼ਸ਼ਤਰਧਾਰੀ ਖਾਲਸਾ ਹਕੂਮਤ ਲਈ ਖ਼ਤਰੇ ਦਾ ਚਿੰਨ੍ਹ ਬਣ ਗਿਆ। ਗੁਰੂ ਜੀ ਨੂੰ ਸਰਬੱਤ ਸਿੱਖ 'ਸੱਚਾ ਪਾਤਸ਼ਾਹ' ਮੰਨਦੇ ਤੇ ਸੰਬੋਧਨ ਕਰਦੇ ਸਨ ਜੋ ਔਰੰਗਜ਼ੇਬ ਲਈ ਬਰਦਾਸ਼ਤ ਕਰਨਾ ਕਠਨ ਸੀ। ਸਭ ਜਾਤਾਂ ਦਾ ਇਕੋ ਬਾਟੇ ਵਿੱਚੋਂ ਅੰਮ੍ਰਿਤ-ਪਾਨ ਕਰਨਾ ਅਤੇ ਊਚ-ਨੀਚ ਦੀ ਬਰਾਬਰੀ ਪਹਾੜੀ ਹਿੰਦੂ ਰਾਜਿਆਂ ਨੂੰ ਵੀ ਪ੍ਰਵਾਨ ਨਹੀਂ ਸੀ। ਸੋ ਉਹ ਵੀ ਖਾਲਸੇ ਦੀ ਸਿਰਜਣਾ ਅਤੇ ਸਿੱਖਾਂ ਦੇ ਸ਼ਸਤਰਧਾਰੀ ਹੋਣ ਦੇ ਵਿਰੁੱਧ ਸਨ।

ਐਸੀ ਸਥਿਤੀ ਵਿਚ ਹੀ ਔਰੰਗਜ਼ੇਬ ਨੇ ਨਵਾਬ ਦਲਾਵਰ ਖਾਨ ਅਤੇ ਉਸ ਦੇ ਲੜਕੇ ਰੁਸਤਮ ਖਾਨ ਨੂੰ ਸ੍ਰੀ ਅਨੰਦਪੁਰ ਸਾਹਿਬ 'ਤੇ ਭਾਰੀ ਹਮਲਾ ਕਰਨ ਹਿੱਤ ਭੇਜਿਆ। ਨਵੰਬਰ ੧੬੯੯ ਦੀ ਇਕ ਰਾਤ ਨੂੰ ਭਾਰੀ ਗਿਣਤੀ ਵਿਚ ਆਈ ਮੁਗ਼ਲ ਸੈਨਾ ਗੁਰੂ ਜੀ ਦੀ ਖਾਲਸਾ ਫੌਜ ਨਾਲ ਆ ਟਕਰਾਈ ਪਰ ਉਸ ਦਾ ਸਾਹਮਣਾ ਨਾ ਕਰ ਸਕੀ। ਇਸ ਤਰ੍ਹਾਂ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਵਿਚ ਖਾਲਸੇ ਦੀ ਜਿੱਤ ਹੋਈ। ਉਪਰੰਤ ੧੭੦੦-੧੭੦੪ ਈ. ਦੇ ਸਮੇਂ ਵਿਚ ਤਿੰਨ ਯੁੱਧ ਹੋਰ ਹੋਏ

ਪਰ ਹਰ ਕੋਸ਼ਿਸ਼ ਦੇ ਬਾਵਜੂਦ ਮੁਗ਼ਲ ਅਨੰਦਗੜ੍ਹ ਦਾ ਕਿਲ੍ਹਾ ਸਰ ਨਾ ਕਰ ਸਕੇ।

ਇੱਥੇ ਹੀ ਇਕ ਵਾਰ ਮੁਗ਼ਲ ਸੈਨਾ ਨੇ ਇਕ ਮਸਤ ਹਾਥੀ ਕਿਲ੍ਹੇ ਦਾ ਦਰ ਤੋੜਨ ਲਈ ਭੇਜਿਆ ਜਿਸ ਨੂੰ ਭਾਈ ਬਚਿੱਤਰ ਸਿੰਘ ਨੇ ਨਾਗਨੀ (ਇਕ ਖਾਸ ਸ਼ਸਤਰ) ਨਾਲ ਘਾਇਲ ਕਰ ਦਿੱਤਾ ਤੇ ਉਹ ਆਪਣੀ ਸੈਨਾ ਲਈ ਹੀ ਮੁਸੀਬਤ ਬਣ ਗਿਆ। ਸਭ ਤੋਂ ਭਿਆਨਕ ਯੁੱਧ ੧੭੦੪ ਈ. ਵਿਚ ਹੋਇਆ ਜੋ ੬ ਮਹੀਨੇ ਜਾਰੀ ਰਿਹਾ। ਜਦੋਂ ਮੁਗ਼ਲ ਸੈਨਾ ਦੀ ਪੇਸ਼ ਨਾ ਗਈ ਤਾਂ ਉਨ੍ਹਾਂ ਇਕ ਬ੍ਰਾਹਮਣ ਅਤੇ ਇਕ ਮੌਲਵੀ ਨੂੰ ਜ਼ਾਮਨ ਬਣਾ ਕੇ ਭੇਜਿਆ ਜਿਨ੍ਹਾਂ ਨੇ ਗੀਤਾ ਅਤੇ ਕੁਰਾਨ ਦੀ ਸਹੁੰ ਚੁੱਕ ਕੇ ਕਿਹਾ ਕਿ ਜੇ ਗੁਰੂ ਜੀ ਕਿਲ੍ਹਾ ਛੱਡ ਦੇਣ ਤਾਂ ਯੁੱਧ ਸਮਾਪਤ ਹੋ ਜਾਵੇਗਾ ਤੇ ਉਹ ਜਿੱਥੇ ਚਾਹੁਣ ਜਾ ਸਕਦੇ ਹਨ। ਗੁਰੂ ਜੀ ਉਨ੍ਹਾਂ ਦੇ ਦਿਲ ਦੀ ਜਾਣਦੇ ਸਨ ਪਰ ਉਨ੍ਹਾਂ ਨੇ ਬਚਨਾਂ ਨੂੰ ਪਰਖਣ ਲਈ ਕੁਝ ਗੱਡੇ ਕੂੜ-ਕਬਾੜ ਨਾਲ ਲਦਵਾ ਕੇ ਉਪਰ ਰੇਸ਼ਮੀ ਚਾਦਰਾਂ ਪੁਆ ਦਿੱਤੀਆਂ ਅਤੇ ਕਿਹਾ ਕਿ ਗੁਰੂ ਦਾ ਖ਼ਜ਼ਾਨਾ ਜਾ ਰਿਹਾ ਹੈ। ਨਾ ਸਮਝ ਲਾਲਚੀ ਮੁਗ਼ਲ ਆਪਣੇ ਵੱਲੋਂ ਖ਼ਜ਼ਾਨਾ ਲੁੱਟਣ ਲਈ ਟੁੱਟ ਕੇ ਪੈ ਗਏ ਅਤੇ ਉਨ੍ਹਾਂ ਨੂੰ ਅਤਿ ਸ਼ਰਮਿੰਦਗੀ ਸਹਾਰਨੀ ਪਈ।

ਕੁਝ ਦਿਨ ਪਿੱਛੋਂ ਉਨ੍ਹਾਂ ਨੇ ਔਰੰਗਜ਼ੇਬ ਵੱਲੋਂ ਦਸਤਖਤ-ਸ਼ੁਦਾ ਕੁਰਾਨ ਅਤੇ ਉਸ ਵੱਲੋਂ ਚਿੱਠੀ ਪੇਸ਼ ਕੀਤੀ, ਪਿਛਲੀ ਗ਼ਲਤੀ ਦੀ ਖ਼ਿਮਾ ਮੰਗੀ ਅਤੇ ਕਿਹਾ ਕਿ ਜੇ ਆਪ ਜੀ ਸਿੱਖ ਸਿਪਾਹੀਆਂ ਸਮੇਤ ਕਿਲ੍ਹਾ ਛੱਡ ਦਿਓ, ਇਸ ਤਰ੍ਹਾਂ ਲੜਾਈ ਮੁੱਕ ਜਾਏਗੀ। ਸਿੱਖਾਂ ਦੇ ਬਾਰ-ਬਾਰ ਕਹਿਣ 'ਤੇ ੨੦ ਦਸੰਬਰ, ੧੭੦੪ ਦੀ ਸਰਦੀਲੀ ਰਾਤ ਨੂੰ ਗੁਰੂ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ, ਬਾਕੀ ਸਿੱਖ ਜਥੇ ਵੀ ਮਗਰ-ਮਗਰ ਤੁਰ ਪਏ। ਅੰਮ੍ਰਿਤ ਵੇਲੇ ਆਪ ਜੀ ਸਰਸਾ ਦਰਿਆ ਦੇ ਕੰਢੇ ਪੁੱਜੇ। ਇੱਥੇ ਆਸਾ ਕੀ ਵਾਰ ਦਾ ਕੀਰਤਨ ਹੋਇਆ। ਸਮਾਪਤੀ ਉਪਰੰਤ ਦਰਿਆ ਪਾਰ ਕੀਤਾ ਗਿਆ। ਤਦ ਤਕ ਮੁਗਲ ਫੌਜ ਇਕਰਾਰ ਭੁੱਲ ਕੇ ਗੁਰੂ ਜੀ ਅਤੇ ਸਿੱਖ ਸੈਨਾ ਦੇ ਪਿੱਛੇ ਲੱਗ ਚੁੱਕੀ ਸੀ। ਐਸੇ ਸਮੇਂ ਹੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਪਰਵਾਰ ਨਾਲੋਂ ਵਿੱਛੜ ਗਏ। ਘਰੇਲੂ ਸੇਵਾਦਾਰ ਗੰਗੂ ਦੇ ਕਹਿਣ 'ਤੇ ਉਹ ਉਸ ਦੇ ਪਿੰਡ ਖੇੜੀ ਜਾ ਟਿਕੇ। ਅਜੇ ਸਿੱਖ ਸੈਨਾ ਸਰਸਾ ਕੰਢੇ ਹੀ ਸੀ ਕਿ ਮੁਗ਼ਲ ਫੌਜ ਨੇ ਆ ਚੜ੍ਹਾਈ ਕੀਤੀ। ਸਿੱਖ ਸੂਰਮਿਆਂ ਨੇ ਪੂਰੀ ਬਹਾਦਰੀ ਨਾਲ ਟਾਕਰਾ ਕੀਤਾ ਤੇ ਉਨ੍ਹਾਂ ਨੂੰ ਅੱਗੇ ਨਾ ਵਧਣ ਦਿੱਤਾ। ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ, ਇਕੱਲੇ-ਇਕੱਲੇ ਨੇ ਕਈ-ਕਈ ਮੁਗ਼ਲ ਜਮਪੁਰੀ ਭੇਜੇ। ਅਖੀਰ ਬੇਅੰਤ ਨੁਕਸਾਨ ਕਰਵਾ ਕੇ ਥੱਕੀ-ਟੁੱਟੀ ਮੁਗ਼ਲ ਸੈਨਾ ਆਪਣੇ ਕੈਂਪ ਨੂੰ ਪਰਤ ਗਈ।

ਏਧਰ ਗੁਰੂ ਜੀ, ਦੋ ਵੱਡੇ ਸਾਹਿਬਜ਼ਾਦੇ ਅਤੇ ੪੦ ਦੇ ਕਰੀਬ ਸਿੱਖ ਰੋਪੜ ਦੇ ਇਲਾਕੇ 'ਚ ਪੁੱਜੇ ਅਤੇ ਖੁੱਲ੍ਹੇ ਮੈਦਾਨ ਵਿਚ ਛਾਉਣੀ ਪਾਈ। ਇੱਥੇ ਹੀ ਕੋਟਲਾ ਨਿਹੰਗ

ਸਿੰਘ ਦੇ ਉਚੇ-ਲੰਮੇ ਪਠਾਣ ਨੇ ਗੁਰੂ ਜੀ ਦੇ ਕੈਂਪ ਦੀ ਰੱਖਿਆ ਲਈ ਆਪਣੀ ਸੇਵਾ ਭੇਟ ਕੀਤੀ। ਦੂਜੇ ਦਿਨ ਚੌਧਰੀ ਬੁੱਧੂ ਚੰਦ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਨੇ ਸੈਨਿਕ ਕੈਂਪ ਉਸ ਦੀ ਹਵੇਲੀ, ਚਮਕੌਰ ਦੀ ਗੜ੍ਹੀ ਵਿਚ ਲੈ ਆਂਦਾ। ਸਮੇਂ ਨੂੰ ਭਾਂਪਦਿਆਂ ਆਪ ਜੀ ਨੇ ਇਸ ਛੋਟੀ ਗੜ੍ਹੀ ਵਿਚ ਲੜਾਈ ਪੱਖੋਂ ਪੂਰੀ ਮੋਰਚੇਬੰਦੀ ਕਰ ਲਈ। ਜਦੋਂ ਸਰਹੰਦ ਦੇ ਸੂਬੇ ਵਜ਼ੀਰ ਖਾਨ ਨੂੰ ਪਤਾ ਲੱਗਿਆ ਤਾਂ ਉਸ ਨੇ ਵੱਡੀ ਗਿਣਤੀ ਦੀ ਫੌਜ ਸਮੇਤ ਚਮਕੌਰ ਦੀ ਗੜ੍ਹੀ ਨੂੰ ਜਾ ਘੇਰਿਆ। ਉਸ ਨੇ ਨਗਾਰੇ ਦੀ ਅਵਾਜ਼ ਨਾਲ ਕਿਹਾ ਕਿ ਜੇ ਗੁਰੂ ਜੀ ਅਤੇ ਸਿੱਖ ਉਸ ਦੀ ਸ਼ਰਨ ਵਿਚ ਆ ਜਾਣ, ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਇਸ ਦਾ ਉੱਤਰ ਗੁਰੂ ਜੀ ਨੇ ਤੀਰਾਂ ਨਾਲ ਦਿੱਤਾ। ਇਕ ਪਾਸੇ ਮੁੱਲ ਖਰੀਦੀ ਬੇਸ਼ੁਮਾਰ ਮੁਗ਼ਲ ਸੈਨਾ, ਦੂਜੇ ਪਾਸੇ ਗੁਰੂ-ਪਿਆਰ ਵਿਚ ਕੁਰਬਾਨ ਹੋਣ ਵਾਲੇ ਮੁੱਠੀ ਭਰ ਮਰਜੀਵੜੇ ਸਿੱਖ। ਸੰਸਾਰ ਦੇ ਯੁੱਧ-ਇਤਿਹਾਸ ਵਿਚ ਕਿਤੇ ਵੀ ਐਸੀ ਉਦਾਹਰਨ ਨਹੀਂ ਮਿਲਦੀ ਜਿੱਥੇ ਕੇਵਲ ੪੦ ਕੁ ਸੂਰਮਿਆਂ ਨੇ ਅਣਗਿਣਤ ਸ਼ਾਹੀ ਸੈਨਾ ਨਾਲ ਲੋਹਾ ਲਿਆ ਹੋਵੇ। 'ਸਵਾ ਲਾਖ ਸੇ ਏਕ ਲੜਾਊਂ' ਦਾ ਵਰ ਚਮਕੌਰ ਦੀ ਗੜ੍ਹੀ ਦੇ ਯੁੱਧ ਵਿਚ ਪ੍ਰਤੱਖ ਹੋਇਆ। ਜਰਨੈਲ ਨਾਹਰ ਖਾਨ ਪੌੜੀ ਰਾਹੀਂ ਗੜ੍ਹੀ 'ਤੇ ਚੜ੍ਹਨ ਲੱਗਾ, ਗੁਰੂ ਜੀ ਦੇ ਤੀਰ ਨਾਲ ਵਿੰਨ੍ਹਿਆ ਗਿਆ; ਜਰਨੈਲ ਗਨੀ ਖਾਨ ਨੂੰ ਗੁਰਜ ਮਾਰ ਕੇ ਚਿਤ ਕਰ ਦਿੱਤਾ। ਸਿੱਖ ਸਿਪਾਹੀ ਸਣੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਪ੍ਰਾਪਤ ਹਥਿਆਰਾਂ ਤੀਰਾਂ, ਤਲਵਾਰਾਂ, ਬਰਛਿਆਂ ਨਾਲ ਲੈਸ ਸਨ।

੨੨ ਦਸੰਬਰ, ੧੭੦੪ ਨੂੰ ਘਮਸਾਨ ਦਾ ਯੁੱਧ ਹੋਇਆ। ਸਿੱਖ ਸੈਨਾ ਭਾਵੇਂ ਗਿਣਤੀ ਵਿਚ ਬਹੁਤ ਥੋੜ੍ਹੀ ਸੀ, ਪਰ ਗੁਰੂ ਜੀ ਦੀ ਹਜ਼ੂਰੀ, ਪਿਆਰ ਸਿਦਕ ਅਤੇ ਦ੍ਰਿੜ੍ਹਤਾ ਕਾਰਨ ਚੜ੍ਹਦੀ ਕਲਾ ਵਿਚ ਅਤੇ ਪੂਰੇ ਜਲਾਲ ਵਿਚ ਸੀ। ਗੁਰੂ ਜੀ, ਰਣਨੀਤੀ ਨਿਰਧਾਰਿਤ ਕਰਦਿਆਂ, ਪੰਜ-ਪੰਜ ਸਿੰਘਾਂ ਦੀ ਟੋਲੀ ਵੈਰੀਆਂ ਨਾਲ ਜੂਝਣ ਲਈ ਮੈਦਾਨ-ਏ-ਜੰਗ ਵਿਚ ਭੇਜਦੇ, ਜੋ ਜੈਕਾਰਿਆਂ ਦੀ ਗੂੰਜ ਨਾਲ ਵੈਰੀਆਂ 'ਤੇ ਟੁੱਟ ਪੈਂਦੇ। ਸੈਂਕੜੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦਿਆਂ ਆਪ ਸ਼ਹੀਦ ਹੋ ਜਾਂਦੇ। ਗੁਰੂ ਜੀ ਆਪ ਗੜ੍ਹੀ ਦੀ ਛੱਤ ਤੋਂ ਤੀਰਾਂ ਦਾ ਮੀਂਹ ਵਰ੍ਹਾਂਦੇ, ਮੁਗ਼ਲਾਂ ਵਿਚ ਭੜਥੂ ਪਾਈ ਰੱਖਦੇ। ਜਦੋਂ ਗੜ੍ਹੀ ਚਾਰੋਂ ਪਾਸਿਆਂ ਤੋਂ ਘਿਰ ਗਈ ਅਤੇ ਸਿੰਘ ਵੀ ਕਾਫੀ ਸ਼ਹੀਦ ਹੋ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਰਾਤ ਸਮੇਂ ਪੁੱਤਰਾਂ ਸਣੇ ਗੜ੍ਹੀ ਵਿੱਚੋਂ ਨਿਕਲ ਜਾਣ। "ਕਿਹੜੇ ਪੁੱਤਰ?" ਗੁਰੂ ਜੀ ਨੇ ਉੱਤਰ ਦਿੱਤਾ, 'ਤੁਸੀਂ ਸਭ ਹੀ ਤਾਂ ਮੇਰੇ ਪੁੱਤਰ ਹੋ!' ਸਭ ਦੀਆਂ ਅੱਖਾਂ ਸੇਜਲ ਹੋ ਗਈਆਂ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜੰਗ ਵਿਚ ਜਾਣ ਦੀ ਆਗਿਆ ਮੰਗੀ। ਪੰਜ ਸੂਰਬੀਰਾਂ ਦੀ ਕਮਾਨ ਦੇ ਕੇ ਗੁਰੂ ਜੀ ਦੀਆਂ ਅਸੀਸਾਂ ਲੈ, ਸਾਹਿਬਜ਼ਾਦਾ ਅਜੀਤ ਸਿੰਘ ਦਾ ਜਥਾ ਵੈਰੀਆਂ 'ਤੇ ਟੁੱਟ ਪਿਆ। ਜੈਕਾਰਿਆਂ ਦੀ ਗੂੰਜ ਵਿਚ

ਲਲਕਾਰਦੇ ਸਿੱਖ ਸੂਰਬੀਰਾਂ ਨੇ ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਿਆ। ਤੀਰ ਮੁੱਕ ਗਏ ਤਾਂ ਸਿੰਘਾਂ ਨੇ ਤਲਵਾਰਾਂ ਧੂਹ ਲਈਆਂ। ਅਖੀਰ ਦਮ ਤਕ ਜੂਝਦੇ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਬਾਕੀ ਦੇ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਵੱਡੇ ਭਰਾ ਦੀ ਬਹਾਦਰੀ ਤੋਂ ਉਤਸ਼ਾਹਿਤ ਹੁੰਦਿਆਂ ੧੫ ਸਾਲਾਂ ਦੇ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਮੈਦਾਨ-ਏ-ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਨੂੰ ਨਾਲ ਤੋਰਦਿਆਂ ਅਸੀਸਾਂ ਬਖਸ਼ੀਆਂ। ਛੋਟੇ ਸਾਹਿਬਜ਼ਾਦੇ ਨੇ ਅਤੇ ਉਸ ਦੇ ਸਾਥੀਆਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਪਰਮਾਤਮਾ ਦਾ ਧੰਨਵਾਦ ਕੀਤਾ ਕਿ ਤੇਰੀ ਅਮਾਨਤ ਤੈਨੂੰ ਸਮਰਪਿਤ ਹੈ!

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੜ੍ਹੀ ਵਿਚ ਰਹਿੰਦੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਦੁਸ਼ਮਣ ਨਾਲ ਬਹਾਦਰੀ ਨਾਲ ਲੜਨਾ ਹੀ ਸਾਡਾ ਧਰਮ ਅਤੇ ਕਰਤੱਵ ਹੈ। ਸਾਡੇ ਲਹੂ ਦਾ ਇਕ-ਇਕ ਕਤਰਾ ਸਾਡੇ ਧਰਮ ਦੀਆਂ ਨੀਂਹਾਂ ਪੱਕੀਆਂ ਕਰੇਗਾ।" ਕੇਵਲ ੧੧ ਸਿੰਘ ਗੜ੍ਹੀ ਵਿਚ ਬਚੇ ਸਨ। ਉਨ੍ਹਾਂ ਨੇ ਗੁਰਮਤਾ ਕਰ ਕੇ ਗੁਰੂ ਜੀ ਨੂੰ ਗੜ੍ਹੀ ਛੱਡ ਜਾਣ ਲਈ ਬੇਨਤੀ ਕੀਤੀ।

ਗੁਰਸਿੱਖਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਰਾਤ ਦੇ ਹਨ੍ਹੇਰੇ ਵਿਚ ਗੜ੍ਹੀ ਤੋਂ ਬਾਹਰ ਆਏ ਅਤੇ ਸਵੇਰ ਤਕ ਗੁਰੂ ਜੀ ਮਾਛੀਵਾੜੇ ਪੁੱਜ ਚੁੱਕੇ ਸਨ। ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਗੁਰੂ ਜੀ ਨੂੰ ਮਾਛੀਵਾੜੇ ਆ ਮਿਲੇ। ਨਬੀ ਖਾਨ ਅਤੇ ਗਨੀ ਖਾਨ ਜੋ ਗੁਰੂ ਜੀ ਪ੍ਰਤੀ ਬਹੁਤ ਸ਼ਰਧਾ ਰੱਖਦੇ ਸਨ, ਇੱਥੇ ਗੁਰੂ ਜੀ ਨੂੰ ਆ ਮਿਲੇ। ਰਾਏਕੋਟ ਦੇ ਮੁਕਾਮ 'ਤੇ ਗੁਰੂ ਜੀ ਨੂੰ ਖ਼ਬਰ ਮਿਲੀ ਕਿ ਸਰਹੰਦ ਦੇ ਨਵਾਬ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਉਹ ਆਖਰੀ ਸੁਆਸ ਤਕ ਆਪਣੇ ਜੋ ਧਰਮ ਅਤੇ ਅਕੀਦੇ ਵਿਚ ਦ੍ਰਿੜ੍ਹ ਰਹੇ। ਮਾਤਾ ਗੁਜਰੀ ਜੀ ਬੱਚਿਆਂ ਨੂੰ ਰੋਜ਼ ਤਿਆਰ ਕਰ ਕੇ ਕਚਹਿਰੀ ਭੇਜਦੇ ਰਹੇ ਜਿਥੇ ਉਨ੍ਹਾਂ ਨੇ ਸੱਚ ਦੀ ਸਾਖ ਭਰਦਿਆਂ ਕਾਜ਼ੀ ਦੇ ਸਵਾਲਾਂ ਦੇ ਉੱਤਰ ਬੜ੍ਹੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਦਿੱਤੇ। ਨਵਾਬ ਅਤੇ ਕਾਜ਼ੀ ਦੋਵੇਂ ਇਨ੍ਹਾਂ ਬੱਚਿਆਂ ਦੀ ਦਲੇਰੀ ਅਤੇ ਧਰਮ ਦੀ ਦ੍ਰਿੜ੍ਹਤਾ ਦੇ ਅੰਦਰੋਂ ਕਾਇਲ ਸਨ ਪਰ ਬੱਚਿਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਬਹੁਤ ਉਤਸੁਕ ਵੀ ਸਨ। ਦੀਵਾਨ ਸੁੱਚਾ ਨੰਦ ਵੀ ਅਦਾਲਤ ਵਿਚ ਹਾਜ਼ਰ ਸਭ ਕੁਝ ਵੇਖ-ਸੁਣ ਰਿਹਾ ਸੀ। ਉਸ ਨੇ ਸੋਚੀ-ਸਮਝੀ ਵਿਉਂਤ ਅਨੁਸਾਰ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਦਲੇਰਾਨਾ ਉੱਤਰ ਸੀ ਕਿ ਅਸੀਂ ਸਿੱਖ ਸੈਨਿਕ ਇਕੱਠੇ ਕਰ ਕੇ ਧਰਮ ਲਈ ਯੁੱਧ ਕਰਾਂਗੇ ਅਤੇ ਜ਼ਾਲਮ ਰਾਜ ਨੂੰ ਉਖੇੜਨ ਦਾ ਹਰ ਜਤਨ ਕਰਾਂਗੇ। ਇਸ ਉੱਤਰ ਨਾਲ ਸੁੱਚਾ ਨੰਦ ਨੂੰ ਨਵਾਬ ਅਤੇ ਕਾਜ਼ੀ ਨੂੰ ਉਕਸਾਉਣ

ਦਾ ਬਹਾਨਾ ਮਿਲ ਗਿਆ। ਉਸ ਨੇ ਦੋਹਾਂ ਨੂੰ ਕਿਹਾ ਕਿ ਸੱਪ ਦੇ ਬੱਚੇ ਵੱਡੇ ਹੋ ਕੇ ਬੜੇ ਖ਼ਤਰਨਾਕ ਸਿੱਧ ਹੋ ਸਕਦੇ ਹਨ। ਇਸ ਤਰ੍ਹਾਂ ਬੱਚਿਆਂ ਨੂੰ ਨੀਹਾਂ ਵਿਚ ਚਿਣਨ ਦਾ ਆਦੇਸ਼ ਦਿੱਤਾ ਗਿਆ। ਕਾਜ਼ੀ ਨੇ ਸਲਾਹ ਦਿੱਤੀ ਕਿ ਇਹ ਕਾਰਜ ਨਵਾਬ ਮਲੇਰਕੋਟਲਾ, ਸ਼ੇਰ ਮੁਹੰਮਦ ਖਾਨ ਰਾਹੀਂ ਕੀਤਾ ਜਾਵੇ ਕਿਉਂਕਿ ਉਸ ਦਾ ਭਰਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਪਰ ਨਵਾਬ ਰੱਬ ਤੋਂ ਡਰਨ ਵਾਲਾ ਇਨਸਾਨ ਸੀ। ਉਸ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ "ਇਹ ਸਰਾਸਰ ਜ਼ੁਲਮ ਹੈ। ਮੇਰਾ ਭਰਾ ਜੰਗ ਵਿਚ ਸ਼ਹੀਦ ਹੋਇਆ ਹੈ। ਇਹ ਬੱਚੇ ਉਸ ਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ ਕੋਈ ਬਦਲਾ ਲੈਣਾ ਵੀ ਹੈ, ਤਾਂ ਇਨ੍ਹਾਂ ਦੇ ਪਿਤਾ (ਗੁਰੂ ਜੀ) ਤੋਂ ਲਈਏ! ਇਹ ਤਾਂ ਬਹੁਤ ਵੱਡਾ ਪਾਪ ਹੋਵੇਗਾ! ਹੇ ਖ਼ੁਦਾ! ਇਹ ਕਿੱਡਾ ਵੱਡਾ ਜ਼ੁਲਮ ਹੈ!" ਨਵਾਬ ਮਲੇਰਕੋਟਲਾ ਨੇ 'ਹਾਅ ਦਾ ਨਾਹਰਾ' ਮਾਰਿਆ। ਸਿੱਖ ਸੰਗਤ ਵੀ ਤਾਹੀਓਂ ਸਦਾ ਮਲੇਰਕੋਟਲਾ ਦੇ ਨਵਾਬਾਂ ਦਾ ਸਤਿਕਾਰ ਕਰਦੀ ਆਈ ਹੈ! ਬੱਚਿਆਂ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ। ਨਿੱਕੀਆਂ ਜਿੰਦਾਂ ਜਪੁਜੀ ਦੇ ਪਾਠ ਉਚਾਰਦੀਆਂ ਚੜ੍ਹਦੀ ਕਲਾ ਦਾ ਦ੍ਰਿਸ਼ ਪੇਸ਼ ਕਰਦੀਆਂ ਰਹੀਆਂ। ਅੰਤ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਬੱਚੇ ਪ੍ਰੀਖਿਆ ਵਿਚ ਪਾਸ ਹੋਏ। ਮਾਤਾ ਗੁਜਰੀ ਜੀ ਵੀ ਬੱਚਿਆਂ ਤੋਂ ਸੁਰਖਰੂ ਹੋ ਕੇ ਬ੍ਰਹਮਲੀਨ ਹੋ ਗਏ।

ਗੁਰੂ ਜੀ ਨੇ ਸਾਰੀ ਵਾਰਤਾ ਸੁਣ ਕੇ ਇਕ ਬੂਟਾ ਪੁੱਟਿਆ ਤੇ ਫ਼ਰਮਾਨ ਕੀਤਾ, "ਹੁਣ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ।" ਇਹ ਵਾਕ ਸੱਚੇ ਸਿੱਧ ਹੋਏ। ਗੁਰੂ ਪਾਤਸ਼ਾਹ ਦੇ ਸਿਰਜੇ ਖਾਲਸੇ ਨੇ ਸਦੀਆਂ ਤੋਂ ਲਿਤਾੜੇ, ਲੁੱਟੇ ਤੇ ਮਾਰੇ ਜਾ ਰਹੇ ਹਿੰਦੁਸਤਾਨ ਦੇ ਵਾਸੀਆਂ ਨੂੰ ਮੁਗ਼ਲ ਹਕੂਮਤ ਤੋਂ ਨਿਜਾਤ ਦਿਵਾਈ। ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨਾਲ ਪੰਜਾਬ ਵਿਚ ਐਸੀ ਜਾਗਰਤੀ ਆਈ ਕਿ ਨਿਮਾਣੀ-ਨਿਤਾਣੀ ਜਨਤਾ ਗੁਰੂ ਕੇ ਅੰਮ੍ਰਿਤ ਦੀ ਦਾਤ ਲੈ ਕੇ ਮੁਗ਼ਲਾਂ ਨਾਲ ਜੂਝਣ ਵਾਲੇ ਜਥਿਆਂ ਵਿਚ ਸ਼ਾਮਲ ਹੋਣ ਲੱਗ ਗਈ ਅਤੇ ਕੁਝ ਸਾਲਾਂ ਵਿਚ ਹੀ ਮੁਗ਼ਲ ਹਕੂਮਤ ਦੇ ਪੈਰ ਉੱਖੜ ਗਏ ਤੇ ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸਥਾਪਿਤ ਹੋ ਗਿਆ। ਅਸੀਂ ਵਾਰ-ਵਾਰ ਨਮਸਕਾਰ ਕਰਦੇ ਹਾਂ, ਸਾਹਿਬਜ਼ਾਦਿਆਂ ਦੀ ਮਹਾਨ ਕਰਣੀ ਨੂੰ ਅਤੇ ਉਨ੍ਹਾਂ ਸੰਗ ਸ਼ਹੀਦ ਹੋਏ ਗੁਰੂ ਜੀ ਦੇ ਸਭ ਸੰਗੀਆਂ-ਸਾਥੀਆਂ ਨੂੰ ਜਿਨ੍ਹਾਂ ਨੇ ਸੱਚ ਦੀ, ਅਮਨ ਦੀ, ਅਜ਼ਾਦੀ ਦੀ ਲੜਾਈ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।

■

*ਕਵਿਤਾ:*

# ਧਰਮ ਦੀ ਚਾਦਰ

*-ਡਾ. ਹਰਦੇਵ ਸਿੰਘ**

*ਸਾਗਰ ਤੋਂ ਡੂੰਘੀ ਬੰਦਗੀ ਆਤਮ ਤੋਂ ਸੁੱਚੀ ਤੇਗ ਹੈ*
*ਉਹ ਜੋ ਬੀਜਦਾ ਏ ਬਹਾਦਰੀ ਲੱਖ ਸੂਰਜਾਂ ਦਾ ਤੇਜ਼ ਹੈ।*
*ਛਾਵਾਂ ਨੇ ਸਿਰ 'ਤੇ ਗੁਰ ਪਿਤਾ ਹਰਿ ਹੈ ਕਿ ਹਰਿਗੋਬਿੰਦ ਹੈ*
*ਮੀਰੀ ਤੇ ਪੀਰੀ ਇਕ ਜਗ੍ਹਾ ਵੈਰਾਗ ਹੈ ਮਨ ਚਿੰਦ ਹੈ*
*ਕੁੱਲ ਜਗ ਹੈ ਜਿਸ ਦਾ ਆਪਣਾ ਨਾ ਕੋਈ ਗੈਰ ਤੇ ਪਰਹੇਜ਼ ਹੈ।*
*ਭੋਰੇ 'ਚ ਬੈਠੇ ਪਾਤਸ਼ਾਹ ਸੰਗਤ ਜ਼ਿੰਮੀ 'ਤੇ ਭਾਲਦੀ*
*ਸੌਦਾਗਰਾਂ ਦਾ ਸ਼ਾਹ ਮੱਖਣ ਕਰ ਦੀਦ ਗੁਰ ਅਕਾਲ ਦੀ*
*ਕੋਠੇ 'ਤੇ ਚੜ੍ਹ ਕੇ ਕੂਕਦਾ ਵਰਖੇ ਮਿਹਰ ਜਿਉਂ ਮੇਘ ਹੈ।*
*ਕਦਮਾਂ ਨੂੰ ਤੇਰੇ ਖਿਚਦੀ ਦੁਖੀਆਂ ਦੀ ਕੀਤੀ ਅਰਜ਼ ਹੈ*
*ਕੁੱਲ ਜਗ ਦਾ ਤੋਟਾ ਮੇਟਣਾ ਤੇਰਾ ਬਿਰਦ ਹੈ ਜਾਂ ਫਰਜ਼ ਹੈ*
*ਬਖਸ਼ਿਸ਼ ਦੀ ਹੋਵੇ ਕਿੰਞ ਕਮੀ ਤੇਰਾ ਹਰ ਕਦਮ ਲਬਰੇਜ਼ ਹੈ।*
*ਮੁਸਕਾਵਣਾ ਜੱਲਾਦ ਸਾਹਵੇਂ ਨ੍ਹੇਰੇ ਨੂੰ ਚਾਨਣ ਵੰਡਣਾ*
*ਜ਼ਹਿਰਾਂ ਨੇ ਖੌਰੇ ਕਿਸ ਕਦਰ ਅੰਮ੍ਰਿਤ ਨੂੰ ਹਾਲੇ ਡੰਗਣਾ*
*ਤੇਰੇ ਆਸਰੇ ਸੱਚੇ ਪਿਤਾ ਧਰ ਤੇ ਧਰਮ ਜਰਖੇਜ਼ ਹੈ।*
*ਧੜ ਤੋਂ ਜੁਦਾ ਸਿਰ ਹੋ ਗਿਆ ਹਿੱਲਿਆ ਅੰਬਰ ਦਾ ਥਾਲ ਵੀ*
*ਕੋਈ ਦ੍ਰਿਸ਼ਟ ਤਾਂ ਦਿਸਦੀ ਨਹੀਂ ਲੱਖੀ ਦੇ ਨੈਣਾਂ ਨਾਲ ਦੀ*
*ਝੱਖੜਾਂ ਨਾਲ ਮੱਥਾ ਲਾ ਲਿਆ ਛੱਡ ਦੌਲਤਾਂ ਦਾ ਹੇਜ ਹੈ।*
*ਗੋਬਿੰਦ ਹੀ ਗੋਬਿੰਦ ਹੈ ਕਦੇ ਲਾਲ ਹੈ ਤੇ ਗ਼ੁਲਾਲ ਹੈ*
*ਖਾਲਸ ਹੈ ਰੱਬ ਦਾ ਰੂਪ ਜੋ ਕੁੱਲ ਖਾਲਸਾ ਜਿਸ ਨਾਲ ਹੈ*
*ਤੇਰੀ ਗੋਦ ਵਿਚ ਉਸ ਖੇਡਣਾ ਕੰਡਿਆਂ 'ਤੇ ਜਿਸ ਦੀ ਸੇਜ ਹੈ।*

■

** ਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਸਾਹਿਬ। ਮੋ. ੯੮੮੮੦੧੯੫੦੫*

ਖ਼ਬਰਨਾਮਾ

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਪੰਜਵੀਂ ਵਾਰ ਬਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

ਸ੍ਰੀ ਅੰਮ੍ਰਿਤਸਰ, ੩ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਹੋਈ ਸਾਲਾਨਾ ਚੋਣ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਪੰਜਵੀਂ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ’ਚ ਜਨਰਲ ਇਜਲਾਸ ਦੌਰਾਨ ਹੋਈ ਚੋਣ ਮੌਕੇ ਕੁੱਲ ਪਈਆਂ ੧੩੬ ਵੋਟਾਂ ਵਿੱਚੋਂ ੧੧੭ ਵੋਟਾਂ ਪ੍ਰਾਪਤ ਕਰ ਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਿੱਤ ਹਾਸਲ ਕੀਤੀ। ਉਨ੍ਹਾਂ ਦੇ ਮੁਕਾਬਲੇ ਪ੍ਰਧਾਨਗੀ ਦੀ ਚੋਣ ਲੜਨ ਲਈ ਖੜ੍ਹੇ ਸ. ਮਿੱਠੂ ਸਿੰਘ ਕਾਹਨੇਕੇ ਨੂੰ ੧੮ ਵੋਟਾਂ ਪਈਆਂ, ਜਦਕਿ ੧ ਵੋਟ ਰੱਦ ਹੋਈ। ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਮੌਜੂਦ ਰਹੇ।

ਜਨਰਲ ਇਜਲਾਸ ਦੌਰਾਨ ਸ. ਰਘੂਜੀਤ ਸਿੰਘ ਵਿਰਕ ਨੂੰ ਸੀਨੀਅਰ ਮੀਤ ਪ੍ਰਧਾਨ, ਸ. ਬਲਦੇਵ ਸਿੰਘ ਕਲਿਆਣ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਸ. ਸ਼ੇਰ ਸਿੰਘ ਮੰਡਵਾਲਾ ਨੂੰ ਜਨਰਲ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ ਚੁਣੀ ਗਈ ੧੧ ਮੈਂਬਰੀ ਅੰਤ੍ਰਿੰਗ ਕਮੇਟੀ ਵਿਚ ਸ. ਸੁਰਜੀਤ ਸਿੰਘ ਗੜ੍ਹੀ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਸੁਰਜੀਤ ਸਿੰਘ ਕੰਗ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੇਜਰ ਸਿੰਘ ਢਿੱਲੋਂ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ ਤੇ ਸ. ਮਿੱਠੂ ਸਿੰਘ ਕਾਹਨੇਕੇ ਸ਼ਾਮਲ ਹਨ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਚੁਣੇ ਜਾਣ ਮਗਰੋਂ ਕਿਹਾ ਕਿ ਕੌਮ ਦੀ ਸੇਵਾ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੋਈ ਹੈ, ਜਿਸ ਨੂੰ ਉਹ ਗੁਰੂ ਸਾਹਿਬ ਦੀ ਭੈਅ-ਭਾਵਨੀ ਅਨੁਸਾਰ ਨਿਭਾਉਣ ਦਾ ਯਤਨ ਕਰਨਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਤਰਜੀਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ੩੫੦ ਸਾਲਾ ਸ਼ਤਾਬਦੀ ਦੇ ਸਮਾਗਮਾਂ ਨੂੰ ਕੌਮੀ ਪੱਧਰ ’ਤੇ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤਾਂ ਦੀ ਵੱਧ ਰਹੀ ਆਮਦ ਦੇ ਮੱਦੇਨਜ਼ਰ ਹੋਰ ਸਰਾਵਾਂ ਉਸਾਰਨ ਲਈ ਸ਼ੁਰੂ

ਕੀਤੇ ਜਾ ਰਹੇ ਕਾਰਜਾਂ ਨੂੰ ਜਲਦ ਪੂਰਾ ਕਰਨ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਆਪਣੇ 'ਚ ਮੁੜ ਭਰੋਸਾ ਜਤਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਲੀਡਰਸ਼ਿਪ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮਰਪਣ ਭਾਵਨਾ ਨਾਲ ਪੰਥਕ ਕਾਰਜਾਂ ਲਈ ਯਤਨਸ਼ੀਲ ਰਹਿਣਗੇ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਭਵਿੱਖ ਦੀਆਂ ਤਰਜੀਹਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਧਰਮ ਪ੍ਰਚਾਰ ਖੇਤਰ ਦੇ ਨਾਲ-ਨਾਲ ਮਾਨਵ ਭਲਾਈ ਦੇ ਕਾਰਜਾਂ ਲਈ ਵੀ ਵਿਸ਼ੇਸ਼ ਤਵਜੋਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁਕਾਬਲਾ ਪ੍ਰੀਖਿਆਵਾਂ ਲਈ ਚੱਲ ਰਹੇ ਕੇਂਦਰਾਂ ਦੇ ਨਿਯਮਾਂ ਵਿਚ ਸੋਧ ਕਰਦਿਆਂ ਇਸ ਦਾ ਹੋਰ ਵਿਸਥਾਰ ਕੀਤਾ ਜਾਵੇਗਾ। ਮੌਜੂਦਾ ਸਮੇਂ ਕਿਉਂਕਿ ਪ੍ਰਸ਼ਾਸਨਿਕ ਸੇਵਾਵਾਂ ਵਿਚ ਸਿੱਖ ਨੌਜੁਆਨਾਂ ਦੀ ਸ਼ਮੂਲੀਅਤ ਕੌਮੀ ਹਿੱਤਾਂ ਲਈ ਜ਼ਰੂਰੀ ਹੈ, ਇਸ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈਆਂ ਜਾ ਰਹੀਆਂ ਪ੍ਰਸ਼ਾਸਨਿਕ ਸੇਵਾਵਾਂ ਦੇ ਕੇਂਦਰਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਐਨਡੀਏ ਲਈ ਭਾਵੇਂ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ/ਕਾਲਜਾਂ ਵਿਚ ਮੁੱਢਲੇ ਤੌਰ 'ਤੇ ਤਿਆਰੀ ਕਰਵਾਈ ਜਾ ਰਹੀ ਹੈ, ਪਰ ਹੁਣ ਇਸ ਲਈ ਬਹਾਦਰਗੜ੍ਹ ਵਿਖੇ ਚਲਦੀ ਅਕੈਡਮੀ ਦਾ ਵੀ ਵਿਸਥਾਰ ਕਰਾਂਗੇ।

## ਐਡਵੋਕੇਟ ਧਾਮੀ ਤੇ ਚੁਣੇ ਹੋਰ ਅਹੁਦੇਦਾਰਾਂ ਨੇ ਗੁਰੂ ਸਾਹਿਬ ਦਾ ਕੀਤਾ ਸ਼ੁਕਰਾਨਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਜਾਣ ਮਗਰੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਅਹੁਦੇਦਾਰਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ, ਜਿੱਥੇ ਉਨ੍ਹਾਂ ਨੂੰ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਅਹੁਦੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਗਏ, ਜਿੱਥੇ ਉਨ੍ਹਾਂ ਦਾ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਜਥੇਦਾਰ ਗਿਆਨੀ ਟੇਕ ਸਿੰਘ ਵੱਲੋਂ ਸਤਿਕਾਰ ਕੀਤਾ ਗਿਆ। ਇਸ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦਫ਼ਤਰ ਵਿਖੇ ਆਪਣਾ ਕਾਰਜਭਾਰ ਸੰਭਾਲਿਆ।

## ਐਡ. ਧਾਮੀ ਦਾ ਨਾਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੇਸ਼ ਕੀਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੇਸ਼ ਕੀਤਾ, ਜਿਸ ਦੀ ਤਾਈਦ ਸ. ਅਲਵਿੰਦਰਪਾਲ ਸਿੰਘ ਪੱਖੋਕੇ ਨੇ ਕੀਤੀ ਅਤੇ ਮਜੀਦ ਭਾਈ ਰਾਜਿੰਦਰ ਸਿੰਘ ਮਹਿਤਾ ਵੱਲੋਂ ਕੀਤੀ ਗਈ। ਐਡਵੋਕੇਟ ਧਾਮੀ ਦੇ ਮੁਕਾਬਲੇ

ਸ. ਮਿੱਠੂ ਸਿੰਘ ਕਾਹਨੇਕੇ ਦਾ ਨਾਂ ਸ. ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਵੱਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਦੇ ਨਾਂ ਦੀ ਤਾਈਦ ਬੀਬੀ ਪਰਮਜੀਤ ਕੌਰ ਲਾਂਡਰਾਂ ਅਤੇ ਮਜੀਦ ਸ. ਅਮਰੀਕ ਸਿੰਘ ਸ਼ਾਹਪੁਰ ਨੇ ਕੀਤੀ। ਇਸ ਉਪਰੰਤ ਹੋਈਆਂ ਵੋਟਾਂ 'ਚ ਐਡਵੋਕੇਟ ਧਾਮੀ ੧੧੭ ਵੋਟਾਂ ਲੈ ਕੇ ਜੇਤੂ ਰਹੇ। ਇਸੇ ਤਰ੍ਹਾਂ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਦਾ ਨਾਂ ਸ. ਸੁਰਜੀਤ ਸਿੰਘ ਗੜ੍ਹੀ ਨੇ ਪੇਸ਼ ਕੀਤਾ, ਤਾਈਦ ਸ. ਦਲਜੀਤ ਸਿੰਘ ਭਿੰਡਰ ਅਤੇ ਤਾਈਦ ਮਜੀਦ ਸ. ਅਜਮੇਰ ਸਿੰਘ ਖੇੜਾ ਨੇ ਕੀਤੀ। ਜੂਨੀਅਰ ਮੀਤ ਪ੍ਰਧਾਨ ਲਈ ਸ. ਬਲਦੇਵ ਸਿੰਘ ਕਲਿਆਣ ਦਾ ਨਾਂ ਸ. ਰਘਬੀਰ ਸਿੰਘ ਸਹਾਰਨਮਾਜਰਾ ਵੱਲੋਂ ਪੇਸ਼ ਕੀਤਾ ਗਿਆ, ਤਾਈਦ ਸ. ਹਰਪ੍ਰੀਤ ਸਿੰਘ ਗਰਚਾ ਅਤੇ ਮਜੀਦ ਸ. ਸੁਰਜੀਤ ਸਿੰਘ ਕੰਗ ਨੇ ਕੀਤੀ। ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਦਾ ਨਾਂ ਸ. ਗੁਰਮੀਤ ਸਿੰਘ ਬੂਹ ਵੱਲੋਂ ਪੇਸ਼ ਕੀਤਾ ਗਿਆ, ਤਾਈਦ ਸ. ਚਰਨਜੀਤ ਸਿੰਘ ਕਾਲੇਵਾਲ ਅਤੇ ਮਜੀਦ ਸ. ਗੁਰਨਾਮ ਸਿੰਘ ਜੱਸਲ ਵੱਲੋਂ ਕੀਤੀ ਗਈ। ੧੧-ਮੈਂਬਰੀ ਅੰਤ੍ਰਿੰਗ ਕਮੇਟੀ ਬਣਾਉਣ ਲਈ ਸ. ਅਮਰਜੀਤ ਸਿੰਘ ਬੰਡਾਲਾ ਨੇ ਤਜਵੀਜ਼ ਪੇਸ਼ ਕੀਤੀ, ਜਿਸ 'ਤੇ ਸ. ਗੁਰਿੰਦਰਪਾਲ ਸਿੰਘ ਗੋਰਾ ਤੇ ਸ. ਗੁਰਪ੍ਰੀਤ ਸਿੰਘ ਝੱਬਰ ਨੇ ਮੋਹਰ ਲਗਾਈ। ਜਨਰਲ ਇਜਲਾਸ ਦੀ ਕਾਰਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਵੱਲੋਂ ਚਲਾਈ ਗਈ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ੩੫੦ ਸਾਲਾ ਸ਼ਤਾਬਦੀ : ਅਸਾਮ ਤੋਂ ਅਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਡੇਰਾ ਬਾਬਾ ਨਾਨਕ ਲਈ ਰਵਾਨਾ

ਸ੍ਰੀ ਅੰਮ੍ਰਿਤਸਰ, ੮ ਨਵੰਬਰ- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ੩੫੦ ਸਾਲਾ ਸ਼ਤਾਬਦੀ ਦੇ ਸੰਬੰਧ ਵਿਚ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਅਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਤੋਂ ਆਪਣੇ ਅਗਲੇ ਪੜਾਅ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ, ਗੁਰਦਾਸਪੁਰ ਲਈ ਰਵਾਨਾ ਹੋਇਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਰਹੀਆਂ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਕਾਰਿਆਂ, ਨਗਾਰਿਆਂ ਦੀ ਗੂੰਜ 'ਚ ਅਰਦਾਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ 'ਚ ਸੁਸ਼ੋਭਿਤ ਕੀਤਾ। ਇਸ ਮੌਕੇ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਵੀ ਦਿੱਤਾ ਗਿਆ।

ਰਵਾਨਗੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ

ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ੩੫੦ ਸਾਲਾ ਸ਼ਤਾਬਦੀ ਨੂੰ ਸਮਰਪਿਤ ਇਸ ਨਗਰ ਕੀਰਤਨ ਦਾ ਜਿੱਥੇ ਸਿੱਖ ਧਰਮ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ, ਉੱਥੇ ਹੀ ਹੋਰ ਵੱਖ-ਵੱਖ ਧਰਮਾਂ ਦੇ ਲੋਕਾਂ ਵੱਲੋਂ ਵੀ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ ਗਿਆ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਜੀ ਨੇ ਦੂਜਿਆਂ ਦੇ ਧਰਮ ਦੀ ਰੱਖਿਆ ਖਾਤਰ ਆਪਣੀ ਸ਼ਹਾਦਤ ਦੇ ਕੇ ਧਾਰਮਿਕ ਅਜ਼ਾਦੀ ਦਿੱਤੀ। ਉਨ੍ਹਾਂ ਦੀ ਸ਼ਹਾਦਤ ਦੀ ੩੫੦ ਸਾਲਾ ਸ਼ਤਾਬਦੀ ਮੌਕੇ ਕੇਂਦਰ ਸਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਆਪਣੇ ਨੋਟੀਫਿਕੇਸ਼ਨ ਨੂੰ ਤੁਰੰਤ ਲਾਗੂ ਕਰੇ। ਇਹ ਉਨ੍ਹਾਂ ਦਾ ਗੁਰੂ ਪ੍ਰਤੀ ਸਤਿਕਾਰ ਹੋਵੇਗਾ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਆਪਣੀਆਂ ਕਾਨੂੰਨੀ ਸਜ਼ਾਵਾਂ ਤੋਂ ਵਧੇਰੇ ਸਮਾਂ ਜੇਲ੍ਹਾਂ ਵਿਚ ਗੁਜ਼ਾਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਹੋਰ ਬੰਦ ਰੱਖਣਾ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੈ। ਉਨ੍ਹਾਂ ਕਿਹਾ ਸਰਕਾਰ ਇਸ ਇਤਿਹਾਸਿਕ ਮੌਕੇ ਤੇ ਸਿੱਖ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਫੈਸਲਾ ਕਰੇ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਅਰੰਭ ਹੋਏ ਨਗਰ ਕੀਰਤਨ ਦਾ ਸੰਗਤਾਂ ਵੱਲੋਂ ਰਸਤੇ ਵਿਚ ਵੱਖ-ਵੱਖ ਪੜਾਵਾਂ ’ਤੇ ਭਰਵਾਂ ਸਵਾਗਤ ਕਰਦਿਆਂ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ ਗਿਆ। ਇਸੇ ਦੌਰਾਨ ਘੰਟਾ ਘਰ ਪਲਾਜ਼ਾ ਵਿਖੇ ਵੀ ਪੁਲਿਸ ਪ੍ਰਸ਼ਾਸਨ ਵੱਲੋਂ ਸਲਾਮੀ ਦੇ ਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ ਗਿਆ।

## ਧਾਰਮਿਕ ਸਮਾਗਮਾਂ ਚ ਦਖ਼ਲਅੰਦਾਜ਼ੀ ਤੋਂ ਬਚੇ ਪੰਜਾਬ ਸਰਕਾਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਅੰਮ੍ਰਿਤਸਰ, ੮ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਪੱਸ਼ਟ ਤੌਰ ’ਤੇ ਕਿਹਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ੩੫੦ ਸਾਲਾ ਸ਼ਤਾਬਦੀ ਮੌਕੇ ਧਾਰਮਿਕ ਸਮਾਗਮ ਅਤੇ ਕੀਰਤਨ ਦਰਬਾਰ ਕਰਵਾਉਣੇ ਸਿੱਖਾਂ ਦੀ ਨੁਮਾਇੰਦਾ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਰਜ ਹੈ ਅਤੇ ਪੰਜਾਬ ਸਰਕਾਰ ਨੂੰ ਇਸ ਵਿਚ ਦਖਲਅੰਦਾਜ਼ੀ ਤੋਂ ਬਚਣਾ ਚਾਹੀਦਾ ਹੈ।

ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਰਤਨ ਸਮਾਗਮ ਕਰਨ ਦੀ ਇਜਾਜ਼ਤ ਨਾ ਦੇਣ ਬਾਰੇ ਚੱਲ ਰਹੀਆਂ ਖ਼ਬਰਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਪਹਿਲਾਂ ਹੀ ਸਪੱਸ਼ਟ ਕੀਤਾ ਗਿਆ ਸੀ ਕਿ ਉਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਕਾਸ ਕਾਰਜਾਂ ਵੱਲ ਧਿਆਨ ਦੇਵੇ ਅਤੇ ਸੰਗਤ ਦੀ ਸਹੂਲਤ ਲਈ ਸਹਿਯੋਗ ਕਰੇ। ਪ੍ਰੰਤੂ ਇਸ ਦੇ ਬਾਵਜੂਦ ਵੀ ਸਰਕਾਰ ਸਿੱਖ ਪੰਥ ਦੀਆਂ ਸੰਸਥਾਵਾਂ ਦੇ ਮੁਕਾਬਲੇ ਉਤੇ ਧਾਰਮਿਕ ਸਮਾਗਮ ਤੇ ਕੀਰਤਨ ਦਰਬਾਰ ਕਰਵਾਉਣ ਦੀ ਆਪਣੀ ਜ਼ਿੱਦ ਪੁਗਾ ਰਹੀ ਹੈ, ਜੋ ਪੰਥਕ

ਭਾਵਨਾਵਾਂ ਦੇ ਵਿਰੁੱਧ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੇ ਕਿਹਾ ਕਿ ਧਾਰਮਿਕ ਸਮਾਗਮ ਅਤੇ ਕੀਰਤਨ ਦਰਬਾਰ ਮਰਯਾਦਾ ਨਾਲ ਜੁੜਿਆ ਹੋਇਆ ਮਾਮਲਾ ਹੈ, ਜਿਸ ਵਿਚ ਕਿਸੇ ਵੀ ਅਵੱਗਿਆ ਬਾਅਦ ਵਿਵਾਦ ਬਣਦੇ ਹਨ। ਸਰਕਾਰ ਵੱਲੋਂ ਪਹਿਲਾਂ ਵੀ ਸ੍ਰੀ ਨਗਰ ਦੇ ਇਕ ਸਮਾਗਮ 'ਚ ਮਰਿਆਦਾ ਦੀ ਹੋਈ ਭਾਰੀ ਉਲੰਘਣਾ ਬਾਅਦ ਇਹ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ’ਤੇ ਵਿਚਾਰਿਆ ਗਿਆ ਸੀ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਵੀ ਸਰਕਾਰ ਨੂੰ ਕਿਹਾ ਸੀ ਕਿ ਉਹ ਧਾਰਮਿਕ ਸਮਾਗਮਾਂ ਦੀ ਥਾਂ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਵੱਲ ਧਿਆਨ ਦੇਵੇ ਅਤੇ ਸਮਾਗਮਾਂ ਦੀ ਜ਼ਿੰਮੇਵਾਰੀ ਸਿੱਖ ਸੰਸਥਾਵਾਂ ਨਿਭਾਉਣ।

ਉਨ੍ਹਾਂ ਆਖਿਆ ਕਿ ਹੁਣ ਸਰਕਾਰ ਜਾਣ ਬੁਝ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਦਨਾਮ ਕਰਨ ਦੀ ਮਨਸ਼ਾ ਨਾਲ ਧਾਰਮਿਕ ਸਮਾਗਮਾਂ ਵਿਚ ਦਖਲਅੰਦਾਜ਼ੀ ਕਰ ਰਹੀ ਹੈ, ਜਿਸ ਤੋਂ ਉਸ ਨੂੰ ਬਚਣਾ ਚਾਹੀਦਾ ਹੈ। ਸਕੱਤਰ ਸ. ਪ੍ਰਤਾਪ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬਾਨ ਅੰਦਰ ਸਮਾਗਮਾਂ ਦੀ ਇਜਾਜ਼ਤ ਦੇਣ ਮੌਕੇ ਪੰਥਕ ਭਾਵਨਾਵਾਂ ਨੂੰ ਮੱਦੇਨਜ਼ਰ ਰੱਖਦੀ ਹੈ ਅਤੇ ਉਹ ਧਾਰਮਿਕ ਤੇ ਪੰਥਕ ਸੰਸਥਾਵਾਂ ਤੇ ਜਥੇਬੰਦੀਆਂ ਤੋਂ ਬਿਨਾਂ ਕਿਸੇ ਹੋਰ ਨੂੰ ਅਜਿਹੀ ਆਗਿਆ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਡੇ ਪੱਧਰ ’ਤੇ ਸ਼ਤਾਬਦੀ ਦੇ ਸਮਾਗਮ ਰੱਖੇ ਹੋਏ ਹਨ ਜਿਨ੍ਹਾਂ ਵਿਚ ਹਰ ਇੱਕ ਨੂੰ ਸੱਦਾ ਹੈ ਅਤੇ ਸਰਕਾਰ ਵੀ ਇਨ੍ਹਾਂ ਸਮਾਗਮਾਂ ਵਿਚ ਸ਼ਾਮਿਲ ਹੋਵੇ, ਪਰ ਸਿਆਸਤ ਨਾ ਕਰੇ। ਉਨ੍ਹਾਂ ਕਿਹਾ ਕਿ ਹੁਣ ਵੀ ਦੋ ਦਿਨਾਂ ਗੁਰਮਤਿ ਸਮਾਗਮ ਨੌਵੇਂ ਪਾਤਸ਼ਾਹ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਜਾਰੀ ਹਨ ਜਿੱਥੇ ਸੰਗਤਾਂ ਵੱਡੀ ਗਿਣਤੀ ਵਿਚ ਨਤਮਸਤਕ ਹੋ ਰਹੀਆਂ ਹਨ। ਸਰਕਾਰ ਨੂੰ ਕਿਸੇ ਵੀ ਸ਼ਤਾਬਦੀ ਸਮਾਗਮ ਵਿਚ ਸ਼ਾਮਲ ਹੋਣ ਤੋਂ ਰੋਕਿਆ ਨਹੀਂ ਹੈ, ਸਗੋਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਥ ਦੀਆਂ ਸੰਸਥਾਵਾਂ ਦੇ ਸਮਾਗਮਾਂ ਵਿਚ ਆ ਕੇ ਬੈਠੇ।

## ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਸਮੇਂ ਸਕੂਲਾਂ ਦੇ ਬੱਚਿਆਂ ਨੇ ਭਰੀ ਹਾਜ਼ਰੀ

ਸ੍ਰੀ ਅੰਮ੍ਰਿਤਸਰ, ੮ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦-ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਕਾਰਜਸ਼ੀਲ ਵੱਖ-ਵੱਖ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਗੁਰਮਤਿ

ਸੰਗੀਤ, ਢਾਡੀ, ਕਵੀਸ਼ਰੀ, ਕਵਿਤਾ ਤੇ ਭਾਸ਼ਣ ਰਾਹੀਂ ਹਾਜ਼ਰੀ ਭਰਦਿਆਂ ਗੁਰੂ ਸਾਹਿਬ ਦੀ ਸਿਫਤ ਸਾਲਾਹ ਕੀਤੀ ਗਈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੀ ਅਗਵਾਈ ਹੇਠ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀ ਪ੍ਰਦਰਸ਼ਨੀ ਵੀ ਲਗਾਈ ਗਈ ਜੋ ਸੰਗਤਾਂ ਲਈ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਵੱਲੋਂ ਵੀ ਚਿੱਤਰ ਪ੍ਰਦਰਸ਼ਨੀ ਤੇ ਧਾਰਮਿਕ ਪੁਸਤਕਾਂ ਦੇ ਸਟਾਲ ਲਗਾਏ ਗਏ ਸਨ। ਸਮਾਗਮ ਸਮੇਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੀਬੀ ਦਵਿੰਦਰ ਕੌਰ ਕਾਲਰਾ ਨੇ ਵੀ ਬੱਚਿਆਂ ਨਾਲ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ। ਇਸ ਦੌਰਾਨ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਬਲਜੀਤ ਸਿੰਘ ਜਲਾਲਉਸਮਾ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦਾ ਮਕਸਦ ਇਸ ਇਤਿਹਾਸਿਕ ਮੌਕੇ 'ਤੇ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਨੂੰ ਘਰ-ਘਰ ਤਕ ਪਹੁੰਚਾਉਣਾ ਹੈ। ਇਸੇ ਲੜ੍ਹੀ ਤਹਿਤ ਨੌਵੇਂ ਪਾਤਸ਼ਾਹ ਜੀ ਨਾਲ ਸੰਬੰਧਿਤ ਪਾਵਨ ਅਸਥਾਨ 'ਤੇ ਦੋ-ਦਿਨਾਂ ਸਮਾਗਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ੯ ਨਵੰਬਰ ਨੂੰ ਸ਼ਤਾਬਦੀ ਨੂੰ ਸਮਰਪਿਤ ਬਾਬਾ ਬਕਾਲਾ ਸਾਹਿਬ ਵਿਖੇ ਮੁੱਖ ਸਮਾਗਮ ਹੋਵੇਗਾ, ਜਿਸ ਵਿਚ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸਿੰਘ ਸਾਹਿਬਾਨ ਤੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰੀ ਭਰਨਗੀਆਂ, ਉੱਥੇ ਪੰਥ ਪ੍ਰਸਿੱਧ ਰਾਗੀ, ਢਾਡੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰਬਾਣੀ ਗੁਰ ਇਤਿਹਾਸ ਨਾਲ ਜੋੜਨਗੇ। ਉਨ੍ਹਾਂ ਸੰਗਤਾਂ ਨੂੰ ਸ਼ਤਾਬਦੀ ਨੂੰ ਸਮਰਪਿਤ ਹੋ ਰਹੇ ਗੁਰਮਤਿ ਸਮਾਗਮ ਸਮੇਂ ਪਰਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੈਂਬਰ ਸ. ਬਲਜੀਤ ਸਿੰਘ ਜਲਾਲਉਸਮਾ, ਸ. ਅਮਰਜੀਤ ਸਿੰਘ ਬੰਡਾਲਾ, ਭਾਈ ਅਜੈਬ ਸਿੰਘ ਅਭਿਆਸੀ, ਬੀਬੀ ਦਵਿੰਦਰ ਕੌਰ ਕਾਲਰਾ, ਸ. ਗੁਰਦਿਆਲ ਸਿੰਘ ਕਾਲਰਾ, ਡਿਪਟੀ ਡਾਇਰੈਕਟਰ ਬੀਬੀ ਸਤਵੰਤ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਪੰਜਾਬ ਸਰਕਾਰ ਵੱਲੋਂ ਭਾਈ ਜੈਤਾ ਜੀ ਦੀ ਯਾਦਗਾਰ 'ਚ ਸਿਧਾਂਤ ਵਿਰੋਧੀ ਕਾਰਵਾਈ 'ਤੇ ਚੁੱਕੇ ਸਵਾਲ

ਸ੍ਰੀ ਅੰਮ੍ਰਿਤਸਰ, ੧੧ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ

ਸਾਹਿਬ ਵਿਖੇ ਸਥਾਪਿਤ ਕੀਤੀ ਗਈ ਭਾਈ ਜੈਤਾ ਜੀ ਦੀ ਯਾਦਗਾਰ ਵਿਚ ਲਗਾਈ ਗਈ ਤਸਵੀਰ ਨੂੰ ਲੈ ਕੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਯਾਦਗਾਰ ਵਿਚ ਲਗਾਈ ਤਸਵੀਰ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾਉਂਦੇ ਸਮੇਂ ਪੈਰਾਂ ਵਿਚ ਜੋੜਾ (ਜੁੱਤਾ) ਦਿਖਾਉਣਾ ਸਿੱਖ ਸਿਧਾਂਤਾਂ, ਮਰਯਾਦਾ ਅਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਯਾਦਗਾਰ, ਜਿਸ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤਾ ਗਿਆ ਹੈ, ਸੰਗਤ ਨੂੰ ਸੇਧ ਦੇਣ ਦੀ ਥਾਂ ਠੇਸ ਪਹੁੰਚਾਏਗੀ।

ਉਨ੍ਹਾਂ ਕਿਹਾ ਕਿ ਸਿੱਖੀ ਅਨੁਸਾਰ, ਅੰਮ੍ਰਿਤ ਸੰਸਕਾਰ ਇਕ ਪਵਿੱਤਰ ਤੇ ਮਰਯਾਦਿਤ ਸੰਸਕਾਰ ਹੈ, ਜਿਸ ਵਿਚ ਆਦਰ ਤੇ ਸਤਿਕਾਰ ਦਾ ਹੋਣਾ ਲਾਜ਼ਮੀ ਹੈ, ਪਰ ਸਰਕਾਰ ਨੇ ਤਸਵੀਰ ਰਾਹੀਂ ਇਸ ਪਵਿੱਤਰ ਪ੍ਰਕਿਰਿਆ ਨੂੰ ਵਿਗਾੜਨ ਦੀ ਹਰਕਤ ਕਰ ਕੇ ਸਿਧਾਂਤਕ ਉਲੰਘਣਾ ਕੀਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਸਰਕਾਰ ਦੀ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜ਼ੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਪਹਿਲਾਂ ਵੀ ਸਰਕਾਰ ਨੇ ਸ੍ਰੀ ਨਗਰ ਵਿਚ ਕੀਤੇ ਧਾਰਮਿਕ ਸਮਾਗਮ ਦੌਰਾਨ ਮਰਯਾਦਾ ਦੀ ਉਲੰਘਣਾ ਕੀਤੀ ਸੀ, ਅਤੇ ਹੁਣ ਭਾਈ ਜੈਤਾ ਜੀ ਦੀ ਸਥਾਪਿਤ ਕੀਤੀ ਯਾਦਗਾਰ ਵਿਚ ਸਿਧਾਂਤ ਵਿਰੁੱਧ ਤਸਵੀਰ ਲਗਾ ਕੇ ਦੁਬਾਰਾ ਅਜਿਹਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਸਰਕਾਰ ਧਾਰਮਿਕ ਤੇ ਇਤਿਹਾਸਿਕ ਮਾਮਲਿਆਂ ਦੀ ਸਮਝ ਨਾ ਰੱਖਣ ਵਾਲੇ ਅਧਿਕਾਰੀਆਂ ਤੋਂ ਕੰਮ ਲੈ ਰਹੀ ਹੈ, ਜਿਸ ਕਰਕੇ ਅਜਿਹੇ ਗੰਭੀਰ ਸਿਧਾਂਤਕ ਉਲੰਘਣ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਇਕ ਮਰਯਾਦਿਤ ਜੀਵਨ-ਜਾਚ ਦਾ ਨਾਮ ਹੈ ਅਤੇ ਇਸ ਦੀ ਵਿਲੱਖਣਤਾ ਇਸ ਦੀਆਂ ਮੌਲਿਕ ਕਦਰਾਂ ਤੇ ਆਦਰਸ਼ਾਂ ਵਿਚ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ੁਰੂ ਤੋਂ ਹੀ ਇਹ ਆਖ ਰਹੀ ਹੈ ਕਿ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਨਾਲ ਜੁੜੇ ਵਿਕਾਸ ਕਾਰਜਾਂ 'ਤੇ ਧਿਆਨ ਦੇਵੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਯੋਜਿਤ ਧਾਰਮਿਕ ਸਮਾਗਮਾਂ ਵਿਚ ਸਹਿਯੋਗ ਕਰੇ। ਪਰ ਸਰਕਾਰ ਨੂੰ ਤਾਂ ਸਿਆਸਤ ਬਿਨਾਂ ਕੁਝ ਹੋਰ ਦਿਸ ਹੀ ਨਹੀਂ ਰਿਹਾ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਤੁਰੰਤ ਇਸ ਤਸਵੀਰ ਨੂੰ ਮੈਮੋਰੀਅਲ ਤੋਂ ਹਟਾਏ ਅਤੇ ਕੌਮ ਪਾਸੋਂ ਮੁਆਫ਼ੀ ਮੰਗੇ। ਜੇਕਰ ਸਰਕਾਰ ਨੇ ਇਸ ਗੰਭੀਰ ਮਾਮਲੇ ਨੂੰ ਹਲਕਾ ਲਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਉਤੇ ਆਪਣੇ ਪੱਧਰ 'ਤੇ ਕਾਰਵਾਈ ਕਰਨ ਲਈ ਮਜਬੂਰ ਹੋਵੇਗੀ।



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਚੋਲ਼ਾ,
ਜੋ ਬਨਾਰਸ (ਯੂ.ਪੀ.) ਵਿਖੇ ਸੰਭਾਲਿਆ ਹੋਇਆ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
ਇਸ਼ਨਾਨ ਕਰਨ ਵਾਲੀ ਚੌਂਕੀ।
ਇਹ ਗੁਰਦੁਆਰਾ ਚਾਚਾ ਫੱਗੂ ਮੱਲ,
ਸਾਸਾਰਾਮ (ਬਿਹਾਰ) ਵਿਖੇ ਸੰਭਾਲੀ ਹੋਈ ਹੈ।





ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਸ਼ਸਤਰ

Press Registrar General of India at No.654

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027


# GURMAT PARKASH


Decen[redacted]25

Dharam Parchar Committee, Shiromani Gurdwara Parbandhak Committee, Sri Amritsar Sahib















Owner : Shiromani Gurdwara Parbandhak Committee. Publisher : S. Balwinder Singh, Printer : S. Partap Singh, Printed at Golden Offset Press, Gurdwara Sri Ramsar Sahib, Sri Amritsar Sahib. Published from : SGPC Office, Teja Singh Samundri Hall, Sri Amritsar Sahib. Editor : Satwinder Singh. Date: 2-12-2025